**Restaurant Supply (Wholesaler)**
ਉੱਚ ਕੁਆਲਿਟੀ ਦੇ ਭਾਂਡਿਆਂ, ਪਤੀਲੇ, ਕੁੱਕਵੇਅਰ, ਸਰਵਵੇਅਰ, ਕਮਰਸ਼ੀਅਲ ਜੂਸਰ, ਐਸਪਰੈਸੋ ਮਸ਼ੀਨਾਂ ਅਤੇ ਰੈਸਟੋਰੈਂਟ ਸਪਲਾਈ ਲਈ ਹਰ ਤਰ੍ਹਾਂ ਦੇ ਸਾਮਾਨ ਲਈ ਸਾਡੇ ਨਾਲ ਸੰਪਰਕ ਕਰੋ:
Prag International
Ravi Kapoor (CEO)
1125 Howard Street. Elk Grove Village. IL 60007
Ph: 847-979-5970. 847-979-5990.
847-228-0150, pragint@aol.com

Regal Jewels
773-262-4377 www.RegalJewels.c
BUY SILVER, GET A VOUCHER!
22KT 24KT
773-262-4377 2625 W. Devon Ave. Chicago, IL 60659 773-517-0574

Mortgage Loans
Residential & Commercial Mortgages
Licensed Mortgage Loan Originator (NMLS #232904)
Contact Amrik Singh Today!
Proudly Serving the Community for Over 14 Years
312-608-0006
Call Today for a Free Mortgage Consultation!
asingh@gosfmc.com www.gosfmc.com
2700 Patriot Blvd., Suite 110 Glenview IL 60026
NMLS ID #232904

Twenty-Sixth Year of Publication ਮਿਡਵੈਸਟ ਐਡੀਸ਼ਨ Price 50¢
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 27, Issue 30; July 25, 2026 20451 N. Plum Grove Rd., Palatine, IL 60074 Ph:847-359-0746, Fax:847-705-9388

## ਪ੍ਰਧਾਨ ਮੰਤਰੀ ਨਿਵਾਸ ਦੇ ਬਾਹਰ ਧਰਨਾ ਦਿੰਦੇ ਰਾਹੁਲ, ਪ੍ਰਿਯੰਕਾ ਅਤੇ ਅਖਿਲੇਸ਼ ਸਮੇਤ ਕਈ ਆਗੂ ਗ੍ਰਿਫਤਾਰ



**ਨਵੀਂ ਦਿੱਲੀ:** ਦਿੱਲੀ ਪੁਲਸ ਨੇ ਮੰਗਲਵਾਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਿਵਾਸ ਸਥਾਨ ਬਾਹਰ ਧਰਨਾ ਦੇ ਰਹੇ ਕਾਂਗਰਸੀ ਆਗੂ ਰਾਹੁਲ ਗਾਂਧੀ, ਪ੍ਰਿਯੰਕਾ ਗਾਂਧੀ ਅਤੇ ਸਮਾਜਵਾਦੀ ਪਾਰਟੀ ਦੇ ਪ੍ਰਧਾਨ ਅਖਿਲੇਸ਼ ਯਾਦਵ ਨੂੰ ਧੱਕੇ ਨਾਲ ਹਟਾ ਕੇ ਹਿਰਾਸਤ ਵਿੱਚ ਲੈ ਲਿਆ।

ਰਾਹੁਲ ਗਾਂਧੀ ਨੇ ਇੱਕ ਦਿਨ ਪਹਿਲਾਂ ਵਿਰੋਧ ਪ੍ਰਦਰਸ਼ਨ ਕਰ ਰਹੇ ਵਿਦਿਆਰਥੀਆਂ ‘ਤੇ ਪੁਲੀਸ ਕਾਰਵਾਈ ਖਿਲਾਫ਼ ਕਰਨਾਟਕ ਅਤੇ ਕੇਰਲ ਦੇ ਮੁੱਖ ਮੰਤਰੀਆਂ ਸਮੇਤ ਹੋਰ ਕਾਂਗਰਸੀ ਨੇਤਾਵਾਂ ਨਾਲ ਮਿਲ ਕੇ ਦੁਪਹਿਰ ਵੇਲੇ ਧਰਨਾ ਸ਼ੁਰੂ ਕੀਤਾ ਸੀ।

ਜਿਵੇਂ ਹੀ ਪੁਲੀਸ ਨੇ ਧਰਨੇ ਵਾਲੀ ਥਾਂ ‘ਤੇ ਕਾਰਵਾਈ ਸ਼ੁਰੂ ਕੀਤੀ, ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਜ਼ਮੀਨ ‘ਤੇ ਲੇਟ ਗਏ ਅਤੇ ਸੁਰੱਖਿਆ ਕਰਮਚਾਰੀਆਂ ਵੱਲੋਂ ਚੁੱਕੇ ਜਾਣ ਦਾ ਵਿਰੋਧ ਕਰਦੇ ਨਜ਼ਰ ਆਏ । ਇਸ ਦੌਰਾਨ ਧੱਕਾਮੁੱਕੀ ਵੀ ਹੋਈ ।

ਗ੍ਰਿਫਤਾਰ ਹੋਣ ਵਾਲੇ ਹੋਰ ਆਗੂਆਂ ਵਿਚ ਮੱਲਿਕਾਰਜੁਨ ਖੜਗੇ, ਚਰਨਜੀਤ ਚੰਨੀ,ਰਾਜਾ ਵੜਿੰਗ,ਸੁਖਜਿੰਦਰ ਸਿੰਘ ਰੰਧਾਵਾ,ਜੈਰਾਮ ਰਮੇਸ਼ ਆਦਿ ਵੀ ਸ਼ਾਮਿਲ ਹਨ।





ਰਾਹੁਲ ਗਾਂਧੀ ਦੇ ਇਕ ਸਮਰਥਕ ਨੇ ਦੱਸਿਆ ਕਿ ਇਸ ਦੌਰਾਨ ਰਾਹੁਲ ਗਾਂਧੀ ਦੀ ਅੱਖ ਦੇ ਹੇਠਾਂ ਸੱਟ ਲੱਗੀ ਹੈ। ਇਸ ਦੌਰਾਨ ਉਦੋਂ ਕਾਫੀ ਰੌਲਾ ਰੱਪਾ ਦੇਖਣ ਨੂੰ ਮਿਲਿਆ, ਜਦੋਂ ਪ੍ਰਿਯੰਕਾ ਗਾਂਧੀ ਪੁਲੀਸ ਬੱਸ ਚੱਲਣ ਤੋਂ ਬਾਅਦ ਵੀ ਉਸ ਦੇ ਦਰਵਾਜ਼ੇ ਨਾਲ ਲਟਕ ਕੇ ਵਿਰੋਧ ਜਤਾਉਂਦੀ ਰਹੀ।

### ਨੀਟ ਮਾਮਲੇ ’ਤੇ ਸਿੱਖਿਆ ਮੰਤਰੀ ਦੇ ਅਸਤੀਫ਼ੇ ਦੀ ਮੰਗ

ਕਾਂਗਰਸ ਪਾਰਟੀ ਕੇਂਦਰੀ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਦੇ ਅਸਤੀਫ਼ੇ ਅਤੇ ਸੰਸਦ ਵਿੱਚ ‘ਨੀਟ’ ਮੁੱਦੇ ‘ਤੇ ਤੁਰੰਤ ਬਹਿਸ ਕਰਵਾਉਣ ਦੀ

(ਬਾਕੀ ਸਫ਼ਾ 4 ’ਤੇ)

## ਐੱਸ.ਆਈ.ਟੀ. ਨੇ ਸੁਖਬੀਰ ਬਾਦਲ ਤੋਂ ਤਿੰਨ ਘੰਟੇ ਤੱਕ ਕੀਤੀ ਪੁੱਛਗਿੱਛ

**ਚੰਡੀਗੜ੍ਹ:** ਸਾਲ 2015 ਦੇ ਬਰਗਾੜੀ ਬੇਅਦਬੀ ਮਾਮਲੇ ਨਾਲ ਜੁੜੇ ਬਹਿਬਲ ਕਲਾਂ ਗੋਲੀ ਕਾਂਡ ਮਾਮਲੇ ‘ਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਤੱਤਕਾਲੀ ਉੱਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਸੋਮਵਾਰ ਨੂੰ ਵਿਸ਼ੇਸ਼ ਜਾਂਚ ਟੀਮ (ਐੱਸਆਈਟੀ) ਸਾਹਮਣੇ ਪੇਸ਼ ਹੋਏ। ਸੁਖਬੀਰ ਦੁਪਹਿਰ ਕਰੀਬ 12 ਵਜੇ ਚੰਡੀਗੜ੍ਹ ਦੇ ਸੈਕਟਰ 32 ਸਥਿਤ ਐੱਸਆਈਟੀ ਦਫ਼ਤਰ ਪੁੱਜੇ, ਜਿੱਥੇ ਉਨ੍ਹਾਂ ਤੋਂ ਤਿੰਨ ਘੰਟੇ ਤੱਕ ਪੁੱਛਗਿੱਛ ਕੀਤੀ ਗਈ। ਹਾਲਾਂਕਿ ਜਾਂਚ ਅਧਿਕਾਰੀਆਂ ਨੇ ਸੁਖਬੀਰ ਤੋਂ ਕਿਹੜੇ ਸਵਾਲ ਪੁੱਛੇ, ਇਸਦੇ ਵੇਰਵੇ ਪ੍ਰਾਪਤ ਨਹੀ ਹੋ ਸਕੇ, ਪਰ ਸੁਖਬੀਰ ਬਾਦਲ ਦਾ ਕਹਿਣਾ ਹੈ ਕਿ ਉਨ੍ਹਾਂ ਤੋ ਉਹੀ ਸਵਾਲ ਵਾਰ-ਵਾਰ ਪੁੱਛੇ ਜਾ ਰਹੇ ਹਨ, ਜਿਨ੍ਹਾਂ ਦਾ ਉਹ ਜਵਾਬ ਪਹਿਲਾਂ ਹੀ ਦੇ ਚੁੱਕੇ ਹਨ।



ਓਧਰ ਸੁਖਬੀਰ ਦੀ ਪੇਸ਼ੀ ਦੇ ਮੱਦੇਨਜ਼ਰ ਵੱਡੀ ਗਿਣਤੀ ‘ਚ ਅਕਾਲੀ ਵਰਕਰ ਤੇ ਆਗੂ ਵੀ ਚੰਡੀਗੜ੍ਹ ਪੁੱਜੇ ਹੋਏ ਸਨ। ਪੁਲਿਸ ਨੇ ਵੀ ਕਿਸੇ ਤਰ੍ਹਾਂ ਦੀ ਅਣਸੁਖਾਵੀਂ ਘਟਨਾ ਤੋਂ ਬਚਣ ਲਈ ਸਖ਼ਤ ਸੁਰਖਿਆ ਪ੍ਰਬੰਧ ਕੀਤੇ ਹੋਏ ਸਨ। ਚੰਡੀਗੜ੍ਹ ਪੁਲਿਸ ਨੇ ਇਲਾਕੇ ‘ਚ ਵਾਧੂ ਪੁਲਿਸ ਬਲ ਤਾਇਨਾਤ ਕੀਤੇ ਸਨ। ਕਈ ਥਾਵਾਂ ‘ਤੇ ਬੈਰੀਕੇਡ ਵੀ ਲਗਾਏ ਸਨ। ਫ਼ਰੀਦਕੋਟ ਜ਼ਿਲ੍ਹੇ ਦੇ ਬਰਗਾੜੀ ‘ਚ ਅਕਤੂਬਰ 2015 ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ ਮਾਮਲਾ ਸਾਹਮਣੇ ਆਇਆ ਸੀ।

ਇਸ ਦੇ ਵਿਰੋਧ ‘ਚ ਪੰਜਾਬ ਭਰ ‘ਚ ਵਿਰੋਧ ਮੁਜ਼ਾਹਰੇ ਹੋਏ। ਇਸ ਦੌਰਾਨ 14 ਅਕਤੂਬਰ 2015 ਨੂੰ ਪੁਲਿਸ ਨੇ ਬਹਿਬਲ ਕਲਾਂ ‘ਚ ਸਿੱਖ

(ਬਾਕੀ ਸਫ਼ਾ 4 ’ਤੇ)

**India Palace Restaurant**
And Banquet Hall
Best Price Wholesale
Ph: 630-400-0996
Lakhvir S. Johal
Ph: 317-709-7800
Restaurant-Fine Indian Cuisine
(Ph: 317-298-0773)
Banquet Hall Available Up to 550 People
Amber Carmel Ph: 317-580-0828
Amber Indianapolis Ph: 317-578-4400
Royal, Indianapolis, 317-893-2633
Desi Bazar Grocery Store Restaurant, Ph: 317-888-2040
Desi Bazar Indianapolis, Ph: 317-709-7800

**Singh Auto Group**
3983 ST RD 38E
Lafayette, IN 47905
Ph: 765-607-1300
www.singhautosgroup.com
University Motors
3312 Klondike Rd, West Lafayette, IN 47906
Ph: 765-497-1100
www.universitymotors1.com
Serving Indian American community over 30 years in Midwest for their auto needs.
ਕੋਈ ਵੀ ਗੱਡੀ ਖਰੀਦਣ ਜਾਂ ਵੇਚਣ ਲਈ ਕਾਲ ਕਰੋ:
Jaspal S. Ghotra: 765-337-5151

**Bhaura Transport LLC**
Noblesville, IN
ਡਰਾਈਵਰਾਂ ਦੀ ਲੋੜ ਹੈ
*ਵੈਲਿਡ ਸੀ ਡੀ ਐਲ ਏ ਲਾਈਸੈਂਸ
*ਘੱਟੋ ਘੱਟ 2 ਸਾਲ ਦਾ ਤਜਰਬਾ
*ਖਾਲੀ ਅਤੇ ਲੋਡ ਸਮੇਤ ਮੀਲ .60 ਸੈਂਟ
*ਸਾਈਨ ਔਨ ਬੋਨਸ
*ਹਰ ਵੀਕਐਂਡ ’ਤੇ ਪੱਕਾ ਘਰ
*ਡਾਇਰੈਕਟ ਡਿਪਾਜ਼ਿਟ ਵੀ ਹੋ ਸਕਦਾ ਹੈ
*ਹਫਤਾਵਾਰ ਮੀਲ 3000 ਤੋਂ 4000
*ਪ੍ਰੀ-ਪਾਸ, ਈ ਜ਼ੀ ਪਾਸ ਅਤੇ ਫਿਊਲ ਕਾਰਡ ਦਿੱਤਾ ਜਾਵੇਗਾ
*ਇੰਡੀਆਨਾ, ਨਿਊ ਜਰਸੀ, ਨਿਊ ਯਾਰਕ ਅਤੇ ਪੈਨਸਿਲਵੇਨੀਆ ਦੇ ਪੱਕੇ ਲੋਡ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਅਵਤਾਰ ਸਿੰਘ
ਫੋਨ: 317-403-0493

**DHILLON**
IMMIGRATION LAW FIRM, PC
101 Avenue of the Americas, 9th Floor, New York, NY 10013
Amandeep Singh Dhillon
Immigration Attorney
Asylum • Deportation Defense • VAWA Cases
Detention Cases • Green Cards
Citizenship & Naturalization
Family Immigration • Employment Immigration
Call: (516) 253-5490 | (516) 440-4570
Serving Clients Nationwide
Email: info@dhillonimmigrationlawfirm.com
www.dhillonimmigrationlawfirm.com




# ਦੱਖਣੀ ਏਸ਼ਿਆਈ ਲੋਕਾਂ ਨੂੰ ਟਾਈਪ 2 ਡਾਇਬਟੀਜ਼ ਦਾ ਕਿਉਂ ਜ਼ਿਆਦਾ ਖ਼ਤਰਾ ਹੈ ਅਤੇ ਤੁਸੀਂ ਇਸ ਬਾਰੇ ਕੀ ਕਰ ਸਕਦੇ ਹੋ?

ਦੱਖਣੀ ਏਸ਼ਿਆਈ ਭਾਈਚਾਰਿਆਂ ਜਿਵੇਂ ਕਿ ਭਾਰਤੀ, ਪਾਕਿਸਤਾਨੀ, ਬੰਗਲਾਦੇਸ਼ੀ, ਨੇਪਾਲੀ ਅਤੇ ਸ੍ਰੀਲੰਕਾ ਵਿਚ ਟਾਈਪ 2 ਡਾਇਬਟੀਜ਼ ਮਲਾਈਟਸ (T2DM) ਦੀ ਵਧਦੀ ਸਮੱਸਿਆ, ਚਿੰਤਾ ਦਾ ਵਿਸ਼ਾ ਹੈ। ਖੋਜ ਦਰਸਾਉਂਦੀ ਹੈ ਕਿ ਦੱਖਣੀ ਏਸ਼ਿਆਈ ਲੋਕਾਂ ਵਿਚ ਛੋਟੀ ਉਮਰ ਵਿਚ, ਸਰੀਰ ਦਾ ਭਾਰ ਘੱਟ ਹੋਣ ਕਾਰਣ ਦੂਜੇ ਬਹੁਤ ਸਾਰੇ ਸਮੂਹਾਂ ਨਾਲੋਂ T2DM ਵਿਕਸਤ ਹੋਣ ਦੀ ਸੰਭਾਵਨਾ ਜ਼ਿਆਦਾ ਹੁੰਦੀ ਹੈ, ਅਤੇ ਉਨ੍ਹਾਂ ਨੂੰ ਇਸ ਦਾ ਪਤਾ ਨਹੀਂ ਲੱਗਦਾ (ਸ਼ੂਗਰ ਵਾਲੇ 46% ਏਸ਼ਿਆਈ ਲੋਕ ਇਸ ਤੋਂ ਅਣਜਾਣ ਹਨ)। T2DM ਉਦੋਂ ਹੁੰਦਾ ਹੈ ਜਦੋਂ ਸਰੀਰ ਨੂੰ ਇਨਸੁਲਿਨ ਦੀ ਵਰਤੋਂ ਕਰਨ ਵਿਚ ਮੁਸ਼ਕਲ ਆਉਂਦੀ ਹੈ, ਜੋ ਕਿ ਇੱਕ ਕੁਦਰਤੀ ਰਸਾਇਣ ਹੈ, ਜੋ ਊਰਜਾ ਲਈ ਖੰਡ ਨੂੰ ਖ਼ੂਨ ਤੋਂ ਸਰੀਰ ਦੇ ਸੈੱਲਾਂ ਵਿਚ ਲੈ ਜਾਂਦਾ ਹੈ। ਨਤੀਜੇ ਵਜੋਂ, ਬਹੁਤ ਜ਼ਿਆਦਾ ਖੰਡ ਖ਼ੂਨ ਵਿਚ ਰਹਿੰਦੀ ਹੈ।

ਅਕਸਰ ਦੱਖਣੀ ਏਸ਼ਿਆਈ ਪਰਿਵਾਰਾਂ ਵਿਚ ਸ਼ੂਗਰ ਵੇਖਣ ਨੂੰ ਮਿਲਦਾ ਹੈ। ਜੇਕਰ ਤੁਹਾਡੇ ਮਾਪਿਆਂ, ਭੈਣ-ਭਰਾਵਾਂ, ਜਾਂ ਨਜ਼ਦੀਕੀ ਰਿਸ਼ਤੇਦਾਰਾਂ ਨੂੰ ਸ਼ੂਗਰ ਹੈ, ਤਾਂ ਤੁਹਾਡੇ ਲਈ ਵੀ ਵੱਧ ਖ਼ਤਰਾ ਹੁੰਦਾ ਹੈ। ਦੱਖਣੀ ਏਸ਼ਿਆਈ ਲੋਕਾਂ ਨੂੰ ਸ਼ੂਗਰ ਹੋ ਸਕਦੀ ਹੈ ਭਾਵੇਂ ਉਹ ਪਤਲੇ ਦਿਖਾਈ ਦਿੰਦੇ ਹਨ ਜਾਂ ਆਮ ਭਾਰ ਰੱਖਦੇ ਹਨ ਕਿਉਂਕਿ ਇਹ ਲੋਕ ਆਪਣੇ ਅੰਦਰੂਨੀ ਅੰਗਾਂ ਦੇ ਆਲੇ-ਦੁਆਲੇ ਵਧੇਰੇ ਚਰਬੀ ਜਮ੍ਹਾਂ ਕਰਦੇ ਰਹਿੰਦੇ ਹਨ। ਇਹ ਚਰਬੀ ਸਰੀਰ ਵਿਚ ਇਨਸੁਲਿਨ ਦਾ ਕੰਮ ਕਰਨਾ ਔਖਾ ਬਣਾਉਂਦੀ ਹੈ ਅਤੇ ਸਮੇਂ ਦੇ ਨਾਲ ਸ਼ੂਗਰ ਦਾ ਕਾਰਨ ਬਣ ਸਕਦੀ ਹੈ। ਠ2ਧੰ ਵਿਕਸਤ ਹੋਣ ਤੋਂ ਪਹਿਲਾਂ, ਲੋਕਾਂ ਨੂੰ ਹਮੇਸ਼ਾ ਲਗਭਗ ਪ੍ਰੀ-ਡਾਇਬੀਟੀਜ਼ ਹੁੰਦਾ ਹੈ। ਇਸ ਦਾ ਮਤਲਬ ਹੈ ਕਿ ਬਲੱਡ ਸ਼ੂਗਰ ਦਾ ਪੱਧਰ ਆਮ ਨਾਲੋਂ ਵੱਧ ਹੁੰਦਾ ਹੈ, ਪਰ ਅਜੇ ਤੱਕ ਇੰਨਾ ਉੱਚਾ ਨਹੀਂ ਹੁੰਦਾ ਕਿ ਸ਼ੂਗਰ ਦਾ ਪਤਾ ਲਗਾਇਆ ਜਾ ਸਕੇ। ਪ੍ਰੀ-ਡਾਇਬੀਟੀਜ਼ ਵਾਲੇ ਜ਼ਿਆਦਾਤਰ ਲੋਕਾਂ ਵਿਚ ਕੋਈ ਲੱਛਣ ਨਹੀਂ ਹੁੰਦੇ।

### ਖੁਸ਼ਖਬਰੀ !

ਜੇਕਰ ਪ੍ਰੀ-ਡਾਇਬੀਟੀਜ਼ ਦਾ ਪਤਾ ਲੱਗ ਜਾਵੇ ਅਤੇ ਜੀਵਨਸ਼ੈਲੀ ਵਿਚ ਬਦਲਾਅ ਜਾਂ ਦਵਾਈ ਦੁਆਰਾ ਜਲਦੀ ਇਲਾਜ ਕੀਤਾ ਜਾਵੇ, ਤਾਂ ਤੁਸੀਂ T2DM ਦੇ ਵਿਕਾਸ ਨੂੰ ਪੂਰੀ ਤਰ੍ਹਾਂ ਰੋਕ ਸਕਦੇ ਹੋ।

ਬਹੁਤ ਸਾਰੇ ਰਵਾਇਤੀ ਦੱਖਣੀ ਏਸ਼ਿਆਈ ਭੋਜਨਾਂ ਵਿਚ ਪੌਸ਼ਟਿਕ ਤੱਤ ਸ਼ਾਮਲ ਹੁੰਦੇ ਹਨ ਜਿਵੇਂ ਕਿ ਸਬਜ਼ੀਆਂ ਅਤੇ ਦਾਲਾਂ। ਹਾਲਾਂਕਿ, ਚਿੱਟੇ ਚੌਲ, ਨਾਨ, ਪਰਾਂਠਾ, ਤਲੇ ਹੋਏ ਭੋਜਨ, ਮਿਠਾਈਆਂ ਅਤੇ ਮਿੱਠੇ ਪੀਣ ਵਾਲੇ ਪਦਾਰਥਾਂ ਦੇ ਵੱਡੇ ਹਿੱਸੇ ਖਾਣ ਨਾਲ ਬਲੱਡ ਸ਼ੂਗਰ ਦਾ ਪੱਧਰ ਵਧਦਾ ਹੈ। ਜੀਵਨ ਵਿਚ ਛੋਟੀਆਂ ਤਬਦੀਲੀਆਂ ਮਦਦ ਕਰ ਸਕਦੀਆਂ ਹਨ। ਖਾਣੇ ਵਿਚ ਹੋਰ ਸਬਜ਼ੀਆਂ ਸ਼ਾਮਲ ਕਰਨ ਦੀ ਕੋਸ਼ਿਸ਼ ਕਰੋ, ਖਾਣਿਆਂ ਨੂੰ ਜ਼ਿਆਦਾ ਨਾ ਪਕਾਓ, ਸਾਬਤ ਅਨਾਜ ਦੀ ਚੋਣ ਕਰੋ, ਅਤੇ ਮਿੱਠੇ ਪੀਣ ਵਾਲੇ ਪਦਾਰਥ ਅਤੇ ਮਿਠਾਈਆਂ ਨੂੰ ਘਟਾਓ। ਭੂਰੇ ਚੌਲ, ਰੋਟੀ ਲਈ ਸਾਬਤ ਕਣਕ, ਟੁੱਟੀ ਕਣਕ (ਦਲੀਆ), ਕੁਇਨੋਆ, ਜੌਂ, ਅਤੇ ਬਾਜਰਾ (ਬਾਜਰਾ ਜਾਂ ਰਾਗੀ) ਵਰਗੇ ਸਾਬਤ ਅਨਾਜ ਵਧੇਰੇ ਫਾਈਬਰ ਪ੍ਰਦਾਨ ਕਰਦੇ ਹਨ ਅਤੇ ਬਲੱਡ ਸ਼ੂਗਰ ਦੇ ਪੱਧਰ ਨੂੰ ਸਥਿਰ ਰੱਖਣ ਵਿਚ ਮਦਦ ਕਰਦੇ ਹਨ।

ਸ਼ੂਗਰ ਅਕਸਰ ਹੌਲੀ-ਹੌਲੀ ਵਿਕਸਤ ਹੁੰਦੀ ਹੈ। ਸ਼ੁਰੂਆਤੀ ਲੱਛਣਾਂ ਵਿਚ ਇਹ ਸ਼ਾਮਲ ਹੋ ਸਕਦੇ ਹਨ:

- ਬਹੁਤ ਪਿਆਸ ਜਾਂ ਭੁੱਖ ਮਹਿਸੂਸ ਕਰਨਾ
- ਵਾਰ-ਵਾਰ ਪਿਸ਼ਾਬ ਕਰਨਾ
- ਥਕਾਵਟ ਮਹਿਸੂਸ ਕਰਨਾ ਜਾਂ ਘੱਟ ਊਰਜਾ ਹੋਣਾ
- ਧੁੰਦਲੀ ਨਜ਼ਰ
- ਹੌਲੀ-ਠੀਕ ਹੋਣ ਵਾਲੇ ਕੱਟ ਜਾਂ ਜ਼ਖ਼ਮ
- ਅਚਾਨਕ ਭਾਰ ਘਟਣਾ
- ਖਾਂਦੇ ਸਮੇਂ ਭਾਰੀ ਪਸੀਨਾ ਆਉਣਾ, ਭਾਵੇਂ ਭੋਜਨ ਹਲਕਾ ਹੋਵੇ

ਜੇਕਰ ਇਲਾਜ ਨਾ ਕੀਤਾ ਜਾਵੇ, ਤਾਂ ਸ਼ੂਗਰ ਨਸਾਂ ਨੂੰ ਨੁਕਸਾਨ (ਝਣਝਣ ਜਾਂ ਪੈਰ ਸੁੰਨ), ਨਜ਼ਰ ਦਾ ਨੁਕਸਾਨ ਕਰ ਸਕਦੀ ਹੈ, ਗੁਰਦੇ ਦੀ ਬਿਮਾਰੀ, ਦਿਲ ਦੀ ਬਿਮਾਰੀ ਅਤੇ ਸਟ੍ਰੋਕ ਦਾ ਕਾਰਨ ਬਣ ਸਕਦੀ ਹੈ। ਸ਼ੂਗਰ ਦਾ ਜਲਦੀ ਪਤਾ ਲਗਾਉਣਾ ਅਤੇ ਇਸਦਾ ਚੰਗੀ ਤਰ੍ਹਾਂ ਪ੍ਰਬੰਧਨ ਕਰਨਾ ਇਨ੍ਹਾਂ ਸਿਹਤ ਸਮੱਸਿਆਵਾਂ ਨੂੰ ਰੋਕਦਾ ਹੈ।

35 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਬਾਲਗਾਂ ਨੂੰ ਆਪਣੇ ਡਾਕਟਰ ਤੋਂ ਸ਼ੂਗਰ ਦੀ ਜਾਂਚ ਬਾਰੇ ਪੁੱਛਣਾ ਚਾਹੀਦਾ ਹੈ, ਖਾਸ ਕਰਕੇ ਜੇਕਰ ਉਨ੍ਹਾਂ ਦਾ ਪਰਿਵਾਰਕ ਇਤਿਹਾਸ ਸ਼ੂਗਰ, ਹਾਈ ਬਲੱਡ ਪ੍ਰੈਸ਼ਰ, ਉੱਚ ਕੋਲੇਸਟ੍ਰੋਲ, ਜਾਂ ਗਰਭ ਅਵਸਥਾ ਦੌਰਾਨ ਸ਼ੂਗਰ ਦਾ ਇਤਿਹਾਸ ਹੈ। ਸ਼ੂਗਰ ਦਾ ਪਤਾ ਸਧਾਰਨ ਖ਼ੂਨ ਦੇ ਟੈਸਟਾਂ ਜਿਵੇਂ ਕਿ ੳ1ਛ ਟੈਸਟ ਜਾਂ ਵਰਤ ਰੱਖਣ ਵਾਲੇ ਬਲੱਡ ਸ਼ੂਗਰ ਟੈਸਟ ਰਾਹੀਂ ਲਗਾਇਆ ਜਾ ਸਕਦਾ ਹੈ।

ਸ਼ੂਗਰ ਦੇ ਜੋਖਮ ਦੀ ਜਾਂਚ ਸੂਚੀ

* ਦੱਖਣੀ ਏਸ਼ਿਆਈ
* ਪਰਿਵਾਰਕ ਇਤਿਹਾਸ
* ਉਮਰ 35+
* ਹਾਈ ਬਲੱਡ ਪ੍ਰੈਸ਼ਰ ਜਾਂ ਕੋਲੈਸਟ੍ਰੋਲ
* ਸਰੀਰਕ ਤੌਰ 'ਤੇ ਅਕਿਰਿਆਸ਼ੀਲ
* ਜ਼ਿਆਦਾ ਭਾਰ ਜਾਂ ਮੋਟਾਪਾ
* ਗਰਭ ਅਵਸਥਾ ਦੌਰਾਨ ਸ਼ੂਗਰ

Montgomery County DHHS ਵਿਖੇ Asian American Health Initiative ਕਮਿਊਨਿਟੀ ਮੈਂਬਰਾਂ ਨੂੰ ਸਕ੍ਰੀਨਿੰਗ ਕਰਵਾਉਣ ਅਤੇ ਸਿਹਤਮੰਦ ਜੀਵਨ ਸ਼ੈਲੀ ਦੇ ਵਿਕਲਪ ਬਣਾਉਣ ਲਈ ਉਤਸ਼ਾਹਿਤ ਕਰਦਾ ਹੈ। ਨਿਵਾਸੀ DHHS, Holy Cross Health, Johns Hopkins Medicine, ਅਤੇ MedStar Montgomery ਰਾਹੀਂ ਸਥਾਨਕ ਸ਼ੂਗਰ ਰੋਕਥਾਮ ਅਤੇ ਪ੍ਰਬੰਧਨ ਪ੍ਰੋਗਰਾਮਾਂ ਬਾਰੇ ਸਿੱਖ ਸਕਦੇ ਹਨ। ਸਕ੍ਰੀਨਿੰਗ ਅਤੇ ਉਪਲਬਧ ਭਾਈਚਾਰਕ ਸਰੋਤਾਂ ਬਾਰੇ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰੋ।

# ਅਰਜਨਟੀਨਾ ਨੂੰ ਹਰਾ ਕੇ ਸਪੇਨ ਬਣਿਆ ਫੀਫਾ ਵਰਲਡ ਕੱਪ ਚੈਂਪੀਅਨ


**ਨਵੀਂ ਦਿੱਲੀ:** ਪੂਰੀ ਦੁਨੀਆ ਨੂੰ ਕਰੀਬ ਇਕ ਮਹੀਨਾ ਰੋਮਾਂਚ, ਜੋਸ਼ ਤੇ ਉਤਸ਼ਾਹ ਨਾਲ ਲਬਾਲਬ ਰੱਖਣ ਵਾਲੇ ਫੀਫਾ ਵਰਲਡ ਕੱਪ 2026 ਲਈ ਐਤਵਾਰ ਨੂੰ ਹੋਏ ਖ਼ਿਤਾਬੀ ਮੁਕਾਬਲੇ ਵਿਚ ਸਪੇਨ ਨੇ ਅਰਜਨਟੀਨਾ ਨੂੰ 1-0 ਨਾਲ ਹਰਾ ਕੇ ਕੱਪ 'ਤੇ ਕਬਜ਼ਾ ਕਰ ਲਿਆ। ਨਿਊਜਰਸੀ ਸਟੇਡੀਅਮ 'ਚ ਖੇਡੇ ਗਏ। ਮੈਚ ਦੀ 90 ਮਿੰਟ ਦੀ ਗੇਮ ਦੌਰਾਨ ਦੋਵਾਂ ਟੀਮਾਂ ਨੇ ਪੂਰਾ ਜ਼ੋਰ ਲਗਾ ਕੇ ਖੇਡਿਆ ਪਰ ਦੋਵਾਂ 'ਚੋਂ ਕੋਈ ਵੀ ਟੀਮ ਗੋਲ ਨਾ ਕਰ ਸਕੀ। ਇਸ ਤੋਂ ਬਾਅਦ ਵਾਧੂ ਸਮਾਂ ਦਿੱਤਾ ਗਿਆ ਪਰ ਫਿਰ ਵੀ ਗੋਲ ਨਹੀਂ ਹੋਇਆ। ਦੂਜੀ ਵਾਰ ਵਾਧੂ ਟਾਈਮ ਦਿੱਤੇ ਜਾਣ ਤੋਂ ਬਾਅਦ ਸਪੇਨ ਨੇ ਗੋਲ ਕਰ ਕੇ ਅਰਜਨਟੀਨਾ ਨੂੰ ਮਾਤ ਦੇ ਦਿੱਤੀ।



ਖਿਤਾਬੀ ਮੁਕਾਬਲੇ ਲਈ ਸਪੇਨ ਤੇ ਅਰਜਨਟੀਨਾ ਦੀਆਂ ਟੀਮਾਂ ਦੇ ਆਹਮੋ-ਸਾਹਮਣੇ ਉਤਰਣ ਤੋਂ ਪਹਿਲਾਂ ਇਕ ਰੰਗਾਰੰਗ ਪ੍ਰੋਗਰਾਮ ਕਰਵਾਇਆ ਗਿਆ। ਇਸ ਪ੍ਰੋਗਰਾਮ 'ਚ ਦੁਨੀਆ ਦੇ ਮਸ਼ਹੂਰ ਕਲਾਕਾਰਾਂ ਨੇ ਪੇਸ਼ਕਾਰੀ ਦਿੱਤੀ। ਇਸ ਪੇਸ਼ਕਾਰੀ ਦਾ ਦਰਸ਼ਕਾਂ ਨੇ ਅਨੰਦ ਮਾਣਿਆ। ਦੁਨੀਆ ਦੇ ਕੋਨੇ-ਕੋਨੇ ਤੋਂ ਖੇਡ ਪ੍ਰੇਮੀ ਇਨ੍ਹਾਂ ਇਤਿਹਾਸਕ ਪਲਾਂ ਦੇ ਗਵਾਹ ਬਣਨ ਪੁੱਜੇ ਸਨ। ਮੈਚ ਸ਼ੁਰੂ ਹੋਣ ਤੋਂ ਕਈ ਘੰਟੇ ਪਹਿਲਾਂ ਹੀ ਸਟੇਡੀਅਮ ਦੇ ਬਾਹਰ ਲੰਬੀਆਂ ਕਤਾਰਾਂ ਲੱਗੀਆਂ ਰਹੀਆਂ। ਆਪੋ-ਆਪਣੇ ਦੇਸ਼ ਦੀਆਂ ਟੀਮਾਂ ਦੇ ਪਹਿਰਾਵੇ ਅਤੇ ਰੰਗ-ਰੂਪ 'ਚ ਪੁੱਜੇ ਖੇਡ ਪ੍ਰੇਮੀਆਂ ਦਾ ਉਤਸ਼ਾਹ ਦੇਖਿਆ ਹੀ ਬਣਦਾ ਸੀ। ਇਸੇ ਉਤਸ਼ਾਹ, ਜੋਸ਼ ਤੇ ਜਨੂੰਨ ਵਿਚਾਲੇ 'ਪ੍ਰਸ਼ੰਸਕਾਂ ਨੇ ਅਗਲੇ ਵਿਸ਼ਵ ਕੱਪ 'ਚ ਮੁੜ ਮਿਲਣ ਦੀ ਉਮੀਦ ਨਾਲ ਫੀਫਾ ਵਰਲਡ ਕੱਪ 2026 ਨੂੰ ਅਲਵਿਦਾ ਆਖ ਦਿੱਤਾ।

# ਅਮਰੀਕਾ 'ਤੇ ਦਬਾਅ ਲਈ ਜੌਰਡਨ ਨੂੰ ਨਿਸ਼ਾਨਾ ਬਣਾ ਰਿਹੈ ਈਰਾਨ


**ਵਾਸ਼ਿੰਗਟਨ:** ਈਰਾਨ ਨੇ ਜੌਰਡਨ ਵਿੱਚ ਅਮਰੀਕੀ ਫੌਜੀ ਠਿਕਾਣਿਆਂ 'ਤੇ ਹਮਲੇ ਤੇਜ਼ ਕਰ ਦਿੱਤੇ ਹਨ। ਅਮਰੀਕੀ ਅਧਿਕਾਰੀਆਂ ਦੇ ਅਨੁਸਾਰ, ਪਿਛਲੇ ਪੰਜ ਦਿਨਾਂ ਵਿੱਚ ਜਾਰਡਨ ਵਿੱਚ ਅਮਰੀਕੀ ਫੌਜਾਂ 'ਤੇ ਚਾਰ ਹਮਲੇ ਹੋਏ. ਹਨ। ਇਨ੍ਹਾਂ ਹਮਲਿਆਂ ਵਿੱਚ ਅਮਰੀਕੀ ਫੌਜੀ ਹੈਲੀਕਾਪਟਰਾਂ ਨੂੰ ਵੀ ਨੁਕਸਾਨ ਹੋਇਆ ਹੈ। ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਜਾਰਡਨ 'ਤੇ ਵਧਦੇ ਹਮਲੇ ਪੱਛਮੀ ਏਸ਼ੀਆ ਵਿੱਚ ਅਮਰੀਕਾ-ਈਰਾਨ ਟਕਰਾਅ ਨੂੰ ਹੋਰ ਵਧਾ ਸਕਦੇ ਹਨ। ਮਾਹਿਰਾਂ ਦਾ ਕਹਿਣਾ ਹੈ ਕਿ ਈਰਾਨ ਦਾ ਉਦੇਸ਼ ਸਿਰਫ਼ ਫੌਜੀ ਨੁਕਸਾਨ ਪਹੁੰਚਾਉਣਾ ਨਹੀਂ ਹੈ, ਸਗੋਂ ਜਾਰਡਨ ਵਿੱਚ ਅਮਰੀਕੀ ਮੌਜੂਦਗੀ ਨੂੰ ਰਾਜਨੀਤਿਕ ਅਤੇ ਰਣਨੀਤਕ ਝਟਕਾ ਦੇਣਾ ਵੀ ਹੈ। ਜਾਰਡਨ ਪੱਛਮੀ ਏਸ਼ੀਆ ਵਿੱਚ ਇੱਕ ਮੁੱਖ ਅਮਰੀਕੀ ਫੌਜੀ ਭਾਈਵਾਲ ਹੈ; ਉੱਥੋਂ, ਅਮਰੀਕੀ ਫੌਜ ਸੀਰੀਆ, ਇਰਾਕ ਅਤੇ ਵਿਆਪਕ ਖੇਤਰ ਵਿੱਚ ਹਵਾਈ ਕਾਰਵਾਈਆਂ ਕਰਦੀ ਹੈ। ਬਹਿਰੀਨ, ਕਤਰ ਅਤੇ ਯੂਏਈ ਵਰਗੇ ਦੇਸ਼ਾਂ ਵਿੱਚ ਅਮਰੀਕੀ ਫੌਜੀ ਠਿਕਾਣਿਆਂ ਨੂੰ ਨਿਸ਼ਾਨਾ ਬਣਾ ਕੇ ਹਾਲ ਹੀ ਵਿੱਚ ਕੀਤੇ ਗਏ ਹਮਲਿਆਂ ਤੋਂ ਬਾਅਦ ਈਰਾਨ ਨੇ ਜਾਰਡਨ 'ਤੇ ਹਮਲੇ ਤੇਜ਼ ਕਰ ਦਿੱਤੇ ਹਨ।






# ਸਾਬਕਾ ਪਹਿਲਵਾਨ ਚਰਨਜੀਤ ਸੈਪਲਾ ਸਵਰਗਵਾਸ

## ਸੈਪਲਾ ਦਾ ਅਕਾਲ ਚਲਾਣਾ ਭਾਈਚਾਰੇ ਲਈ ਵੱਡਾ ਘਾਟਾ: ਗਾਖਲ



***ਸਾਨ ਫਰਾਂਸਿਸਕੋ: (ਐਸ.ਅਸ਼ੋਕ ਭੌਰਾ):*** ਪੰਜਾਬੀ ਭਾਈਚਾਰੇ ਦੀ ਨਾਮੀ ਸ਼ਖਸੀਅਤ ਅਤੇ ਸਾਬਕਾ ਪਹਿਲਵਾਨ ਚਰਨਜੀਤ ਸੈਪਲਾ ਸਵਾਸਾਂ ਦੀ ਪੂੰਜੀ ਮੁਕੰਮਲ ਕਰਦੇ ਹੋਏ ਇਸ ਫਾਨੀ ਸੰਸਾਰ ਨੂੰ ਸਦੀਵੀ ਅਲਵਿਦਾ ਆਖ ਗਏ ਹਨ।

ਗਾਖਲ ਗਰੁੱਪ ਯੂ.ਐਸ.ਏ. ਦੇ ਚੇਅਰਮੈਨ ਸ. ਅਮੋਲਕ ਸਿੰਘ ਗਾਖਲ ਨੇ ਦੁੱਖ ਦੀ ਖਬਰ ਸਾਂਝੀ ਕਰਦਿਆਂ ਦੱਸਿਆ ਕਿ ਮੇਰੇ ਬਚਪਨ ਦੇ ਦੋਸਤ ਤੇ ਯੂਨੀਅਨ ਸਿਟੀ (ਕੈਲੀਫੋਰਨੀਆ, ਅਮਰੀਕਾ) ਵਸਦੇ ਆਪਣੇ ਸਮੇਂ ਦੇ ਵੱਡੇ ਪਹਿਲਵਾਨ ਰਹੇ ਚਰਨਜੀਤ ਸੈਪਲਾ ਬੀਤੇ ਦਿਨੀਂ ਇਸ ਫ਼ਾਨੀ ਸੰਸਾਰ ਨੂੰ ਸਦੀਵੀ ਅਲਵਿਦਾ ਆਖ ਗਏ ਹਨ। ਉਨ੍ਹਾਂ ਦਾ ਪਿਛਲਾ ਪਿੰਡ ਪਰਾਗਪੁਰ (ਜਲੰਧਰ, ਪੰਜਾਬ) ਸੀ ਅਤੇ ਇਹ ਪਿੰਡ ਮੇਰੀ ਮਾਸੀ ਜੀ ਦਾ ਹੋਣ ਕਾਰਨ ਬਚਪਨ ਵਿਚ ਚਰਨਜੀਤ ਸੈਪਲਾ ਨਾਲ ਮੇਰੀ ਬਹੁਤ ਸਾਂਝ ਬਣ ਗਈ ਸੀ ਕਿਉਂਕਿ ਉਹ ਮੇਰੇ ਮਾਸੀ ਦੇ ਲੜਕਿਆਂ ਦਾ ਬਹੁਤ ਨਿੱਘਾ ਦੋਸਤ ਸੀ। ਮੇਰੇ ਮਾਸੜ ਜੀ ਸ. ਬਲਦੇਵ ਸਿੰਘ ਟੁੱਟ ਨੇ ਚਰਨਜੀਤ ਸੈਪਲਾ ਨੂੰ ਪਹਿਲਵਾਨ ਬਣਾਉਣ ਲਈ ਬਹੁਤ ਉਤਸ਼ਾਹਿਤ ਕੀਤਾ ਅਤੇ ਉਸਨੂੰ ਖਾਲਸਾ ਕਾਲਜ ਜਲੰਧਰ ਵਿਚ ਵੱਡੀਆਂ ਪ੍ਰਾਪਤੀਆਂ ਕਰਨ ਲਈ ਹਰ ਸਭਵ ਮਦਦ ਕੀਤੀ। ਚਰਨਜੀਤ ਸੈਪਲਾ ਦੇ ਤੁਰ ਜਾਣ ਨਾਲ ਮੈਂ ਜ਼ਾਤੀ ਤੌਰ 'ਤੇ ਬਹੁਤ ਦੁੱਖ ਮਹਿਸੂਸ ਕਰਦਾ ਹਾਂ, ਅਕਾਲ ਪੁਰਖ ਉਸਦੀ ਵਿਛੜੀ ਰੂਹ ਨੂੰ ਆਪਣੇ ਚਰਨਾਂ 'ਚ ਨਿਵਾਸ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।

ਸਮੂਹ ਮਿੱਤਰਾਂ-ਸੱਜਣਾਂ ਨੂੰ 26 ਜੁਲਾਈ, ਦਿਨ ਐਤਵਾਰ ਨੂੰ ਦੁਪਹਿਰ 12:00 ਤੋਂ 1:45 ਵਜੇ ਤੱਕ ਚੈਪਲ ਆਫ ਚਾਈਮਜ਼ 32992 ਮਿਸ਼ਨ ਬੁਲੇਵਾਰਡ (ਹੇਅਵਰਡ, ਕੈਲੀਫੋਰਨੀਆ) ਵਿਖੇ ਹੋ ਰਹੇ ਉਸਦੇ ਅੰਤਿਮ ਸੰਸਕਾਰ ਵਿਚ ਸ਼ਾਮਿਲ ਹੋਣ ਦੀ ਸਨਿਮਰ ਬੇਨਤੀ ਹੈ।

# ਪੰਜਾਬੀ ਵਿਦਵਾਨ. ਡਾ ਇਕਬਾਲ ਕੌਰ ਸੌਂਧ ਨੂੰ ਸ਼ਰਧਾਂਜਲੀਆਂ

**ਅੰਮ੍ਰਿਤਸਰ:** ਉੱਘੇ ਪੰਜਾਬੀ ਵਿਦਵਾਨ, ਆਲੋਚਕ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਪੰਜਾਬੀ ਵਿਭਾਗ ਦੇ ਸਾਬਕਾ ਪ੍ਰੋਫ਼ੈਸਰ ਡਾ. ਇਕਬਾਲ ਕੌਰ ਸੌਂਧ ਜਿਹੜੇ



ਬੀਤੇ ਦਿਨੀਂ ਅਕਾਲ ਚਲਾਣਾ ਕਰ ਗਏ ਸਨ, ਨਮਿਤ ਅੰਤਿਮ ਅਰਦਾਸ ਅਤੇ ਸ਼ਰਧਾਂਜਲੀ ਸਮਾਰੋਹ ਸਥਾਨਕ ਗੁਰਦਵਾਰਾ ਛੇਵੀਂ ਪਾਤਸ਼ਾਹੀ ਰਣਜੀਤ ਐਵੇਨਿਊ ਵਿਖੇ ਹੋਇਆ। ਰਾਗੀ ਸਿੰਘਾਂ ਵਲੋਂ ਵਰਾਗਮਈ ਕੀਰਤਨ ਕੀਤਾ ਗਿਆ। ਉਪਰੰਤ ਵੱਖ-ਵੱਖ ਵਿਦਵਾਨਾਂ ਨੇ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਅਰਪਿਤ ਕਰਦਿਆਂ ਕਿਹਾ ਕਿ ਡਾ. ਇਕਬਾਲ ਕੌਰ ਵਰਗੀ ਸ਼ਖਸੀਅਤ ਦੇ ਤੁਰ ਜਾਣ ਨਾਲ ਪਰਿਵਾਰ ਦੇ ਨਾਲ-ਨਾਲ ਸਮਾਜ ਵੀ ਇਕ ਚੰਗੀ ਸ਼ਖਸੀਅਤ ਤੋਂ ਵਾਂਝਾ ਹੋ ਗਿਆ ਹੈ।

ਖਾਲਸਾ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਮਹਿਲ ਸਿੰਘ ਨੇ ਕਿਹਾ ਕਿ ਅਕਾਦਮਿਕ ਖੇਤਰ ਵਿਚ ਜਿਥੇ ਡਾ. ਸੌਂਧ ਨੇ ਜ਼ਿਕਰ ਯੋਗ ਕੰਮ ਕੀਤਾ ਉਥੇ ਗੁਰਬਾਣੀ ਅਤੇ ਲੋਕ ਧਾਰਾ ਵਿਚ ਵੀ ਗੰਭੀਰ ਅਤੇ ਮੁੱਲਵਾਨ ਚਿੰਤਨ ਕੀਤਾ।

ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੇ ਮੁਖੀ ਡਾ. ਮਨਜਿੰਦਰ ਸਿੰਘ ਨੇ ਡਾ. ਸੌਂਧ ਵਲੋਂ ਵਿਭਾਗ ਨੂੰ ਦਿਤੀਆਂ ਸੇਵਾਵਾਂ ਦਾ ਉਚੇਚਾ ਜ਼ਿਕਰ ਕਰਦਿਆਂ ਕਿਹਾ ਕਿ ਅਜਿਹੇ ਅਧਿਆਪਕ ਵਿਦਿਆਰਥੀਆਂ ਦੇ ਪ੍ਰੇਰਨਾ ਸਰੋਤ ਹੁੰਦੇ ਹਨ। ਕੇਂਦਰੀ ਪੰਜਾਬੀ ਲੇਖਕ ਸਭਾ ਵਲੋਂ ਦੀਪ ਦੇਵਿੰਦਰ ਸਿੰਘ ਨੇ ਡਾ. ਇਕਬਾਲ ਕੌਰ ਸੌਂਧ ਦੀਆਂ ਪੁਸਤਕਾਂ 'ਬਟਵਾਰਾ', 'ਬੁੱਢੇ ਥੇਹ ਦੀ ਹੂਕ' ਦੇ ਹਵਾਲੇ ਨਾਲ ਦਸਿਆ ਕਿ ਉਨ੍ਹਾਂ ਕੋਲ ਸੰਤਾਲੀ ਦੇ ਉਜਾੜੇ ਦੀਆਂ ਅੱਖੀਂ ਵੇਖੀਆਂ ਤੇ ਪਿੰਡੇ ਹੰਢਾਈਆਂ ਦਿਲ ਨੂੰ ਵਲੂੰਧਰ ਦੇਣ ਵਾਲੀਆਂ ਕਥਾਵਾਂ ਸਨ। ਕਾਮਰੇਡ ਗਹਿਲ ਸਿੰਘ ਛਿੱਜਲਵੱਡੀ ਯਾਦਗਾਰੀ ਟ੍ਰਸਟ ਵਲੋਂ ਅਧਿਆਪਕ ਆਗੂ ਜਰਮਨ ਜੀਤ ਸਿੰਘ ਨੇ ਵੀ ਡਾ. ਸੌਂਧ ਨੂੰ ਭਾਵਭਿੰਨੀ ਸ਼ਰਧਾਂਜਲੀ ਭੇਟ ਕੀਤੀ। ਸਮੁੱਚੇ ਸਮਾਗਮ ਦੀ ਕਾਰਵਾਈ ਭੁਪਿੰਦਰ ਸੰਧੂ ਨੇ ਚਲਾਈ ਜਦਕਿ ਪਰਿਵਾਰ ਵਲੋਂ ਧੰਨਵਾਦ ਉਨ੍ਹਾਂ ਦੀ ਬੇਟੀ ਨਵਕਿਰਨ ਅਤੇ ਪੁੱਤਰ ਡਾ. ਸਰਤਾਜ ਵਲੋਂ ਕੀਤਾ ਗਿਆ। ਇਸ ਮੌਕੇ ਮੈਂਬਰ ਪਾਰਲੀਮੈਂਟ ਗੁਰਜੀਤ ਸਿੰਘ ਔਜਲਾ, ਵਿਧਾਨ ਸਭਾ ਮੈਂਬਰ ਕੁੰਵਰ ਵਿਜੇ ਪਰਤਾਪ ਸਿੰਘ, ਡਾ. ਬਲਜੀਤ ਰਿਆੜ, ਡਾ. ਮਨਜੀਤ, ਡਾ. ਪਰਮਿੰਦਰ ਸਿੰਘ, ਡਾ. ਹੀਰਾ ਸਿੰਘ, ਡਾ. ਰਮਿੰਦਰ ਕੌਰ, ਡਾ. ਭੁਪਿੰਦਰ ਸਿੰਘ ਜੌਲੀ, ਗੁਰਦੇਵ ਸਿੰਘ ਮਹਿਲਾਂਵਾਲਾ, ਰਮੇਸ਼ ਯਾਦਵ, ਡਾ. ਸੁਖਦੇਵ ਸਿੰਘ, ਡਾ. ਰਾਣੀ, ਡਾ. ਕਸ਼ਮੀਰ ਸਿੰਘ, ਸੁਮੀਤ ਸਿੰਘ, ਸਰਬਜੀਤ ਸੰਧੂ, ਬਰਜਿੰਦਰ ਮਾਂਗਟ, ਇੰਦਰਜੀਤ ਅੜੀ, ਡਾ. ਇੰਦਰਾ ਵਿਰਕ, ਸਿਮਰਜੀਤ ਸਿਮਰ, ਨਵਜੋਤ ਚੱਬਾ, ਮਨਮੋਹਨ ਸਿੰਘ ਢਿੱਲੋਂ, ਅਮਰਜੀਤ ਆਂਸਲ, ਧਰਵਿੰਦਰ ਔਲਖ, ਡਾ. ਵਿਕਰਮ, ਮੱਖਣ ਭੈਣੀਵਾਲ, ਰਾਜਬੀਰ ਗਰੇਵਾਲ ਅਦਿ ਤੋਂ ਇਲਾਵਾ ਵੱਡੀ ਗਿਣਤੀ ਲੋਕ ਹਾਜ਼ਰ ਸਨ।

SIGMA Specialty Plastics Group
ਪੀਕੌਕ ਕਲਰਸ ਕੰਪਨੀ ਵਿਚ ਐਕਸਟਰੂਜ਼ਨ ਪ੍ਰਕਿਰਿਆ ਲਈ ਮਸ਼ੀਨ ਆਪਰੇਟਰਾਂ ਦੀ ਲੋੜ ਹੈ

Wanted Machine Operators for Extrusion Process (MOEP)

ਸ਼ਿਕਾਗੋ, ਇਲੀਨੋਇਸ ਵਿਚ ਪੇਂਟ ਅਤੇ ਸਿਆਹੀ ਕੰਪਨੀ ਨੂੰ ਐਕਸਟਰੂਜ਼ਨ ਪ੍ਰਕਿਰਿਆ ਲਈ ਮਸ਼ੀਨ ਆਪਰੇਟਰਾਂ ਦੀ ਫੌਰੀ ਲੋੜ ਹੈ।

ਯੋਗਤਾ
* ਮਕੈਨੀਕਲ, ਪੋਲੀਮਰ, ਜਾਂ ਪਲਾਸਟਿਕ ਇੰਜੀਨੀਅਰਿੰਗ ਜਾਂ ਹੋਰ ਸਬੰਧਤ ਇੰਜੀਨੀਅਰਿੰਗ ਖੇਤਰ ਵਿਚ ਮੁਹਾਰਤ ਹਾਸਲ ਹੋਵੇ
* ਪਲਾਸਟਿਕ ਨਿਰਮਾਣ ਵਾਤਾਵਰਣ ਵਿਚ ਘੱਟੋ-ਘੱਟ 5 ਸਾਲਾਂ ਦਾ ਤਜਰਬਾ, ਪੋਲੀਮਰ ਮਿਸ਼ਰਤ 'ਚ ਤਜਰਬੇਕਾਰ ਨੂੰ ਤਰਜੀਹ
* ਪਲਾਸਟਿਕ, ਰੈਜ਼ਿਨ ਅਤੇ ਸਮੱਗਰੀ ਸੰਭਾਲਣ ਵਿਚ ਦੀ ਤਕਨੀਕੀ ਜਾਣਕਾਰੀ ਦਾ ਤਜਰਬਾ
* ਸਮੱਸਿਆ-ਹੱਲ ਕਰਨ ਦੀ ਯੋਗਤਾ, ਚੰਗੇ ਦਸਤਾਵੇਜ਼ੀ ਹੁਨਰ, ਅਤੇ ਚੰਗੇ ਨਿਰਮਾਣ ਦਾ ਅਭਿਆਸ
*ਨਵੇਂ ਅਤੇ ਗੈਰ-ਤਜਰਬੇਕਾਰ ਵਰਕਰਾਂ ਬਾਰੇ ਵੀ ਵਿਚਾਰ ਕੀਤੀ ਜਾ ਸਕਦੀ ਹੈ
* ਚੰਗੀ ਤਨਖਾਹ ਅਤੇ ਹੋਰ ਸਹੂਲਤਾਂ

ਚਾਹਵਾਨ ਸੰਪਰਕ ਕਰੋ:
Anita Sharma: +1 (630) 302 4725
Email: Anita.Sharma@peacockcolors.com

# Matrimonials

## ਲੜਕੇ ਦੀ ਲੋੜ ਹੈ

ਯੂ.ਐੱਸ. ਸਿਟੀਜ਼ਨ 27 ਸਾਲਾ, ਲੜਕੀ ਲਈ ਇੰਡੀਆ ਵਿਚ 15-20 ਏਕੜ ਜ਼ਮੀਨ ਵਾਲੇ ਪੜ੍ਹੇ-ਲਿਖੇ ਲੜਕੇ ਦੀ ਲੋੜ ਹੈ। ਅਮਰੀਕਾ ਵਿਚ ਸਟੂਡੈਂਟ ਵੀਜ਼ੇ 'ਤੇ ਆਏ ਅਤੇ ਲੁਧਿਆਣਾ ਜ਼ਿਲ੍ਹੇ ਨਾਲ ਸਬੰਧਤ ਲੜਕੇ ਨੂੰ ਪਹਿਲ ਦਿੱਤੀ ਜਾਵੇਗੀ। ਚਾਹਵਾਨ +91 77105-18103 ਜਾਂ +1 (313) 753-8091 'ਤੇ ਸੰਪਰਕ ਕਰਨ। 27-30

## ਲੜਕੀ ਦੀ ਲੋੜ ਹੈ

Ramgarhia Family seeks a suitable match for their USA Born and Raised Non-vegetarian 32 year 5'7" Gursikh son. PhD. & working as Chemical Analyst at Pfizer. Girl should be Gursikh and educated. Caste no bar. If you are interested please call us at 224-422-4773.

PUNJAB DJ
Our company is located in Chicago
We do all types of Parties
*Wedding *Private Parties *Birthdays *Engagements
*Retirement Parties *Corporate Parties & much more
We provide standard equipments, lighting and digital turntables.
Contact: 708-996-7315
E-Mail: Punjabdj06@gmail.com

Infinity Truck Repair
ਮੋਬਾਈਲ ਟਰੱਕ ਰਿਪੇਅਰ ਸੇਵਾ- ਜਿੱਥੇ ਟਰੱਕ ਓਥੇ ਸੇਵਾ!
Serving Chicagoland and surrounding areas!
ਸੇਵਾਵਾਂ/Services
* Yard PM's/DOT inspections
* Brakes and wheel seal jobs.
* Check Engine Light issues
* Battery and No start Issue
* Tire swap and replacement
* Air Leaks and brake chambers
* Other General Repairs
* ਇਮਾਨਦਾਰ ਕੰਮ, ਤੇਜ਼ ਸੇਵਾ, ਸਹੀ ਰੇਟ
* ਪੰਜਾਬੀ ਟਰੱਕਰ ਵੀਰਾਂ ਲਈ ਭਰੋਸੇਯੋਗ ਸੇਵਾ
Contact: Cheema: 224-966-8657
Stay on Track, we have got your back!

ਮਿਲਵਾਕੀ (ਵਿਸਕਾਨਸਿਨ) ਵਿਚ ਗਰੋਸਰੀ ਸਟੋਰ ਲਈ ਕੈਸ਼ੀਅਰ ਦੀ ਲੋੜ ਹੈ
ਮਿਲਵਾਕੀ ਸਥਿਤ ਇੰਡੀਅਨ ਗਰੋਸਰੀ ਅਤੇ ਲਿਕਰ ਸਟੋਰ ਲਈ ਕੈਸ਼ੀਅਰ ਦੀ ਲੋੜ ਹੈ।
*ਚੰਗੀ ਤਨਖਾਹ
ਚਾਹਵਾਨ ਸੰਪਰਕ ਕਰੋ:
ਗੁਰਮੁਖ ਸਿੰਘ: 414-339-3689

**Punjab Times**
**Established in 2000**
**26th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com
**Founder Editor:**
Amolak Singh Jammu
**Managing Editor**
Jaspreet Kaur
**Editor**
Lakhvinder S. Johal
**Astt. Editor**
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ ਸਾਲਾਨਾ ਚੰਦਾ: 140 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰ ਵਿਚ ਕੀਤੇ ਗਏ ਦਾਅਵੇ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵੇ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claim made in the advertisement published in Punjab Times.

**All disputes subject to Chicago jurisdiction.**

# ਸੁਪਰੀਮ ਕੋਰਟ ਨੇ ਪਾਸਪੋਰਟ-ਵੀਜ਼ਾ ਟੈਂਡਰ ਰੱਦ ਕਰਨ ਦਾ ਫ਼ੈਸਲਾ ਰੱਖਿਆ ਬਰਕਰਾਰ



**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਦਿੱਲੀ ਹਾਈ ਕੋਰਟ ਦੇ ਉਸ ਫ਼ੈਸਲੇ ਵਿਚ ਦਖ਼ਲ ਦੇਣ ਤੋਂ ਇਨਕਾਰ ਕਰ ਦਿੱਤਾ ਜਿਸ ਵਿਚ ਅਬੂਧਾਬੀ (ਯੂਏਈ), ਕੁਵੈਤ, ਸਿੰਗਾਪੁਰ ਅਤੇ ਕੈਨਬਰਾ (ਆਸਟ੍ਰੇਲੀਆ) ਵਿਚ ਭਾਰਤੀ ਮਿਸ਼ਨਾਂ ਵਿਚ ਕਾਊਂਸਲਰ, ਪਾਸਪੋਰਟ ਅਤੇ ਵੀਜ਼ਾ (ਸੀਪੀਵੀ) ਸੇਵਾਵਾਂ ਦੀ ਆਊਟਸੋਰਸਿੰਗ ਲਈ ਤਕਨੀਕੀ ਮੁਲਾਂਕਣ ਪ੍ਰਕਿਰਿਆ ਨੂੰ ਰੱਦ ਕਰ ਦਿੱਤਾ ਗਿਆ ਸੀ। ਨਾਲ ਹੀ ਵਿਦੇਸ਼ ਮੰਤਰਾਲੇ ਨੂੰ ਤਿੰਨ ਮਹੀਨਿਆਂ ਦੇ ਅੰਦਰ ਨਵੀਂ ਟੈਂਡਰ ਪ੍ਰਕਿਰਿਆ ਪੂਰੀ ਕਰਨ ਦਾ ਨਿਰਦੇਸ਼ ਦਿੱਤਾ ਗਿਆ। ਮੁੱਖ ਜੱਜ ਸੂਰੀਆਕਾਂਤ, ਜਸਟਿਸ ਜੋਯਮਾਲਿਆ 'ਬਾਗਚੀ ਤੇ ਜਸਟਿਸ ਵੀ. ਮੋਹਨਾ ਦੀ ਬੈਂਚ ਨੇ ਦਿੱਲੀ ਹਾਈ ਕੋਰਟ ਦੇ ਫ਼ੈਸਲੇ ਨੂੰ ਚੁਣੌਤੀ ਦੇਂਣ ਵਾਲੀ ਕੇਂਦਰ ਸਰਕਾਰ ਦੀ ਸਪੈਸ਼ਲ ਲੀਵ ਪਟੀਸ਼ਨ ਖ਼ਾਰਜ ਕਰ ਦਿੱਤੀ। ਬੈਂਚ ਨੇ ਨਿਰਦੇਸ਼ ਦਿੱਤਾ ਕਿ ਵਿਦੇਸ਼ ਮੰਤਰਾਲਾ ਮੌਜੂਦਾ ਸੇਵਾ ਪ੍ਰਦਾਤਾ ਨਾਲ ਕੰਮ ਜਾਰੀ ਰੱਖ ਸਕਦਾ ਹੈ, ਜੇਕਰ ਉਨ੍ਹਾਂ ਦਾ ਪ੍ਰਦਰਸ਼ਨ ਠੀਕ ਰਹਿੰਦਾ ਹੈ ਜਾਂ ਫਿਰ ਅੰਤਰਿਮ ਸਮੇਂ ਲਈ ਮੌਜੂਦਾ ਐੱਲ-1 ਬੋਲੀਦਾਤਿਆਂ ਸਮੇਤ ਕਿਸੇ ਹੋਰ ਏਜੰਸੀ ਨੂੰ ਭਰਤੀ ਕਰ ਸਕਦਾ ਹੈ। ਅਜਿਹੀ ਕੋਈ ਵੀ ਵਿਵਸਥਾ ਅਸਥਾਈ ਹੋਵੇਗੀ ਅਤੇ ਕਿਸੇ ਦਾ ਕੋਈ ਅਧਿਕਾਰ ਸਿਰਜ ਨਹੀਂ ਹੋਵੇਗਾ।

# ਪੈਟਰੋਲ 'ਚ 20 ਫ਼ੀਸਦੀ ਤੋਂ ਵੱਧ ਈਥਾਨੌਲ ਮਿਲਾਉਣ ਬਾਰੇ ਕੋਈ ਫ਼ੈਸਲਾ ਨਹੀਂ: ਮੰਤਰੀ

**ਨਵੀਂ ਦਿੱਲੀ:** ਸਰਕਾਰ ਨੇ ਪੈਟਰੋਲ 'ਚ ਈਥਾਨੌਲ ਮਿਸ਼ਰਣ ਨੂੰ ਮੌਜੂਦਾ 20 ਫੀਸਦੀ ਦੇ ਪੱਧਰ ਤੋਂ ਵੱਧ ਵਧਾਉਣ ਦਾ ਅਜੇ ਕੋਈ ਫ਼ੈਸਲਾ ਨਹੀਂ ਲਿਆ ਹੈ। ਪੈਟਰੋਲੀਅਮ ਤੇ ਕੁਦਰਤੀ ਗੈਸ ਰਾਜ ਮੰਤਰੀ ਸੁਰੇਸ਼ ਗੋਪੀ ਨੇ ਸੋਮਵਾਰ ਨੂੰ ਰਾਜ ਸਭਾ ਨੂੰ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਭਵਿੱਖ ਵਿੱਚ ਕੋਈ ਵੀ ਵਾਧਾ ਵਿਗਿਆਨਕ ਅਧਿਐਨਾਂ ਅਤੇ ਉਦਯੋਗ ਨਾਲ ਸਲਾਹ-ਮਸ਼ਵਰੇ ਤੋਂ ਬਾਅਦ ਹੀ ਕੀਤਾ ਜਾਵੇਗਾ। ਗੋਪੀ ਨੇ ਇੱਕ ਸਵਾਲ ਦੇ ਲਿਖਤੀ ਜਵਾਬ ਵਿੱਚ ਕਿਹਾ, "ਹੁਣ ਤੱਕ, ਸਰਕਾਰ ਨੇ ਪੈਟਰੋਲ ਵਿੱਚ ਈਥਾਨੌਲ ਮਿਸ਼ਰਣ ਨੂੰ 20 ਪ੍ਰਤੀਸ਼ਤ ਤੋਂ ਵੱਧ ਵਧਾਉਣ ਦਾ ਕੋਈ ਫੈਸਲਾ ਨਹੀਂ ਲਿਆ ਹੈ।" ਉਨ੍ਹਾਂ ਕਿਹਾ ਕਿ "ਵਿਸਤ੍ਰਿਤ ਵਿਗਿਆਨਕ ਅਤੇ ਤਕਨੀਕੀ ਅਧਿਐਨਾਂ ਅਤੇ ਆਟੋਮੋਬਾਈਲ ਨਿਰਮਾਤਾਵਾਂ, ਤੇਲ ਮਾਰਕੀਟਿੰਗ ਕੰਪਨੀਆਂ ਅਤੇ ਖੋਜ ਸੰਸਥਾਵਾਂ ਸਮੇਤ ਸਾਰੇ ਹਿੱਸੇਦਾਰਾਂ ਨਾਲ ਸਲਾਹ-ਮਸ਼ਵਰੇ" ਤੋਂ ਬਾਅਦ ਹੀ ਕੋਈ ਹੋਰ ਕਦਮ ਚੁੱਕੇ ਜਾਣਗੇ। ਗੋਪੀ ਨੇ ਕਿਹਾ ਕਿ ਭਾਰਤ ਨੇ ਨਿਰਧਾਰਤ



ਸਮੇਂ ਤੋਂ ਪੰਜ ਸਾਲ ਪਹਿਲਾਂ 20 ਫੀਸਦੀ ਈਥਾਨੌਲ ਮਿਸ਼ਰਣ ਦਾ ਟੀਚਾ ਪ੍ਰਾਪਤ ਕਰ ਲਿਆ ਹੈ। ਇਸ ਪ੍ਰੋਗਰਾਮ ਤਹਿਤ, ਜੋ ਕਿ ਦੋ ਦਹਾਕਿਆਂ ਤੋਂ ਵੱਧ ਪੜਾਵਾਂ ਵਿੱਚ ਲਾਗੂ ਕੀਤਾ ਗਿਆ ਹੈ, ਔਸਤ ਈਥਾਨੌਲ ਮਿਸ਼ਰਣ 2013-14 ਵਿੱਚ ਲਗਭਗ 1.53 ਫ਼ੀਸਦੀ ਤੋਂ ਵੱਧ ਕੇ 2025-26 ਸਪਲਾਈ ਸਾਲ 'ਚ 20 ਫ਼ੀਸਦੀ ਹੋ ਗਿਆ ਹੈ।

# ਪ੍ਰਧਾਨ ਮੰਤਰੀ ਦਾ ਦੌਰਾ ਪੰਜਾਬ ਲਈ ਲਾਹੇਵੰਦ: ਢਿੱਲੋਂ

**ਚੰਡੀਗੜ੍ਹ:** ਪੰਜਾਬ ਭਾਜਪਾ ਦੇ ਪ੍ਰਧਾਨ ਕੇਵਲ ਸਿੰਘ ਢਿੱਲੋਂ ਨੇ ਕਿਹਾ ਕਿ ਪ੍ਰਧਾਨ ਮੰਤਰੀ ? ਨਰਿੰਦਰ ਮੋਦੀ ਦਾ ਪੰਜਾਬ ਦੌਰਾ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਮੀਲ ਸਾਬਤ ਹੋਇਆ ਹੈ। ਉਨ੍ਹਾਂ ਕਿਹਾ ਕਿ 5470 ਕਰੋੜ ਤੋਂ ਵੱਧ ਦੀਆਂ ਯੋਜਨਾਵਾਂ ਨਾਲ ਆਧੁਨਿਕ ਰੇਲਵੇ ਸਟੇਸ਼ਨਾਂ, ਨਵੀਆਂ ਰੇਲ ਸੇਵਾਵਾਂ, ਐਕਸਪ੍ਰੈੱਸਵੇਅ ਅਤੇ ਗ੍ਰੀਨਫੀਲਡ ਹਾਈਵੇਅਜ਼ ਦੇ ਜ਼ਰੀਏ ਰਾਜ ਦੇ 12 ਜ਼ਿਲ੍ਹਿਆਂ ਨੂੰ ਸਿੱਧਾ ਲਾਭ ਮਿਲੇਗਾ। ਢਿੱਲੋਂ ਨੇ ਕਿਹਾ ਕਿ ਦੁਆਬਾ ਤੋਂ ਮਾਝੇ ਅਤੇ ਮਾਲਵੇ ਤੱਕ, ਰਾਜ ਦੇ 12 ਜ਼ਿਲ੍ਹਿਆਂ ਨੂੰ ਅਜਿਹਾ ਢਾਂਚਾ ਮਿਲਿਆ ਹੈ, ਜਿਸ ਨਾਲ ਸੰਪਰਕ ਪ੍ਰਬੰਧ



ਹੋਰ ਬਿਹਤਰ ਹੋਵੇਗਾ। ਉਨ੍ਹਾਂ ਕਿਹਾ ਕਿ ਦੱਖਣੀ ਲੁਧਿਆਣਾ ਬਾਈਪਾਸ ਦਾ ਨੀਂਹ ਪੱਥਰ ਰੱਖੇ ਜਾਣ ਨਾਲ ਟ੍ਰੈਫਿਕ ਦਾ ਦਬਾਅ ਘਟੇਗਾ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੇ ਕੰਮਾਂ ਰਾਹੀਂ ਇਹ ਸਾਬਤ ਕਰ ਦਿੱਤਾ ਹੈ ਕਿ ਪੰਜਾਬ ਦਾ . ਵਿਕਾਸ ਕੌਮੀ ਤਰਜੀਹ ਹੈ। ਢਿੱਲੋਂ ਨੇ ਕਿਹਾ ਕਿ ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਪੰਜਾਬ ਦੇ ਵਿਕਾਸ ਲਈ ਯਤਨਸ਼ੀਲ ਹੈ। ਉਨ੍ਹਾਂ ਲੋਕਾਂ 'ਨੂੰ ਅਪੀਲ ਕੀਤੀ ਕਿ ਆਗਾਮੀ ਚੋਣਾਂ 'ਚ ਉਹ ਭਾਜਪਾ ਦਾ ਸਾਥ ਦੇਣ।

# ਪੰਜਾਬ ਮੰਤਰੀ ਮੰਡਲ ਵੱਲੋਂ 3 ਅਗਸਤ ਤੋਂ ਮੌਨਸੂਨ ਸੈਸ਼ਨ ਬੁਲਾਉਣ ਲਈ ਹਰੀ ਝੰਡੀ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਮੌਨਸੂਨ ਸੈਸ਼ਨ ਵਿੱਚ 'ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਸੋਧ ਐਕਟ 2026' ਵਿੱਚ ਸੋਧ ਕੀਤੀ ਜਾ ਸਕਦੀ ਹੈ। ਇਸ ਬਾਰੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਗੱਲਬਾਤ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਪੰਜਾਬ ਸਰਕਾਰ ਨੂੰ ਜਿਹੜੇ ਸੁਝਾਅ ਦਿੱਤੇ ਸਨ, ਉਸ ਬਾਰੇ ਐਡਵੋਕੇ ਜਨਰਲ ਨਾਲ ਸਲਾਹ ਕੀਤੀ ਜਾਵੇਗੀ। ਐਡਵੋਕੇਟ ਜਨਰਲ ਨਾਲ ਸਲਾਹ ਤੋਂ ਬਾਅਦ ਹੀ ਸੋਧ ਕੀਤੀ ਜਾਵੇਗੀ। ਜ਼ਿਕਰਯੋਗ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਨੇ 29 ਜੂਨ ਨੂੰ ਪੰਜਾਬ ਦੇ ਕਈ ਕੈਬਨਿਟ ਮੰਤਰੀਆਂ ਤੇ ਵਿਧਾਇਕਾਂ ਨੂੰ ਤਲਬ ਕਰਕੇ 'ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਸੋਧ ਐਕਟ 2026' ਦੀਆਂ ਕੁਝ ਮਦਾਂ 'ਤੇ ਇਤਰਾਜ਼ ਜਤਾਇਆ ਸੀ । ਇਸ ਦੇ ਨਾਲ ਹੀ ਸੂਬਾ ਸਰਕਾਰ ਨੂੰ 'ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਸੋਧ ਐਕਟ 2026' ਲਈ ਇੱਕ ਮਹੀਨੇ ਦਾ ਸਮਾਂ ਦਿੱਤਾ ਸੀ। ਸੂਬਾ ਸਰਕਾਰ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ 'ਤੇ ਹੀ ਐਕਟ ਵਿੱਚ ਸੋਧ ਕਰਨ ਲਈ ਵਿਚਾਰ-ਚਰਚਾ ਕੀਤੀ ਜਾ ਰਹੀ ਹੈ।



## ਕਿਸਾਨਾਂ ਨੂੰ ਦਿੱਲੀ ਜਾਣ ਤੋਂ ਰੋਕਣ 'ਤੇ ਜਤਾਇਆ ਇਤਰਾਜ਼

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਭਾਰਤ-ਅਮਰੀਕਾ ਵਪਾਰ ਸਮਝੌਤੇ ਖ਼ਿਲਾਫ਼ ਸੰਘਰਸ਼ ਕਰ ਰਹੇ ਕਿਸਾਨਾਂ ਨੂੰ ਦਿੱਲੀ ਜਾਣ ਤੋਂ ਰੋਕਣ 'ਤੇ ਇਤਰਾਜ਼ ਜਤਾਇਆ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਵੱਲੋਂ ਸ਼ਾਂਤਮਈ ਢੰਗ ਨਾਲ ਆਪਣੀ ਗੱਲ ਰੱਖੀ ਜਾ ਰਹੀ ਹੈ, ਤਾਂ ਹਰਿਆਣਾ ਸਰਕਾਰ ਵੱਲੋਂ ਕਿਸਾਨਾਂ ਨੂੰ ਰੋਕਣਾ ਗ਼ਲਤ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਯੂਕਰੇਨ ਤੇ ਰੂਸ ਵਿਚਕਾਰ ਜੰਗ ਨੂੰ ਰੁਕਵਾਉਣ ਦੇ ਵੱਡੇ-ਵੱਡੇ ਦਾਅਵੇ ਕਰ ਰਹੇ ਹਨ, ਉਨ੍ਹਾਂ ਨੂੰ ਦੇਸ਼ ਦੇ ਕਿਸਾਨਾਂ ਨਾਲ ਬੈਠ ਕੇ ਵੀ ਗੱਲ ਕਰਨੀ ਚਾਹੀਦੀ ਹੈ ਅਤੇ ਕਿਸਾਨਾਂ ਦੀਆਂ ਮੰਗਾਂ ਦਾ ਹੱਲ ਕੱਢਣਾ ਚਾਹੀਦਾ ਹੈ।

ਸੰਗਤ 'ਤੇ ਲਾਠੀਚਾਰਜ ਤੇ ਫਾਇਰਿੰਗ ਕਰ ਦਿੱਤੀ। ਗੋਲ਼ੀ ਲੱਗਣ ਨਾਲ ਦੋ ਵਿਅਕਤੀਆਂ ਦੀ ਮੌਤ ਹੋ ਗਈ ਸੀ। ਇਨ੍ਹਾਂ ਮਾਮਲਿਆਂ ਦੀ ਜਾਂਚ ਲਈ ਸਮੇਂ-ਸਮੇਂ 'ਤੇ ਵਿਸ਼ੇਸ਼ ਜਾਂਚ ਟੀਮਾਂ ਗਠਿਤ ਕੀਤੀਆਂ ਗਈਆਂ। ਮੌਜੂਦਾ ਆਮ ਆਦਮੀ ਪਾਰਟੀ ਸਰਕਾਰ ਨੇ ਐੱਸਆਈਟੀ ਦਾ ਪੁਨਰਗਠਨ ਕੀਤਾ। ਕਈ ਸਾਬਕਾ ਪੁਲਿਸ ਅਧਿਕਾਰੀਆਂ ਤੇ ਸਿਆਸੀ ਨੇਤਾਵਾਂ ਤੋਂ ਪੁੱਛਗਿੱਛ ਕੀਤੀ। ਇਸੇ ਸੰਦਰਭ 'ਚ ਸੁਖਬੀਰ ਸਿੰਘ ਬਾਦਲ ਨੂੰ ਪੁੱਛਗਿੱਛ ਲਈ ਤਲਬ ਕੀਤਾ ਗਿਆ ਸੀ। ਪੁੱਛਗਿੱਛ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੁਖਬੀਰ ਬਾਦਲ ਨੇ ਇਸ ਮਾਮਲੇ ''ਚ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਲੰਮੇ ਹੱਥੀਂ ਲਿਆ। ਸੁਖਬੀਰ ਬਾਦਲ ਨੇ ਇਸ ਜਾਂਚ ਨੂੰ ਸਿਰਫ਼ ਸਿਆਸੀ ਖੇਡ ਦੱਸਦੇ ਹੋਏ ਕਿਹਾ, 'ਯਾਦ ਰੱਖਣਾ,

## ਐੱਸ.ਆਈ.ਟੀ. ਨੇ ਸੁਖਬੀਰ ਬਾਦਲ ਤੋਂ ਕੀਤੀ ਤਿੰਨ ਘੰਟੇ ਤੱਕ ਪੁੱਛਗਿੱਛ

(ਪਹਿਲੇ ਸਫ਼ੇ ਦਾ ਬਾਕੀ)

ਇਹੀ ਥਾਂ ਹੋਵੇਗੀ, ਇਹੀ ਪੁਲਿਸ ਅਧਿਕਾਰੀ ਹੋਣਗੇ ਤੇ ਇੱਥੇ ਹੀ ਮੁੱਖ ਮੰਤਰੀ ਨੂੰ ਜਵਾਬ ਦੇਣਾ ਪਵੇਗਾ।' ਸੁਖਬੀਰ ਬਾਦਲ ਨੇ ਕਿਹਾ ਕਿ ਆਮ ਆਦਮੀ ਪਾਰਟੀ ਅਕਾਲੀ ਦਲ ਦੇ ਵੱਧ ਰਹੇ ਆਧਾਰ ਤੋਂ ਡਰਦੀ ਹੈ। ਉਸ ਦੀ ਸਰਕਾਰ ਨੂੰ ਬੇਅਦਬੀ ਮਾਮਲਿਆਂ 'ਚ ਇਨਸਾਫ਼ ਦਿਵਾਉਣ 'ਚ ਕੋਈ ਦਿਲਚਸਪੀ ਨਹੀਂ। ਉਹ ਸਿਰਫ਼ ਰਾਜਨੀਤੀ ਖੇਡ ਰਹੀ ਹੈ। ਉਨ੍ਹਾਂ ਇਹ ਵੀ ਦਾਅਵਾ ਕੀਤਾ ਕਿ ਇਹ ਨੋਟਿਸ ਮੁੱਖ ਮੰਤਰੀ ਨਾਲ ਜੁੜੇ ਹਾਲੀਆ ਵਿਵਾਦਾਂ ਤੋਂ ਲੋਕਾਂ ਦਾ ਧਿਆਨ ਹਟਾਉਣ ਲਈ ਜਾਰੀ ਕੀਤਾ ਗਿਆ ਹੈ। ਉਨ੍ਹਾਂ ਨੂੰ ਚੌਥੀ ਵਾਰ ਤਲਬ ਕੀਤਾ ਗਿਆ ਤੇ ਉਹੀ ਸਵਾਲ ਵਾਰ ਵਾਰ ਪੁੱਛੇ ਜਾ ਰਹੇ ਹਨ ' ਜੋ ਕਿ ਪਿਛਲੀਆਂ ਐੱਸਆਈਟੀ ਵੱਲੋਂ ਪੁੱਛੇ ਗਏ ਸਨ। ਅੱਜ ਜੋ ਸਵਾਲ ਪੁੱਛੇ ਗਏ, ਉਹ ਸਾਰੇ ਸਿਆਸਤ ਤੋਂ ਪ੍ਰੇਰਿਤ ਸਨ। ਸੁਖਬੀਰ ਨੇ ਕਿਹਾ ਮੁੱਖ ਮੰਤਰੀ ਨੇ ਸੂਬੇ 'ਚ ਬੇਅਦਬੀ ਦੀਆਂ ਘਟਨਾਵਾਂ ਰੋਕਣ ਵਾਸਤੇ ਕੱਖ ਵੀ ਨਹੀਂ ਕੀਤਾ। ਪਿਛਲੇ 10 ਸਾਲਾਂ 'ਚ ਬੇਅਦਬੀ ਦੀਆਂ 597 ਘਟਨਾਵਾਂ ਵਾਪਰ ਚੁੱਕੀਆਂ ਹਨ। ਮੁੱਖ ਮੰਤਰੀ ਨੇ ਤਾਂ ਇਨ੍ਹਾਂ ਦੀ ਜਾਂਚ ਵੀ ਨਹੀਂ ਕਰਵਾਈ ਜਿਸ ਕਾਰਨ ਦੋਸ਼ੀ ਬਰੀ ਹੋ ਗਏ ਤੇ ਕੇਸ ਰੱਦ ਹੋ ਗਏ। ਸੁਖਬੀਰ ਨੇ ਕਿਹਾ ਕਿ ਅਕਾਲੀ ਦਲ ਹਰ ਮੁੱਦੇ 'ਤੇ ਸਰਕਾਰ ਤੋਂ ਜਵਾਬ ਮੰਗੇਗਾ ਤੇ ਪੇਸ਼ੀ ਦੌਰਾਨ ਭਾਰੀ ਗਿਣਤੀ 'ਚ ਪੁੱਜੇ ਪਾਰਟੀ ਵਰਕਰਾਂ ਨੇ ਸਾਬਿਤ ਕਰ ਦਿੱਤਾ ਹੈ ਕਿ ਉਹ ਕਿਸੇ ਦੇ ਦਬਾਅ 'ਚ ਨਹੀਂ ਆਉਣਗੇ।

## ਪ੍ਰਧਾਨ ਮੰਤਰੀ ਨਿਵਾਸ ਦੇ...

(ਪਹਿਲੇ ਸਫ਼ੇ ਦਾ ਬਾਕੀ)

ਮੰਗ ਕਰ ਰਹੀ ਹੈ। ਇਸ ਦੇ ਨਾਲ ਹੀ ਵਿਰੋਧੀ ਧਿਰ ਵੱਲੋਂ ਪ੍ਰਦਰਸ਼ਨ ਕਰ ਰਹੇ ਵਿਦਿਆਰਥੀਆਂ ਲਈ ਇਨਸਾਫ਼ ਦੀ ਮੰਗ ਵੀ ਲਗਾਤਾਰ ਕੀਤੀ ਜਾ ਰਹੀ ਹੈ ।

## ਪ੍ਰਧਾਨ ਮੰਤਰੀ ਦਾ ਅਸਤੀਫ਼ਾ ਮੰਗਿਆ

ਵਿਰੋਧੀ ਧਿਰ ਦੇ ਆਗੂਆਂ ਨੇ ਨੀਟ ਪੇਪਰ ਲੀਕ ਮਾਮਲੇ ਵਿੱਚ ਪ੍ਰਧਾਨ ਦੀ ਚੁੱਪ ਉੱਤੇ ਇਤਰਾਜ਼ ਉਠਾਏ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਅਸਤੀਫ਼ੇ ਦੀ ਮੰਗ ਕੀਤੀ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਮੁਖਤਿਆਰ ਸਿੰਘ (ਹੈਪੀ ਹੀਰ)
ਆਗਿਆਪਾਲ ਸਿੰਘ ਬਾਠ
ਪਰਮਵੀਰ ਸਿੰਘ ਬੈਂਸ
ਮਨਮਿੰਦਰ ਸਿੰਘ ਹੀਰ
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

PAO
www.paochicago.org

# Punjabi American Organization

PAO is a non-profit 501(c)(3)

ਵੱਲੋਂ ਮਾਣ ਨਾਲ ਪੇਸ਼ ਹੈ ਮਿਡਵੈਸਟ ਦਾ 22ਵਾਂ ਰੰਗਾਰੰਗ ਪ੍ਰੋਗਰਾਮ

# Teeyan Da Mela

**Ladies Only**

## August 2nd, 2026

**Sunday**
*12:00PM to 4:00PM*

**Ashiana Banquet Hall**
1620 75th Street,
Downers Grove, IL 60516




Reserved seats are for sponsors and VIPs.

**$35 General Admission**
**$100 VIP**

ਪੰਜਾਬੀ ਸੱਭਿਆਚਾਰਕ ਬੋਲੀਆਂ ਨਾਲ ਪ੍ਰੋਗਰਾਮ ਹੋਰ ਵੀ ਮਨੋਰੰਜਨ ਭਰਪੂਰ ਬਣੇਗਾ



**Harmandeep**
*(Specialist in Bolian)*

*Please Join us and enjoy*
Giddha, Dholki, Singing, Dancing, Mehndi, Shopping and Food

## Fashion Show

*Celebrating Culture, Style & Elegance!*

Featuring Designer Amana Couture and her exclusive collection inspired by tradition with a modern touch.

Amana Couture



Gurleen Kaur MC

### Teeyan Committee

Sukhi K. Singh
*(Chair Person)*
Jasmeet K. Suga
*(President)*
Minni Multani
Naiha Walia
Rajinder K. Mago
Naina Singh
Sheetal Kalra
Rosie Rehal
Shaloo Chhabra
Prabh Khaira
Kamal Hunjan
Gurpreet Singh
Pammi Sangha
Jeewan Dhami
Joti Khaira
Pinki Walia

### Managing Directors

Gulzar Singh Multani
Paul Dandona
Sukhwinder S. Hunjan
Jagmeet (Jesse) Singh
Jasbir Suga
Dr. Harjinder S. Khaira
Savi Singh Attal
Devinder Singh

### Chief Guest



Dr. Darshan Singh Dhaliwal & Debra Dhaliwal

### Guest of honor



JP Khaira

### Gold Sponsors



Raj and Bhupinder Singh Dhaliwal

## Grand Sponsors: Jodi Bhamra & Mac Bhamra

ਸਾਨੂੰ ਆਪਣੇ ਸਪਾਂਸਰਾਂ ਉਤੇ ਮਾਣ ਹੈ, ਜੋ ਹਰ ਸਾਲ 'ਤੀਆਂ ਦੇ ਮੇਲੇ' ਨੂੰ ਸਫਲ ਬਣਾਉਣ ਲਈ ਭਰਵਾਂ ਸਹਿਯੋਗ ਦਿੰਦੇ ਹਨ ਅਤੇ ਪਰਿਵਾਰਾਂ ਸਮੇਤ ਸ਼ਮੂਲੀਅਤ ਕਰ ਕੇ ਮੇਲੇ ਦੀਆਂ ਰੌਣਕਾਂ ਨੂੰ ਚਾਰ ਚੰਨ ਲਾਉਂਦੇ ਹਨ

### For More Info., Please Contact:

Vendor Stalls - Gurpreet Singh 630-677-6144
Tickets - Raj Mago 630-890-1362
Fashion Show - Prabh Khaira 630-267-2107
Performances - Naina Singh 847-828-9412
General Inquires - Sukhi Singh 847-917-3664
Minni Multani 630-935-5239

# ਅੰਮ੍ਰਿਤਸਰ ’ਚ ਬਜ਼ੁਰਗ ਨੂੰ ਕੁੱਤਿਆਂ ਨੇ ਨੋਚ-ਨੋਚ ਕੇ ਮਾਰ ਦਿੱਤਾ

**ਅੰਮ੍ਰਿਤਸਰ:**ਸੁਪਰੀਮ ਕੋਰਟ ਦੀਆਂ ਹਦਾਇਤਾਂ ਤੇ ਸੂਬਾ ਸਰਕਾਰ ਦੇ ਹੁਕਮਾਂ ਦੇ ਬਾਵਜੂਦ ਕੁੱਤਿਆਂ ਅਵਾਰਾ ਖ਼ਿਲਾਫ਼ ਸਥਾਕ ਪ੍ਰਸ਼ਾਸਨ ਕੋਈ ਕਾਰਵਾਈ ਨਹੀਂ ਕਰ ਰਿਹਾ। ਇਸੇ



ਕਾਰਨ ਲਗਾਤਾਰ ਅਵਾਰਾ ਕੁੱਤੇ ਲਗਾਤਾਰ ਲੋਕਾਂ ਦੀ ਜਾਨ ਦਾ ਖੌਅ ਬਣੇ ਹੋਏ ਹਨ। ਤਾਜ਼ਾ ਘਟਨਾ ‘ਚ ਅੰਮ੍ਰਿਤਸਰ ‘ਚ ਇਕ ਬਜ਼ੁਰਗ ਨੂੰ ਕੁੱਤਿਆਂ ਨੇ ਨੋਚ-ਨੋਚ ਕੇ ਮਾਰ ਦਿੱਤਾ ਹੈ। ਇਸਲਾਮਾਬਾਦ ਪੁਲਿਸ ਥਾਣੇ ਅਧੀਨ ਪੈਂਦੀ ਗਲੀ ਚੌਕੀਆ ਵਾਲੀ ਦੇ ਵਾਸੀ ਗੁਰਦੀਪ ਸਿੰਘ (75) ਸ਼ਨਿਚਰਵਾਰ ਦੇਰ ਰਾਤ ਆਪਣੇ ਘਰ ਦੇ ਪਿੱਛੇ ਵਾਲੀ ਗਲੀ ‘ਚ ਰਹਿੰਦੇ ਰਿਸ਼ਤੇਦਾਰ ਦੀ ਸਿਹਤ ਬਾਰੇ ਪਤਾ ਲੈਣ ਗਏ ਸਨ। ਰਾਤ ਕਰੀਬ 10:30 ਵਜੇ ਜਦੋਂ ਉਹ ਘਰ ਪਰਤ ਰਹੇ ਸਨ ਤਾਂ ਪੰਜ-ਸੱਤ ਕੁੱਤਿਆਂ ਨੇ ਉਨ੍ਹਾਂ ਨੂੰ ਘੇਰ ਲਿਆ।

ਉਨ੍ਹਾਂ ਨੇ ਆਪਣਾ ਬਚਾਅ ਕਰਨ ਤੇ ਭੱਜਣ ਦੀ ਕੋਸ਼ਿਸ਼ ਕੀਤੀ, ਪਰ ਫਿਸਲ ਕੇ ਡਿੱਗ ਪਏ। ਉਨ੍ਹਾਂ ਦੇ ਸੱਟਾਂ ਲੱਗ ਗਈਆਂ। ਉਨ੍ਹਾਂ ਦੇ ਡਿੱਗਦੇ ਹੀ ਕੁੱਤਿਆਂ ਨੇ ਉਨ੍ਹਾਂ ਨੂੰ ਬੁਰੀ ਤਰ੍ਹਾਂ ਵੱਢਣਾਂ ਸ਼ੁਰੂ ਕਰ ਦਿੱਤਾ। ਉਨ੍ਹਾਂ ਬਚਾਅ ਲਈ ਕਾਫੀ ਰੌਲਾ ਪਾਇਆ ਪਾਇਆ ਪਰ ਕਿਸੇ ਨੇ ਉਨ੍ਹਾਂ ਦੀ ਆਵਾਜ਼ ਨਾ ਸੁਣੀ ਤੇ ਅਖ਼ੀਰ ਉਨ੍ਹਾਂ ਦੀ ਮੌਕੇ ‘ਤੇ ਹੀ ਮੌਤ ਹੋ ਗਈ। ਬਾਅਦ ‘ਚ ਗ਼ਲੀ ‘ਚੋ ਲੰਘ ਰਹੇ ਕੁਝ ਲੋਕਾਂ ਨੇ ਉਨ੍ਹਾਂ ਦੀ ਲਾਸ਼ ਦੇਖੀ ਤਾਂ ਘਰਦਿਆਂ ਨੂੰ ਸੂਚਨਾ ਦਿੱਤੀ ਗਈ। ਬਾਅਦ ‘ਚ ਪਰਿਵਾਰ ਨੇ ਕਿਸੇ ਤਰ੍ਹਾਂ ਦੀ ਵੀ ਪੁਲਿਸ ਕਾਰਵਾਈ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਪਰਿਵਾਰ ਨੇ ਮੀਡੀਆ ਸਾਹਮਣੇ ਵੀ ਆਉਣ ਤੋਂ ਇਨਕਾਰ ਕਰ ਦਿੱਤਾ।

# ਮਾੜੇ ਨਤੀਜਿਆਂ ’ਤੇ ਸਰਕਾਰ ਦਾ ਰੁਖ਼ ਸਖ਼ਤ

## 68 ਸਰਕਾਰੀ ਸਕੂਲਾਂ ਦੇ ਪ੍ਰਿੰਸੀਪਲਾਂ ਖ਼ਿਲਾਫ਼ ਹੋਵੇਗੀ ਕਾਰਵਾਈ

**ਚੰਡੀਗੜ੍ਹ:**ਪੰਜਾਬ ਦੇ ਸਰਕਾਰੀ ਸਕੂਲਾਂ ‘ਚ ਲਗਾਤਾਰ ਕਮਜ਼ੋਰ ਪ੍ਰੀਖਿਆ ਨਤੀਜੇ ਦੇਣ ਵਾਲੇ ਸਕੂਲਾਂ ਦੇ ਪ੍ਰਿੰਸੀਪਲਾਂ ਖ਼ਿਲਾਫ਼ ਸਿੱਖਿਆ ਵਿਭਾਗ ਸਖ਼ਤੀ ਦੇ ਮੂਡ ‘ਚ ਹੈ। ਸਿਖਿਆ ਵਿਭਾਗ ਨੇ 68 ਸਕੂਲਾਂ ਦੇ ਪ੍ਰਿੰਸੀਪਲਾਂ ਨੂੰ ਜਵਾਬਦੇਹ ਠਹਿਰਾਉਂਦਿਆਂ ਉਨ੍ਹਾਂ ਤੋਂ ਪਹਿਲਾਂ ਸਪੱਸ਼ਟੀਕਰਨ ਮੰਗਿਆ ਸੀ ਤੇ ਹੁਣ ਪ੍ਰਾਪਤ ਜਵਾਬਾਂ ਦੀ ਸਮੀਖਿਆ ਤੋਂ ਬਾਅਦ ਅਗਲੀ ਕਾਰਵਾਈ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ। ਵਿਭਾਗੀ ਅਧਿਕਾਰੀਆਂ ਅਨੁਸਾਰ 10ਵੀਂ ਤੇ 12ਵੀਂ ਜਮਾਤ ਦੇ ਲਗਾਤਾਰ ਮਾੜੇ ਨਤੀਜਿਆਂ ਨੂੰ ਗੰਭੀਰਤਾ ਨਾਲ ਲੈਂਦਿਆਂ ਇਹ ਫ਼ੈਸਲਾ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਦੇ ਬਿਹਤਰ ਨਤੀਜੇ ਯਕੀਨੀ ਬਣਾਉਣਾ ਸਕੂਲ ਮੁਖੀਆਂ ਦੀ ਜ਼ਿੰਮੇਵਾਰੀ ਹੈ ਤੇ ਇਸ ਸਬੰਧੀ ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਸਿੱਖਿਆ ਵਿਭਾਗ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਸਰਕਾਰੀ ਸਕੂਲਾਂ ‘ਚ ਸਿੱਖਿਆ ਦੀ ਗੁਣਵੱਤਾ ਸੁਧਾਰਨਾ ਸਰਕਾਰ ਦੀ ਤਰਜੀਹ ਹੈ। ਇਸ ਲਈ ਨਿਯਮਤ ਸਮੀਖਿਆ, ਨਿਰੀਖਣ ਤੇ ਪ੍ਰਦਰਸ਼ਨ ਦੇ ਆਧਾਰ ‘ਤੇ ਜਵਾਬਦੇਹੀ ਤੈਅ ਕੀਤੀ ਜਾ ਰਹੀ ਹੈ। ਵਧੀਆ ਪ੍ਰਦਰਸ਼ਨ ਕਰਨ ਵਾਲੇ ਸਕੂਲਾਂ ਨੂੰ ਉਤਸ਼ਾਹਤ ਕੀਤਾ ਜਾਵੇਗਾ, ਜਦਕਿ ਲਗਾਤਾਰ ਕਮਜ਼ੋਰ ਨਤੀਜੇ ਦੇਣ ਵਾਲੇ ਸਕੂਲਾਂ ਲਈ ਵਿਸ਼ੇਸ਼ ਸੁਧਾਰ ਯੋਜਨਾ ਲਾਗੂ ਕੀਤੀ ਜਾਵੇਗੀ। ਅਧਿਕਾਰੀਆਂ ਮੁਤਾਬਕ ਸਿਰਫ਼ ਪ੍ਰੀਖਿਆ ਨਤੀਜਿਆਂ ਹੀ ਨਹੀਂ, ਸਗੋਂ ਵਿਦਿਆਰਥੀਆਂ ਦੀ ਹਾਜ਼ਰੀ, ਪੜ੍ਹਾਈ ਦੇ ਪੱਧਰ, ਅਧਿਆਪਨ ਪ੍ਰਬੰਧ ਅਤੇ ਸਕੂਲ ਪ੍ਰਬੰਧਨ ਦੀ ਵੀ ਨਿਗਰਾਨੀ ਕੀਤੀ ਜਾ ਰਹੀ ਹੈ। ਲੋੜ ਪੈਣ ‘ਤੇ ਸਕੂਲਾਂ ਨੂੰ ਅਕਾਦਮਿਕ ਸਹਾਇਤਾ ਅਤੇ ਵਾਧੂ ਮਾਰਗਦਰਸ਼ਨ ਵੀ ਦਿੱਤਾ ਜਾਵੇਗਾ। ਸੂਤਰਾਂ ਅਨੁਸਾਰ ਜ਼ਿਲ੍ਹਾ ਸਿੱਖਿਆ ਅਧਿਕਾਰੀਆਂ ਨੂੰ ਵੀ ਅਜਿਹੇ ਸਕੂਲਾਂ ਦੀ ਨਿਯਮਤ ਨਿਗਰਾਨੀ ਕਰਕੇ ਮੁੱਖ ਦਫ਼ਤਰ ਨੂੰ ਪ੍ਰਗਤੀ ਰਿਪੋਰਟ ਭੇਜਣ ਦੇ ਨਿਰਦੇਸ਼ ਦਿੱਤੇ ਗਏ ਹਨ। ਜੇ. ਅਗਲੇ ਸੈਸ਼ਨ ‘ਚ ਵੀ ਉਮੀਦ ਅਨੁਸਾਰ ਸੁਧਾਰ ਨਾ ਹੋਇਆ ਤਾਂ ਸਬੰਧਤ ਅਧਿਕਾਰੀਆਂ ਅਤੇ ਸਕੂਲ ਮੁਖੀਆਂ ਖ਼ਿਲਾਫ਼ ਹੋਰ ਸਖ਼ਤ ਕਾਰਵਾਈ ਕੀਤੀ ਜਾ ਸਕਦੀ ਹੈ।



ਸੂਤਰਾਂ ਮੁਤਾਬਕ ਸਿੱਖਿਆ ਵਿਭਾਗ ਨੇ ਜ਼ਿਲ੍ਹਾ ਸਿੱਖਿਆ ਅਧਿਕਾਰੀਆਂ ਨੂੰ ਵੀ ਨਿਰਦੇਸ਼ ਦਿੱਤੇ ਹਨ ਕਿ ਉਹ ਅਜਿਹੇ ਸਕੂਲਾਂ ‘ਦੀ ਰੈਗੂਲਰ ਨਿਗਰਾਨੀ ਕਰਨ ਤੇ ਸਮੇਂ-ਸਮੇਂ ‘ਤੇ ਤਰੱਕੀ ਰਿਪੋਰਟ ਹੈੱਡਕੁਆਰਟਰ ਨੂੰ ਭੇਜਣ। ਜੇਕਰ ਅਗਲੇ ਸੈਸ਼ਨ ‘ਚ ਵੀ ਸੁਧਾਰ ਨਹੀਂ ਹੁੰਦਾ ਤਾਂ ਸਬੰਧਤ ਅਧਿਕਾਰੀਆਂ ਤੇ ਸਕੂਲ ਮੁਖੀਆਂ ਖ਼ਿਲਾਫ਼ ਹੋਰ ਸਖ਼ਤ ਕਾਰਵਾਈ ਕੀਤੀ ਜਾ ਸਕਦੀ ਹੈ।

# 87% ਭਾਰਤੀ ਬਾਲਗਾਂ ’ਚ ਗ਼ੈਰ-ਸਾਧਾਰਨ ਕੋਲੇਸਟਰੋਲ ਦਾ ਖ਼ਤਰਾ

**ਨਵੀਂ ਦਿੱਲੀ:**ਦੇਸ਼ ਵਿਚ ਕੋਲੇਸਟਰੋਲ ਦੀ ਸਮੱਸਿਆ ਤੇਜ਼ੀ ਨਾਲ ਗੰਭੀਰ ਹੋ ਰਹੀ ਹੈ। ਇੰਡੀਅਨ ਕੌਂਸਲ ਆਫ ਮੈਡੀਕਲ ਰਿਸਰਚ (ਆਈਸੀਐਮਆਰ) ਦੇ ਰਾਸ਼ਟਰੀ ਅਧਿਐਨ ਦੇ ਅਨੁਸਾਰ, ਲਗਪਗ 87.3 ਫ਼ੀਸਦ ਭਾਰਤੀ ਬਾਲਗ ਗ਼ੈਰ-ਸਾਧਾਰਨ ਲਿਪਿਡ ਪੱਧਰ (ਡਿਸਲਿਪਿਡਮੀਆ) ਨਾਲ ਪ੍ਰਭਾਵਿਤ ਹਨ। ਇਸ ਦਾ ਮਤਲਬ ਹੈ ਕਿ ਔਸਤ 10 ਵਿੱਚੋਂ 9 ਲੋਕਾਂ ਵਿਚ ਖ਼ਰਾਬ ਕੋਲੇਸਟਰੋਲ ਦੀ ਸਮੱਸਿਆ ਮੌਜੂਦ ਹੈ। ਖਾਸ ਗੱਲ ਇਹ ਹੈ ਕਿ ਇਨ੍ਹਾਂ ਵਿੱਚੋਂ ਬਹੁਤ ਸਾਰੇ ਲੋਕ ਦਿਖਾਈ ਦੇਣ ਵਿਚ ਪੂਰੀ ਤਰ੍ਹਾਂ ਸਿਹਤਮੰਦ ਹਨ ਅਤੇ ਉਨ੍ਹਾਂ ਨੂੰ ਨਾ ਮੋਟਾਪਾ ਹੈ, ਨਾ ਡਾਇਬੀਟੀਜ਼ ਅਤੇ ਨਾ ਹੀ ਹਾਈ ਬਲੱਡ ਪ੍ਰੈਸ਼ਰ।

ਆਈਸੀਐੱਮਆਰ-ਇੰਡਿਆਬੀ ਅਧਿਐਨ ਦੇ ਅਨੁਸਾਰ, ਗ਼ੈਰ-ਸਿਹਤਮੰਦ ਖਾਣ-ਪੀਣ ਅਤੇ ਬਦਲਦੀ ਜੀਵਨ ਸ਼ੈਲੀ ਇਸ ਸਮੱਸਿਆ ਦੇ ਸਭ ਤੋਂ ਵੱਡੇ ਕਾਰਨ ਬਣ ਕੇ ਉਭਰੇ ਹਨ। ਮਾਹਿਰਾਂ ਦਾ ਕਹਿਣਾ ਹੈ ਕਿ ਦਿਲ ਦੇ ਰੋਗ ਸਿਰਫ ਜਨਮਜਾਤ ਕਾਰਨਾਂ ਕਰਕੇ ਨਹੀਂ ਹੁੰਦੇ, ਸਗੋਂ ਸਾਡੀਆਂ ਰੋਜ਼ਾਨਾ ਦੀਆਂ ਆਦਤਾਂ ਵੀ ਇਸ ਲਈ ਬਰਾਬਰ ਤੌਰ ‘ਤੇ ਜ਼ਿੰਮੇਵਾਰ ਹਨ। ਸੰਤੁਲਿਤ ਭੋਜਨ, ਰੈਗੂਲਰ ਕਸਰਤ, ਵਜ਼ਨ ਨੂੰ ਕੰਟਰੋਲ ਰੱਖਣਾ ਅਤੇ ਤੰਬਾਕੂ ਤੋਂ ਦੂਰੀ ਬਣਾ ਕੇ ਇਸ ਖ਼ਤਰੇ ਨੂੰ ਕਾਫ਼ੀ ਹੱਦ ਤੱਕ ਘਟਾਇਆ ਜਾ ਸਕਦਾ ਹੈ।ਅਧਿਐਨ ਵਿਚ ਪਾਇਆ ਗਿਆ ਕਿ ਡਿਸਲਿਪਿਡਮੀਆ ਦਾ ਸਭ ਤੋਂ ਵੱਡਾ ਕਾਰਨ ਸਰੀਰ ਵਿਚ ਐੱਚਡੀਐੱਲ (ਚੰਗੇ ਕੋਲੇਸਟਰੋਲ) ਦਾ ਘਟਣਾ ਅਤੇ ਟ੍ਰਾਈਗਲਿਸਰਾਈਡ ਦਾ ਵਧਣਾ ਹੈ। ਐੱਚਡੀਐੱਲ ਧਮਨੀਆਂ ਤੋਂ ਖ਼ਰਾਬ ਚਰਬੀ ਨੂੰ ‘ ਬਾਹਰ ਕੱਢਣ ਵਿਚ ਮਦਦ ਕਰਦਾ ਹੈ। ਇਸ ਦੇ ਘਟਣ ਨਾਲ ਧਮਨੀਆਂ ਵਿਚ ਚਰਬੀ ਜੰਮਣ ਲਗਦੀ ਹੈ, ਜਿਸ ਨਾਲ ਦਿਲ ਦੇ ਦੌਰੇ, ਸਟ੍ਰੋਕ ਅਤੇ ਹੋਰ ਦਿਲ ਦੇ ਰੋਗਾਂ ਦਾ ਖ਼ਤਰਾ ਵਧ ਜਾਂਦਾ ਹੈ। ਨਾਲ ਹੀ ਇਨਸੁਲਿਨ ਰੇਜ਼ਿਸਟੈਂਸ ਦਾ ਖ਼ਤਰਾ ਵੀ ਵਧਦਾ ਹੈ।



ਮਾਹਿਰਾਂ ਦੇ ਮੁਤਾਬਕ, ਭਾਰਤੀ ਭੋਜਨ ਵਿਚ ਕਾਰਬੋਹਾਈਡਰੇਟ ਦੀ ਵੱਧ ਮਾਤਰਾ ਲੋਕਾਂ ਨੂੰ ਇਸ ਸਮੱਸਿਆ ਲਈ ਕੁਦਰਤੀ ਤੌਰ ‘ਤੇ ਵੱਧ ਸੰਵੇਦਨਸ਼ੀਲ ਬਣਾਉਂਦੀ ਹੈ। ਹਾਲਾਂਕਿ, ਸਮੇਂ ‘ਤੇ ਜੀਵਨਸ਼ੈਲੀ ਵਿਚ ਸੁਧਾਰ ਕਰ ਕੇ ਇਸ ਨੂੰ ਕੰਟਰੋਲ ਕੀਤਾ ਜਾ ਸਕਦਾ ਹੈ।

ਅਧਿਐਨ ਦੇ ਤਹਿਤ ਸਾਰੇ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੇ 23,665 ਲੋਕਾਂ ਦੀ ਲਿਪਿਡ ਪ੍ਰੋਫਾਈਲ ਦਾ ਵਿਸ਼ਲੇਸ਼ਣ ਕੀਤਾ ਗਿਆ। ਇਸ ਦੇ ਆਧਾਰ ‘ਤੇ ਖੋਜੀਆਂ ਨੇ ਅਨੁਮਾਨ ਲਗਾਇਆ ਹੈ ਕਿ ਦੇਸ਼ ਵਿਚ ਲਗਪਗ 35.5 ਕਰੋੜ ਲੋਕ ਗ਼ੈਰ-ਸਾਧਾਰਨ ਲਿਪਿਡ ਪੱਧਰ ਨਾਲ ਪ੍ਰਭਾਵਿਤ ਹੋ ਸਕਦੇ ਹਨ, ਜਦੋਂਕਿ ਉਨ੍ਹਾਂ ਦਾ ਬਲੱਡ ਸ਼ੂਗਰ, ਬਲੱਡ ਪ੍ਰੈਸ਼ਰ ਅਤੇ ਵਜ਼ਨ ਸਧਾਰਨ ਹੈ। ਰਿਪੋਰਟ ਦੇ ਅਨੁਸਾਰ, 30 ਤੋਂ 39 ਸਾਲ ਦੀ ਉਮਰ ਦੇ ਲੋਕਾਂ ਵਿਚ ਡਿਸਲਿਪਿਡਮੀਆ ਦਾ ਖ਼ਤਰਾ ਸਭ ਤੋਂ ਵੱਧ ਪਾਇਆ ਗਿਆ। ਇਹ ਜੀਵਨ ਦਾ ਸਭ ਤੋਂ ਉਤਪਾਦਕ ਦੌਰ ਮੰਨਿਆ ਜਾਂਦਾ ਹੈ, ਪਰ ਇਸੇ ਸਮੇਂ ਸਰੀਰ ਦੇ ਮੈਟਾਬੋਲਿਜ਼ਮ ਵਿਚ ਗ਼ੈਰ-ਸਿਹਤਮੰਦ ਬਦਲਾਅ ਵੀ ਤੇਜ਼ੀ ਨਾਲ ਸ਼ੁਰੂ ਹੋ ਜਾਂਦੇ ਹਨ।

ਮਹਿਲਾਵਾਂ, ਖਾਸ ਕਰਕੇ ਸ਼ਹਿਰੀ ਮਹਿਲਾਵਾਂ ਵਿਚ, ਇਹ ਖ਼ਤਰਾ ਪਿੰਡ ਦੀਆਂ ਮਹਿਲਾਵਾਂ ਦੀ ਤੁਲਨਾ ਵਿਚ ਵੱਧ ਦੇਖਿਆ ਗਿਆ।

ਮਾਹਿਰਾਂ ਦਾ ਕਹਿਣਾ ਹੈ ਕਿ ਪ੍ਰੋਸੈਸਡ ਫੂਡ ਦਾ ਵਧਦਾ ਚਲਨ, ਲੰਬੇ ਸਮੇਂ ਤੱਕ ਬੈਠ ਕੇ ਕੰਮ ਕਰਨਾ ਅਤੇ ਸਰੀਰਕ ਗਤੀਵਿਧੀਆਂ ਵਿਚ ਕਮੀ ਇਸ ਸਥਿਤੀ ਨੂੰ ਹੋਰ ਗੰਭੀਰ ਬਣਾ ਰਹੀਆਂ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਸਿਰਫ ਡਾਇਬੀਟੀਜ਼, ਮੋਟਾਪਾ ਜਾਂ ਹਾਈ ਬਲੱਡ ਪ੍ਰੈਸ਼ਰ ਹੋਣ ‘ਤੇ ਹੀ ਕੋਲੇਸਟਰੋਲ ਦੀ ਜਾਂਚ ਕਰਨ ਦੀ ਮੌਜੂਦਾ ਰਣਨੀਤੀ ਕਾਫ਼ੀ ਨਹੀਂ ਹੈ। ਵੱਡੇ ਪੱਧਰ ‘ਤੇ ਲਿਪਿਡ ਸਕ੍ਰੀਨਿੰਗ, ਸਮੇਂ ‘ਤੇ ਖ਼ਤਰੇ ਦੀ ਪਛਾਣ ਅਤੇ ਜੀਵਨਸ਼ੈਲੀ ਵਿਚ ਬਦਲਾਅ ਦੇ ਜ਼ਰੀਏ ਭਵਿੱਖ ਵਿਚ ਦਿਲ ਦੇ ਦੌਰੇ ਅਤੇ ਸਟ੍ਰੋਕ ਦੇ ਮਾਮਲਿਆਂ ਨੂੰ ਕਾਫ਼ੀ ਹੱਦ ਤੱਕ ਰੋਕਿਆ ਜਾ ਸਕਦਾ ਹੈ।


GoldenKey
LENDING
Grow your business with our Strategic
COMERCIAL LOAN SOLUTIONS
Partner with us for expert guidance and support
Contact Us at
317-620-4100
www.goldenkeylending.com
We speak your Language
English • ਪੰਜਾਬੀ • हिंदी • اردو
325 S. College Avenue, Indianapolis, Indiana 46202
NMLS 147421



Corporate NMLS# 68434
AZ License# BK-0945946
Sistar Mortgage
A Nationwide Lender



Balbir (Bill) Grewal
MORTGAGE LOAN OFFICER
NMLS# 353442
Over 2 Decades of experience providing high level servicing for new and experienced borrowers!
Residential and Commercial Loans
Available In Most States!
Special loan programs for:
- Jumbo Loans
- Self Employed and with a work permit
- Business loans with or without property
(734) 330-8859
balbir.grewal@sistarmortgage.com
balbirgrewal.sistarmortgage.com
https://www.nmlsconsumeraccess.org

SUPER TRAVEL
847-676-9090, 773-465-5566
E-mail: supertravel2003@live.com
Lowest Fares With Excellent Service
Domestic fares available
United Airlines
British Airways
For Emergency Call anytime at
847-436-9010
Etihad, Air India, KLM, Lufthansa, Delta, Qatar Airlines.



UMA TRAVELS
2541 W. Devon Ave., Chicago, IL 60659
For Delhi Amritsar-Bombay Ahmedabad, Hydrabad-Madras
Call For Special Sale Fares
Call: 773-338-5603

# ਇਮਾਨਦਾਰੀ ਮੇਰੀ ਕਮਾਈ ਅਤੇ ਲੋਕਾਂ ਨੂੰ ਮੇਰੇ 'ਤੇ ਪੂਰਾ ਭਰੋਸਾ: ਭਗਵੰਤ ਮਾਨ

**ਜਲੰਧਰ:** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਨਕੋਦਰ 'ਚ ਸਾਲਾਨਾ ਮੇਲੇ ਦੌਰਾਨ ਡੇਰਾ ਅਲਮਸਤ ਬਾਪੂ ਲਾਲ ਬਾਦਸ਼ਾਹ ਜੀ ਦੇ ਦਰਬਾਰ 'ਚ ਮੱਥਾ ਟੇਕਿਆ ਤੇ ਪੰਜਾਬ ਦੀ ਸ਼ਾਂਤੀ, ਖੁਸ਼ਹਾਲੀ ਤੇ ਸਰਬਪੱਖੀ ਵਿਕਾਸ ਲਈ ਅਸ਼ੀਰਵਾਦ ਲਿਆ।

ਮੇਲੇ 'ਚ ਸ਼ਾਮਲ ਹੋਣ ਪੁੱਜੇ ਲੋਕਾਂ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਮੇਰੀ ਕਮਾਈ ਸਿਰਫ਼ ਇਮਾਨਦਾਰੀ ਹੈ। ਇਸ ਕਾਰਨ ਸੂਬੇ ਦੀ ਜਨਤਾ ਦਾ ਮੇਰੇ 'ਤੇ ਅੱਟੁਟ ਭਰੋਸਾ ਹੈ ਤੇ ਇਹੀ ਮੇਰੀ ਸਭ ਤੋਂ ਵੱਡੀ ਤਾਕਤ ਹੈ। ਮੈਂ ਇਸ ਅਟੁੱਟ ਭਰੋਸੇ ਨੂੰ ਕਦੀ ਟੁੱਟਣ ਨਹੀਂ ਦੇਵਾਂਗਾ। ਮੁੱਖ ਮੰਤਰੀ ਨੇ ਕਿਹਾ ਕਿ ਅੱਜ ਇਸ ਪਵਿੱਤਰ ਸਥਾਨ 'ਤੇ ਹਾਜ਼ਰ ਹੋਣ ਹੋਣਾ ਮੈਨੂੰ ਬਹੁਤ ਖ਼ੁਸ਼ੀ ਤੇ ਆਨੰਦ ਦੇ ਰਿਹਾ ਹੈ। ਪੰਜਾਬ ਮੇਰੇ ਤੇ ਤਿਉਹਾਰਾਂ ਦੀ ਧਰਤੀ ਹੈ। ਇਹ ਇਕ ਉਪਜਾਊ ਜ਼ਮੀਨ, ਜਿੱਥੇ ਹਰੇਕ ਬੀਜ਼ ਪੁੰਗਰ ਸਕਦਾ ਹੈ, ਪਰ ਨਫ਼ਰਤ ਦਾ ਬੀਜ ਇੱਥੇ ਕਦੀ ਨਹੀਂ ਉੱਗ ਕਦਾ। ਵੰਡਪਾਊ ਤਾਕਤਾਂ ਇੱਥੇ ਕਦੀ ਕਾਮਯਾਬ ਨਹੀਂ ਹੋ ਸਕਦੀਆਂ ਕਿਉਂਕਿ ਫਿਰਕੂ ਸਦਭਾਵ ਤੇ ਏਕਤਾ ਪੰਜਾਬ ਦੀ ਸਭ ਤੋਂ ਵੱਡੀ ਤਾਕਤ ਹੈ। ਪੰਜਾਬ ਦੇ ਲੋਕ ਹਮੇਸ਼ਾ ਚੰਗੇ ਤੇ ਮੁਸ਼ਕਲ ਸਮੇਂ 'ਚ ਇੱਕਠੇ ਰਹਿੰਦੇ ਹਨ। ਪੰਜਾਬ ਦੇ ਲੋਕਾਂ ਦੇ ਅਟੁੱਟ ਭਰੋਸੇ ਲਈ ਧੰਨਵਾਦ ਦਿੰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਅਸੀਂ ਇਕ ਖ਼ੁਸ਼ਹਾਲ ਤੇ ਅਮੀਰ ਪੰਜਾਬ ਬਣਾਉਣਾ ਹੈ, ਨਾ ਕਿ ਇਕ ਹੋਰ ਲੰਡਨ ਜਾਂ ਕੈਲੀਫੋਰਨੀਆ। ਇਸ ਮੌਕੇ 'ਤੇ ਸੀਨੀਅਰ ਨੇਤਾ ਤੇ ਪੰਜਾਬ ਮਾਮਲਿਆਂ ਦੇ ਇੰਚਾਰਜ ਮਨੀਸ਼ ਸਿਸੋਦੀਆ, ਵਿਧਾਇਕ ਇੰਦਰਜੀਤ ਕੌਰ ਮਾਨ ਤੇ ਕਈ ਹੋਰ ਪਤਵੰਤ ਹਾਜ਼ਰ ਸਨ। ਮੁੱਖ ਮੰਤਰੀ ਭਗਵੰਤ ਮਾਨ ਨੇ ਦਰਬਾਰ ਦੇ ਗੱਦੀਨਸ਼ੀਲ ਤੇ ਸਾਬਕਾ ਸੰਸਦ ਮੈਂਬਰ ਹੰਸਰਾਜ ਨੂੰ ਕਿਹਾ ਕਿ ਤੁਸੀਂ ਆਪਣੇ ਹਥਿਆਰ ਸੁੱਟੇ ਹਨ, ਚਲਾਉਣਾ ਨਾ ਭੁੱਲਣਾ।



ਹੰਸਰਾਜ ਹੰਸ ਨਾਲ ਨਾਲ ਇਕੱਠੇ ਬਿਤਾਏ ਪੁਰਾਣੇ ਦਿਨਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਕ ਵਾਰ ਸੁਨਾਮ ਦੇ ਕਾਲਜ 'ਚ ਜਦੋਂ ਹੰਸਰਾਜ ਹੰਸ ਦਾ ਸ਼ੋਅ ਸੀ ਤਾਂ ਉਹ ਸੀਆਰਪੀਐੱਫ ਦੀਆਂ ਡਾਂਗਾਂ ਖਾ ਕੇ ਵੀ ਇਸ ਨੂੰ ਦੇਖਣ ਪੁੱਜੇ ਸਨ। ਹਾਲਾਂਕਿ ਹੰਸਰਾਜ ਹੰਸ ਨੇ ਖ਼ੁਦ ਹੀ ਟੈਂਟ ਹਟਾਉਣ ਲਈ ਕਹਿ ਦਿੱਤਾ। ਇਸ ਤੋਂ ਬਾਅਦ ਉਹ ਵੀ ਖੜ੍ਹੇ ਹੋ ਕੇ ਉਨ੍ਹਾਂ ਨੂੰ ਸੁਣਨ ਲੱਗੇ।

### ਸਾਡੀ ਸਰਕਾਰ ਨੇ ਦਿੱਤਾ ਕਲਾਕਾਰਾਂ ਨੂੰ ਸਨਮਾਨ

ਮਾਨ ਨੇ ਕਿਹਾ ਕਿ ਪਹਿਲਾਂ ਦੱਖਣੀ ਭਾਰਤ 'ਚ ਕਲਾਕਾਰ ਸਿਆਸਤ 'ਚ ਕਾਮਯਾਬੀ ਹਾਸਲ ਕਰਦੇ ਸਨ। ਪਹਿਲਾਂ ਪੰਜਾਬ ਦੇ ਕਲਾਕਾਰਾਂ ਨੂੰ ਉਹ ਮਾਨ ਸਨਮਾਨ ਹਾਸਲ ਕਰਦੇ ਸਨ। ਪਹਿਲਾਂ ਪੰਜਾਬ ਦੇ ਕਲਾਕਾਰਾਂ ਨੂੰ ਉਹ ਮਾਨ-ਸਨਮਾਨ ਨਹੀਂ ਮਿਲਦਾ ਸੀ, ਜਿਸ ਦੇ ਉਹ ਹੱਕਦਾਰ ਹਨ। ਉਨ੍ਹਾਂ ਨੂੰ ਸਿਰਫ਼ ਸਿਆਸਤੀ ਪ੍ਰੋਗਰਾਮਾਂ 'ਚ ਭੀੜ ਇਕੱਠੀ ਕਰਨ ਲਈ ਬੁਲਾਇਆ ਜਾਂਦਾ ਸੀ। ਹੁਣ ਸਮਾਂ ਬਦਲ ਗਿਆ ਹੈ। ਸਾਡੀ ਸਰਕਾਰ ਕਲਾ ਤੇ ਕਲਾਕਾਰਾਂ ਦੋਵਾਂ ਦੀ ਕਦਰ ਕਰਦੀ ਹੈ। ਪਹਿਲਾਂ ਮੈਂ ਵੀ ਕਾਂਗਰਸ ਤੇ ਅਕਾਲੀ ਦਲ ਦੇ ਪ੍ਰੋਗਰਾਮਾਂ 'ਚ ਜਾ ਕੇ ਪੇਸ਼ਕਾਰੀ ਦਿੰਦਾ ਸੀ। ਚੁੱਲ੍ਹਾ ਸਾਡਾ ਤੇ ਰੋਟੀਆਂ ਉਹ ਸੇਕਦੇ ਸਨ। ਹੁਣ ਕਲਾਕਾਰਾਂ ਨੇ ਨਵੀਂ ਰਵਾਇਤ ਸ਼ੁਰੂ ਕੀਤੀ ਹੈ, ਜਦਕਿ ਸਿਆਸੀ ਨੇਤਾ ਕਾਮੇਡੀ ਕਰ ਰਹੇ ਹਨ।

ਹੰਸਰਾਜ ਹੰਸ ਨੇ ਕਿਹਾ ਕਿ ਪਹਿਲਾਂ ਸਿਆਸੀ ਪ੍ਰੋਗਰਾਮਾਂ 'ਚ ਕਲਾਕਾਰ ਜਦੋਂ ਤੱਕ ਪੇਸ਼ਕਾਰੀ ਦਿੰਦੇ ਸਨ, ਲੋਕ ਬੈਠੇ ਰਹਿੰਦੇ ਸਨ। ਜਿਵੇਂ ਹੀ ਕਲਕਾਰਾ ਜਾਂਦੇ ਤੇ ਨੇਤਾ ਸੰਬੋਧਨ ਕਰਨ ਲੱਗਦੇ ਤਾਂ ਲੋਕ ਉੱਠ ਕੇ ਜਾਣੇ ਸ਼ੁਰੂ ਕਰ ਦਿੰਦੇ ਹਨ। ਮੁੱਖ ਮੰਤਰੀ ਭਗਵੰਤ ਮਾਨ ਨੂੰ ਸੁਣਨ ਲਈ ਲੋਕ ਆਉਂਦੇ ਹਨ। ਤਾਕਤ ਤੇ ਪੈਸਾ ਆਉਣ ਤੋਂ ਬਾਅਦ ਲੋਕ ਬਦਲ ਜਾਂਦੇ ਹਨ, ਪਰ ਭਗਵੰਤ ਮਾਨ ਇਸ ਤੋਂ ਜੁਦਾ ਹਨ। ਉਹ ਦੋਸਤਾਂ ਤੋਂ ਅੱਜ ਵੀ ਪਹਿਲਾਂ ਵਾਂਗ ਮਿਲਦੇ ਹਨ।

# ਪੰਜਾਬ ਵਿਚ ਮਨਰੇਗਾ ਕਾਮਿਆਂ ਦਾ ਭਵਿੱਖ ਧੁੰਦਲਾ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਮਨਰੇਗਾ ਤਹਿਤ ਕੰਮ ਕਰ ਰਹੇ ਮੁਲਾਜ਼ਮਾਂ ਨੂੰ ਪੱਕਾ ਕਰਨ ਦੀ ਮੰਗ ਨੇ ਇਕ ਵਾਰ ਫਿਰ ਦੇਸ਼ 'ਚ ਮਨਰੇਗਾ ਕਾਮਿਆਂ ਦੇ ਭਵਿੱਖ ਨਾਲ ਜੁੜੇ ਮੁੱਦੇ 'ਤੇ ਚਰਚਾ ਛੇੜ ਦਿੱਲੀ ਹੈ। ਉਨ੍ਹਾਂ ਦੀ ਮੰਗ ਸਿਰਫ਼ ਮਨਰੇਗਾ ਕਾਮਿਆਂ ਤੱਕ ਸੀਮਤ ਨਹੀਂ, ਸਗੋਂ ਆਂਗਣਵਾੜੀ ਵਰਕਰਾਂ, ਅਧਿਆਪਕਾਂ ਤੇ ਵੱਖ-ਵੱਖ ਸਰਕਾਰੀ ਵਿਭਾਗਾਂ 'ਚ ਸਾਲਾਂ ਤੋਂ ਠੇਕੇ 'ਤੇ ਕੰਮ ਕਰ ਰਹੇ ਹਜ਼ਾਰਾਂ ਮੁਲਾਜ਼ਮਾਂ ਦੀਆਂ ਉਮੀਦਾਂ ਨਾਲ ਜੁੜੀ ਹੋਈ ਹੈ। ਇਹ ਉਹ ਵਰਗ ਹੈ ਜੋ ਲੰਬੇ ਸਮੇਂ ਤੋਂ ਸਰਕਾਰੀ ਕੰਮਕਾਜ ਦਾ ਹਿੱਸਾ ਬਣਿਆ ਹੋਇਆ ਹੈ ਪਰ ਅਜੇ ਵੀ ਪੱਕੀਆਂ ਸਹੂਲਤਾਂ ਨੂੰ ਤਰਸ ਰਿਹਾ ਹੈ। ਕੇਂਦਰ ਸਰਕਾਰ ਵੱਲੋਂ ਮਨਰੇਗਾ, ਜਿਸ ਨੂੰ ਹੁਣ ਵੀਬੀ-ਜੀਰਾਮਜੀ ਯੋਜਨਾ ਦੇ ਨਾਂ ਨਾਲ ਜਾਣਿਆ ਜਾਣੈ ਲੱਗਾ ਹੈ, ਤਹਿਤ ਰੁਜ਼ਗਾਰ ਦੇ ਦਿਨਾਂ ਤੇ ਮਜ਼ਦੂਰੀ 'ਚ ਵਾਧਾ ਕਰਨਾ ਯਕੀਨੀ ਤੌਰ 'ਤੇ ਪੇਂਡੂ ਮਜ਼ਦੂਰਾਂ ਦੇ ਹਿੱਤ 'ਚ ਚੁੱਕਿਆ ਗਿਆ ਕਦਮ ਮੰਨਿਆ ਜਾ ਰਿਹਾ ਹੈ ਪਰ ਇਸ ਸਿੱਕੇ ਦਾ ਦੂਜਾ ਪੱਖ ਬੇਹੱਦ ਚਿੰਤਾਜਨਕ ਹੈ। ਇਸ ਫ਼ੈਸਲੇ ਨਾਲ ਸੂਬਿਆਂ ਸਿਰ ਪੈਣ ਵਾਲੀ ਵਿੱਤੀ ਹਿੱਸੇਦਾਰੀ ਵੱਧ ਗਈ ਹੈ, ਜਿਸ ਨੇ ਸੂਬਿਆਂ 'ਤੇ ਅਸਹਿ ਵਿੱਤੀ ਬੋਝ ਪਾ ਦਿੱਤਾ ਹੈ। ਬੇਸ਼ਕ ਜੀਰਾਮਜੀ ਨਾਲ ਪਿੰਡਾਂ 'ਚ ਰਹਿੰਦੇ ਗ਼ਰੀਬ ਪਰਿਵਾਰਾਂ ਨੂੰ ਕੁਝ ਆਰਥਿਕ ਰਾਹਤ ਮਿਲੇਗੀ ਤੇ ਰੁਜ਼ਗਾਰ ਦੇ ਹੋਰ ਮੌਕੇ ਪੈਦਾ ਹੋਣਗੇ ਪਰ ਯੋਜਨਾ ਦੇ ਸੰਚਾਲਨ ਨਾਲ ਜੁੜੀਆਂ ਵਿੱਤੀ ਜ਼ਿੰਮੇਵਾਰੀਆਂ ਨੂੰ ਨਿਭਾਉਣਾ ਕਿਸੇ ਚੁਣੌਤੀ ਤੋਂ ਘੱਟ ਨਹੀਂ ਹੈ। ਹਕੀਕਤ ਇਹ ਵੀ ਹੈ ਕਿ ਪੰਜਾਬ ਵਰਗੇ ਸੂਬੇ ਪਹਿਲਾਂ ਹੀ ਵੱਡੇ ਕਰਜ਼ੇ ਤੇ ਆਰਥਿਕ ਤੰਗੀ ਨਾਲ ਜੂਝ ਰਹੇ ਹਨ। ਅਜਿਹੀ ਸਥਿਤੀ 'ਚ ਜਦੋਂ ਸੂਬਿਆਂ ਕੋਲ ਆਪਣੇ ਮੌਜੂਦਾ ਖ਼ਰਚੇ ਚੁੱਕਣ ਲਈ ਲੋੜੀਂਦਾ ਪੈਸਾ ਨਹੀਂ ਹੈ ਤਾਂ ਇਨ੍ਹਾਂ ਕਾਮਿਆਂ ਨੂੰ ਪੱਕੇ ਕਰ ਕੇ ਉਨ੍ਹਾਂ ਦੇ ਬਕਾਏ ਤੇ ਪੈਨਸ਼ਨਾਂ ਦਾ ਪ੍ਰਬੰਧ ਕਰਨਾ ਦੂਰ ਦੀ ਗੱਲ ਜਾਪਦੀ ਹੈ। ਜਿੱਥੋਂ ਤੱਕ ਕੇਂਦਰੀ ਸਕੀਮਾਂ ਨੂੰ ਲਾਗੂ ਕਰਨ ਦੀ ਗੱਲ ਹੈ, ਸੂਬਾ ਸਰਕਾਰਾਂ ਇਨ੍ਹਾਂ ਨੂੰ ਚਲਾ ਤਾਂ ਰਹੀਆਂ ਹਨ ਪਰ ਇਨ੍ਹਾਂ ਦੇ ਸੰਚਾਲਨ 'ਚ ਕਈ ਚੁਣੌਤੀਆਂ ਹਨ। ਵਿਧਾਨ ਸਭਾ ਚੋਣਾਂ ਨੇੜੇ ਹੋਣ ਕਾਰਨ ਇਕ ਪਾਸੇ ਮੁਲਾਜ਼ਮਾਂ ਨੂੰ ਪੱਕਾ ਕਰਨ ਦਾ ਦਬਾਅ ਹੈ ਤੇ ਦੂਜੇ ਪਾਸੇ ਖ਼ਜ਼ਾਨਾ ਖਾਲੀ ਹੋਣ ਦੇ ਖ਼ਦਸ਼ੇ ਹਨ। ਸ਼ਾਇਦ ਇਸੇ ਲਈ ਸੂਬਾ ਸਰਕਾਰ ਹੁਣ ਮਨਰੇਗਾ ਵਰਗੀਆਂ ਕੇਂਦਰੀ ਸਕੀਮਾਂ ਦੇ ਕਾਮਿਆਂ ਨੂੰ ਪੱਕਾ ਕਰਨ ਦੀ ਜ਼ਿੰਮੇਵਾਰੀ ਕੇਂਦਰ ਸਿਰ ਪਾ ਰਹੀ ਹੈ। ਇਸ ਯੋਜਨਾ ਦੇ ਸੰਚਾਲਨ ਲਈ ਤਾਇਨਾਤ ਕਾਮਿਆ ਨੂੰ ਮਿਹਨਤਾਨਾ ਪਹਿਲਾਂ 100 ਫੀਸਦ ਕੇਂਦਰ ਸਰਕਾਰ ਵੱਲੋਂ ਦਿੱਤਾ ਜਾਂਦਾ ਸੀ ਪਰ ਵੀਬੀ-ਜੀਰਾਮਜੀ ਤਹਿਤ ਸੂਬਿਆਂ ਨੂੰ ਇਸ 'ਚ 40 ਫੀਸਦ ਹਿੱਸੇਦਾਰੀ ਪਾਉਣ ਦਾ ਫਰਮਾਨ ਜਾਰੀ ਕਰ ਦਿੱਤਾ ਗਿਆ। ਇਸ ਹੁਕਮ ਨੇ ਪੇਂਡੂ ਵਿਕਾਸ ਪ੍ਰੋਗਰਾਮਾਂ ਨੂੰ ਸਮਰਿਪਤ ਭਾਵਨਾ ਨਾਲ ਲਾਗੂ ਕਰਨ ਵਾਲੇ ਕਾਮਿਆਂ ਦੇ ਪੱਕੇ ਹੋਣ ਦੀਆਂ ਉਮੀਦਾਂ 'ਤੇ ਪਾਣੀ ਫੇਰ ਦਿੱਤਾ। ਕੇਂਦਰ ਸਰਕਾਰ ਨੇ ਰੁਜ਼ਗਾਰ ਦੇ ਦਿਨਾਂ 'ਚ ਵਾਧਾ ਕਰ ਕੇ ਵਾਹ-ਵਾਹੀ ਤਾਂ ਖੱਟ ਲਈ ਪਰ ਸਵਾਲ ਉੱਠਦਾ ਹੈ ਕਿ ਕੀ ਸਿਰਫ਼ -ਰੁਜ਼ਗਾਰ ਦੇ ਦਿਨਾਂ 'ਚ ਵਾਧੇ ਨਾਲ ਕਾਮਿਆਂ ਦੇ ਪਰਿਵਾਰਾਂ ਦਾ ਪੂਰੇ ਸਾਲ ਦਾ ਗੁਜ਼ਾਰਾ ਚੱਲ ਸਕੇਗਾ? ਇਸ ਨਾਜ਼ੁਕ ਮੋੜ 'ਤੇ ਸਭ ਤੋਂ ਵੱਡੀ ਲੋੜ ਸਿਆਸੀ ਸੰਜੀਦਗੀ ਦੀ ਹੈ।ਵਿਰੋਧੀ ਧਿਰਾਂ ਨੂੰ ਵੀ ਚਾਹੀਦਾ ਹੈ ਕਿ ਉਹ ਲੱਖਾਂ ਪਰਿਵਾਰਾਂ ਦੀ ਰੋਜ਼ੀ-ਰੋਟੀ ਨਾਲ ਜੁੜੇ ਇਸ ਸੰਵੇਦਨਸ਼ੀਲ ਮੁੱਦੇ ਦਾ ਸਿਆਸੀਕਰਨ ਨਾ ਕਰਨ ਤੇ ਦੂਸ਼ਣਬਾਜ਼ੀ ਤੋਂ ਗੁਰੇਜ਼ ਕਰਨ। ਕੇਂਦਰ ਤੇ ਸੂਬਾ ਸਰਕਾਰਾਂ ਨੂੰ ਵੀ ਦੋਸ਼-ਮੜ੍ਹਨ ਦੀ ਖੇਡ ਬੰਦ ਕਰਨੀ ਪਵੇਗੀ। ਕੇਂਦਰ ਸਰਕਾਰ ਨੂੰ ਪਹਿਲ ਕਰਦੇ ਹੋਏ ਸੂਬਿਆਂ ਦੀ ਆਰਥਿਕ ਮਦਦ ਕਰਨੀ ਚਾਹੀਦੀ ਹੈ ਤਾਂ ਜੋ ਕੱਚੇ ਕਾਮਿਆਂ ਦੇ ਭਵਿੱਖ ਨੂੰ ਸੁਰੱਖਿਅਤ ਬਣਾਇਆ ਜਾ ਸਕੇ।"


ਸ੍ਰੀ ਹਰਿ ਕ੍ਰਿਸ਼ਨ ਧਿਆਈਐ ਜਿਸ ਡਿਠੇ ਸਭ ਦੁਖ ਜਾਏ॥

**ਸਮੂਹ ਸੰਗਤਾਂ ਨੂੰ ਸ੍ਰੀ ਗੁਰੂ ਹਰਕ੍ਰਿਸ਼ਨ ਜੀ ਦੇ ਪ੍ਰਕਾਸ਼ ਪੁਰਬ ਦੀ ਲੱਖ ਲੱਖ ਵਧਾਈ ਹੋਵੇ ਜੀ**



ਸ੍ਰੀ ਗੁਰੂ ਹਰਕ੍ਰਿਸ਼ਨ ਜੀ ਦੇ ਪ੍ਰਕਾਸ਼ ਪੁਰਬ ਸਬੰਧੀ
ਵਿਸ਼ੇਸ਼ ਸਮਾਗਮ
ਗੁਰਦੁਆਰਾ ਸਾਹਿਬ ਪੈਲਾਟਾਈਨ
ਵਿਖੇ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਕੀਤਾ ਜਾ ਰਿਹਾ ਹੈ। ਆਪ ਸਭ ਨੂੰ ਪ੍ਰਕਾਸ਼ ਪੁਰਬ ਸਮਾਗਮ ਵਿਚ ਪਰਿਵਾਰ ਸਮੇਤ ਪਹੁੰਚ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰਨ ਦੀ ਬੇਨਤੀ ਹੈ ਜੀ।

ਪ੍ਰੋਗਰਾਮ ਦਾ ਵੇਰਵਾ
24 ਜੁਲਾਈ, 2026 (ਸ਼ੁਕਰਵਾਰ), ਅਰੰਭ ਸ੍ਰੀ ਅਖੰਡ ਪਾਠ ਸਵੇਰੇ 8:30 ਵਜੇ
26 ਜੁਲਾਈ, 2026 (ਐਤਵਾਰ), ਭੋਗ ਸ੍ਰੀ ਅਖੰਡ ਪਾਠ ਸਵੇਰੇ 9 ਵਜੇ
ਕੀਰਤਨ: 9 ਤੋਂ ਦੁਪਹਿਰ 12 ਵਜੇ ਤਕ

ਪਾਠ, ਕੀਰਤਨ ਅਤੇ ਲੰਗਰ ਦੀ ਸੇਵਾ
ਰਵਿੰਦਰ ਸਿੰਘ ਕਪੂਰ, ਪਰਮਜੀਤ ਕੌਰ ਕਪੂਰ ਅਤੇ ਪਰਿਵਾਰ ਵਲੋਂ

Ravi Kapoor: Prag International (1125 Howard Street.Elk Grove Village. IL 60007)
Ph:- 847-979-5970. 847-979-5990. 847-228-0150. 847-979-8949

# ਸਾਬਕਾ ਐਮ. ਪੀ. ਤਰਲੋਚਨ ਸਿੰਘ ਨੂੰ ਦਿੱਤਾ ਜਾਵੇਗਾ 'ਗੁਰਮਤਿ ਰਤਨ' ਪੁਰਸਕਾਰ

**ਚੰਡੀਗੜ੍ਹ:**ਪੰਜਾਬ ਕਲਾ ਪਰਿਸ਼ਦ ਵੱਲੋਂ ਪਦਮ ਸ੍ਰੀ ਡਾ. ਰਤਨ ਸਿੰਘ ਜੱਗੀ ਮੈਮੋਰੀਅਲ ਚੈਰਿਟੇਬਲ ਫਾਉਂਡੇਸ਼ਨ ਦੇ ਸਹਿਯੋਗ ਨਾਲ ਪਹਿਲਾ ਯਾਦਗਾਰੀ 'ਗੁਰਮਤਿ ਰਤਨ' ਐਵਾਰਡ ਸਰਦਾਰ ਤਰਲੋਚਨ ਸਿੰਘ ਸਾਬਕਾ ਐਮ ਪੀ ਨੂੰ ਦਿੱਤਾ ਜਾ ਰਿਹਾ ਹੈ। ਉਨ੍ਹਾਂ ਨੂੰ 51000/- ਰੁਪਏ, ਦੁਸ਼ਾਲਾ ਤੇ ਯਾਦਗਾਰੀ ਚਿੰਨ ਪ੍ਰਦਾਨ ਕੀਤਾ ਜਾਵੇਗਾ । ਇਨਾਮ ਸਬੰਧੀ ਜਿਊਰੀ ਮੈਂਬਰ ਡਾ. ਬਲਕਾਰ ਸਿੰਘ, ਡਾ ਨਵਿਦੇਤਾ ਸਿੰਘ, ਡਾ. ਆਤਮ ਰੰਧਾਵਾ ਅਤੇ ਸ੍ਰੀ ਮਲਵਿੰਦਰ ਸਿੰਘ ਜੱਗੀ ਸਨ। ਸਰਦਾਰ ਤਰਲੋਚਨ ਸਿੰਘ ਸਾਬਕਾ ਐਮ ਪੀ ਜਿਨ੍ਹਾਂ ਨੇ ਹਰ ਮੰਚ ਉੱਤੇ ਗੁਰਮਤਿ ਸਿਧਾਂਤ ਲੋਕਾਂ ਤੱਕ ਪਹੁੰਚਾਉਣ ਲਈ ਅਤੇ ਸਾਰੀ ਦੁਨੀਆਂ ਵਿਚ ਗੁਰਮਤਿ ਸਿਧਾਂਤ ਦਾ ਸੁਨੇਹਾ ਪਹੁੰਚਾਉਣ ਲਈ ਉਨ੍ਹਾਂ ਨੇ ਵੱਡੀ ਭੂਮਿਕਾ ਨਿਭਾਈ ਹੈ। ਪੰਜਾਬ ਕਲਾ ਪਰਿਸ਼ਦ ਦੇ ਓਪਨ ਏਅਰ ਥੀਏਟਰ ਦਾ ਰੈਨੋਵੇਸ਼ਨ ਦਾ ਕੰਮ ਵੀ ਇਸ ਟਰਸਟ ਵੱਲੋਂ ਡਾ. ਰਤਨ ਸਿੰਘ ਜੱਗੀ ਦੇ ਬੇਟੇ ਮਲਵਿੰਦਰ ਸਿੰਘ ਜੱਗੀ ਵੱਲੋਂ ਕਰਵਾਇਆ ਜਾ ਰਿਹਾ ਹੈ। ਇਹ ਐਵਾਰਡ ਹਰ ਸਾਲ ਗੁਰਮਤਿ ਸਿਧਾਂਤ ਦੇ ਖੇਤਰ ਵਿਚ ਕਿਸੇ ਉੱਘੀ ਸ਼ਖਸੀਅਤ ਨੂੰ ਦਿੱਤਾ ਜਾਇਆ ਕਰੇਗਾ।

ਸਾਬਕਾ ਸੰਸਦ ਮੈਂਬਰ ਤਰਲੋਚਨ ਸਿੰਘ ਇੱਕ ਉੱਘੇ ਸਿੱਖ ਆਗੂ, ਸਮਾਜ ਸੇਵੀ ਅਤੇ ਸਿੱਖਿਆ ਪ੍ਰੇਮੀ ਹਨ। ਉਹ 2004 ਤੋਂ 2010 ਤੱਕ ਰਾਜ ਸਭਾ ਦੇ ਮੈਂਬਰ ਰਹੇ। ਇਸ ਤੋਂ ਪਹਿਲਾਂ ਉਹ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਵਜੋਂ ਵੀ ਸੇਵਾਵਾਂ ਨਿਭਾ ਚੁੱਕੇ ਸਨ।ਉਹ ਨਿਰੰਤਰ ਸਿੱਖ ਮਾਮਲਿਆਂ ਉੱਤੇ ਪਾਰਲੀਮੈਂਟ ਸਮੇਤ ਹਰ ਮੰਚ ਉੱਤੇ ਉਠਾਉਣ ਲਈ ਜਾਣੇ ਜਾਂਦੇ ਹਨ।ਉਨ੍ਹਾਂ ਨੇ ਘੱਟ ਗਿਣਤੀਆਂ ਦੇ ਹੱਕਾਂ ਦੀ ਰੱਖਿਆ, ਧਾਰਮਿਕ ਸਦਭਾਵਨਾ ਅਤੇ ਸਮਾਜਿਕ ਨਿਆਂ ਲਈ ਮਹੱਤਵਪੂਰਨ ਯੋਗਦਾਨ ਪਾਇਆ। ਸਿੱਖ ਵਿਰਾਸਤ, ਸਿੱਖਿਆ ਅਤੇ ਰਾਸ਼ਟਰੀ ਏਕਤਾ ਨੂੰ ਉਤਸ਼ਾਹਿਤ ਕਰਨ ਲਈ ਉਨ੍ਹਾਂ ਦਾ ਯੋਗਦਾਨ ਹਮੇਸ਼ਾ ਯਾਦ ਕੀਤਾ ਜਾਵੇਗਾ। ਸਾਦਗੀ, ਇਮਾਨਦਾਰੀ ਅਤੇ ਲੋਕ ਸੇਵਾ ਪ੍ਰਤੀ ਸਮਰਪਣ ਕਾਰਨ ਤਰਲੋਚਨ ਸਿੰਘ ਨੂੰ ਦੇਸ਼ ਭਰ ਵਿੱਚ ਇੱਕ ਸਨਮਾਨਿਤ ਸਖਸ਼ੀਅਤ ਵਜੋਂ ਜਾਣਿਆ ਜਾਂਦਾ ਹੈ।



*ਪਹਿਲਾ ਯਾਦਗਾਰੀ 'ਗੁਰਮਤਿ ਰਤਨ' ਐਵਾਰਡ ਸਰਦਾਰ ਤਰਲੋਚਨ ਸਿੰਘ ਨੂੰ ਦਿੱਤਾ ਜਾ ਰਿਹਾ ਹੈ*

ਪ੍ਰਸਿੱਧ ਸਾਹਿਤਕਾਰ ਡਾ. ਰਤਨ ਸਿੰਘ ਜੱਗੀ ਦਾ ਨਾਮ ਪੰਜਾਬੀ-ਹਿੰਦੀ ਅਤੇ ਗੁਰਮਤਿ ਤੇ ਭਗਤੀ ਲਹਿਰ ਸਾਹਿਤ ਦੇ ਉੱਘੇ ਵਿਦਵਾਨਾਂ/ ਮਾਹਿਰਾਂ ਵਿੱਚ ਸ਼ੁਮਾਰ ਹੈ। ਉਨ੍ਹਾਂ ਨੇ ਆਪਣਾ ਸਮੁੱਚਾ ਜੀਵਨ ਮੱਧਕਾਲੀਨ ਸਾਹਿਤ ਦਾ ਵੱਖ ਵੱਖ ਦ੍ਰਿਸ਼ਟੀਕੋਣਾਂ ਤੋਂ ਅਧਿਐਨ ਕਰਨ ਅਤੇ ਸਿੱਖ ਗੁਰੂ ਸਾਹਿਬਾਨਾਂ ਦੀ ਬਾਣੀ ਅਤੇ ਭਗਤ ਲਹਿਰ ਸੰਬੰਧੀ ਵੱਖ ਵੱਖ ਪਹਿਲੂਆਂ ਦੀ ਖੋਜ ਕਰਨ ਲਈ ਸਮਰਪਿਤ ਕਰਕੇ ਭਰਪੂਰ ਯੋਗਦਾਨ ਪਾਇਆ। ਉਨ੍ਹਾਂ ਦੇ ਪ੍ਰਮੁੱਖ ਕੰਮਾਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸ੍ਰੀ ਦਸ਼ਮ ਗ੍ਰੰਥ ਸਾਹਿਬ ਦਾ ਹਿੰਦੀ ਅਤੇ ਪੰਜਾਬੀ ਵਿੱਚ ਸੰਪੂਰਨ ਟੀਕਾ, ਗੁਰੂ ਨਾਨਕ ਬਾਣੀ ਦੀ ਵਿਆਖਿਆ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵਕੋਸ਼, ਸਿੱਖ ਪੰਥ ਵਿਸ਼ਵਕੋਸ਼, ਤੁਲਸੀ ਰਮਾਇਣ ਦਾ ਪੰਜਾਬੀ ਵਿੱਚ ਲਿਪੀਅੰਤਰਨ ਅਤੇ ਅਨੁਵਾਦ, ਪੰਜਾਬੀ ਸਾਹਿਤ ਦਾ ਸਰੋਤ ਮੂਲਕ ਇਤਿਹਾਸ ਸਮੇਤ 150 ਦੇ ਕਰੀਬ ਲਿਖੀਆਂ ਕਿਤਾਬਾਂ ਸ਼ਾਮਲ ਹਨ। ਸਾਲ 2023 ਵਿੱਚ ਭਾਰਤ ਦੇ ਰਾਸ਼ਟਰਪਤੀ ਵਲੋਂ ਉਨ੍ਹਾਂ ਨੂੰ ਸਾਹਿਤ ਅਤੇ ਸਿੱਖਿਆ ਦੇ ਖੇਤਰ ਵਿੱਚ ਨਿਭਾਈਆਂ ਸੇਵਾਵਾਂ ਬਦਲੇ 'ਪਦਮ ਸ੍ਰੀ ਸਨਮਾਨ ਨਾਲ ਨਿਵਾਜਿਆ ਗਿਆ। ਉਨ੍ਹਾਂ ਨੂੰ ਸਾਹਿਤ ਅਕਾਦਮੀ ਦਿੱਲੀ ਦਾ ਰਾਸ਼ਟਰੀ ਪੁਰਸਕਾਰ ਅਤੇ ਪੰਜਾਬ ਸਰਕਾਰ ਦਾ ਸਰਵੋਤਮ ਸਨਮਾਨ ''ਪੰਜਾਬੀ ਸਾਹਿਤ ਸ਼੍ਰੋਮਣੀ ਪੁਰਸਕਾਰ'' ਅਤੇ ਹੋਰ ਵੀ ਕਈ ਉੱਚ ਪੱਧਰੀ ਸਨਮਾਨ/ਪੁਰਸਕਾਰ ਪ੍ਰਾਪਤ ਕਰਨ ਦਾ ਮਾਣ ਵੀ ਹਾਸਲ ਹੈ।ਸੰਖੇਪ ਵਿੱਚ ਡਾ. ਰਤਨ ਸਿੰਘ ਜੱਗੀ ਦਾ ਸਾਹਿਤ ਦੇ ਖੇਤਰ ਵਿੱਚ ਪਾਇਆ ਯੋਗਦਾਨ ਸਚਮੁੱਚ ਪਰਮ ਉਤਕਿਸ਼ਟ ਪੱਧਰ ਦਾ ਹੈ ਅਤੇ ਨਿਸਚੈ ਹੀ ਉਹ ਸਾਹਿਤ ਜਗਤ ਦੇ ਅਨਮੋਲ ਰਤਨ ਸਨ ਅਤੇ ਉਨ੍ਹਾਂ ਦੀਆਂ ਸੇਵਾਵਾਂ ਦੀਆਂ ਨਿਸ਼ਾਨੀਆਂ ਸਮੁੱਚੀ ਮਾਨਵ ਜਾਤ ਦੀ ਵਿਰਾਸਤ ਦਾ ਹਮੇਸ਼ਾ ਅਹਿਮ ਹਿੱਸਾ ਰਹਿਣਗੀਆਂ।

## ਨੇਤਨਯਾਹੂ ਦੀ ਗ੍ਰਿਫ਼ਤਾਰੀ ਬਾਰੇ ਕਾਨੂੰਨੀ ਮੰਥਨ 'ਚ ਜੁਟੇ ਮੇਅਰ ਮਮਦਾਨੀ

**ਨਿਊਯਾਰਕ:**ਕੌਮਾਂਤਰੀ ਸਿਆਸਤ ਤੇ ਕੂਟਨੀਤ ਦੇ ਗਲਿਆਰਿਆਂ 'ਚ ਇੱਕ ਅਹਿਮ ਮਾਨੇਂ ਨਿਊਯਾਰਕ ਤੋਂ ਉੱਠੀ ਇਕ ਆਵਾਜ਼ ਨੇ ਹਲਚਲ ਮਚਾ ਦਿੱਤੀ ਹੈ। ਨਿਊਯਾਰਕ ਸ਼ਹਿਰ ਦੇ ਮੇਅਰ



ਜੋਹਰਾਨ ਮਮਦਾਨ ਸਤੰਬਰ 'ਚ ਸੰਯੁਕਤ ਰਾਸ਼ਟਰ ਮਹਾਸਭਾ (ਯੂਐੱਨਜੀਏ) 'ਚ ਹਿੱਸਾ ਲੈਣ ਆ ਰਹੇ ਇਜ਼ਰਾਇਲੀ ਪ੍ਰਧਾਨ ਮੰਤਰੀ ਬੇਂਜਾਮਿਨ ਨੇਤਨਯਾਹੂ ਦੀ ਸੰਭਾਵਤ ਗ੍ਰਿਫ਼ਤਾਰੀ ਦੇ ਕਾਨੂੰਨੀ ਬਦਲਾਂ ਦਾ ਅਨੁਮਾਨ ਲਗਾ ਰਹੇ ਹਨ। ਉਨ੍ਹਾਂ ਨੇ ਦੋ ਟੁੱਕ ਕਿਹਾ ਹੈ ਕਿ ਮੇਰਾ ਮੰਨਣਾ ਹੈ ਕਿ ਪ੍ਰਧਾਨ ਮੰਤਰੀ ਨੇਤਨਯਾਹੂ ਨੂੰ ਦਿ ਰੋਗ (ਕੌਮਾਂਤਰੀ ਅਦਾਲਤ) 'ਚ ਹੋਣਾ ਚਾਹੀਦਾ ਹੈ। ਉਹ ਇਕ ਜੰਗੀ ਅਪਰਾਧੀ ਹਨ ਜਿਨ੍ਹਾਂ 'ਤੇ ਕੌਮਾਂਤਰੀ ਅਪਰਾਧਕ ਅਦਾਲਤ(ਆਈਸੀਸੀ) ਵੱਲੋਂ ਦੋਸ਼ ਲਗਾਏ ਗਏ ਹਨ। ਇਹ ਸਿਰਫ਼ ਇਕ ਸਿਆਸੀ ਬਿਆਨ ਨਹੀਂ, ਬਲਕਿ ਗਾਜ਼ਾ 'ਚ ਜਾਰੀ ਮਨੁੱਖੀ ਤ੍ਰਾਸਦੀ ਤੋਂ ਨਿਰਾਸ਼ ਦੁਨੀਆ ਦੇ ਇਕ ਵੱਡੇ ਹਿੱਸੇ ਦੀ ਅੰਤਰਾਤਮਾ ਦੀ ਆਵਾਜ਼ ਹੈ। ਕੌਮਾਂਤਰੀ ਅਪਰਾਧਕ ਅਦਾਲਤ ਨੇ ਬੇਂਜਾਮਿਨ ਨੇਤਨਯਾਹੂ ਤੇ ਸਾਬਕਾ ਰੱਖਿਆ ਮੰਤਰੀ ਯੋਵ ਗੈਲੇਂਟ ਖ਼ਿਲਾਫ਼ ਗ੍ਰਿਫ਼ਤਾਰੀ ਵਾਰੰਟ ਜਾਰੀ ਕੀਤੇ ਹਨ। ਮਮਦਾਨੀ ਨੇ ਆਪਣੀ ਮਨਸ਼ਾ ਸਾਫ਼ ਕਰਦੇ ਹੋਏ ਕਿਹਾ ਕਿ ਉਹ ਨਿਊਯਾਰਕ ਸ਼ਹਿਰ ਦੇ ਕਾਨੂੰਨ ਵਿਭਾਗ ਨਾਲ ਲਗਾਤਾਰ ਸੰਪਰਕ 'ਚ ਹਨ ਤਾਂ ਜੋ ਇਹ ਜਾਣਿਆ ਜਾ ਸਕੇ ਕਿ ਉਨ੍ਹਾਂ ਕੋਲ ਇਕ ਵਿਦੇਸ਼ੀ ਨੇਤਾ ਨੂੰ ਹਿਰਾਸਤ 'ਚ ਲੈਣ ਦਾ ਕਿੰਨਾ ਅਧਿਕਾਰ ਹੈ। ਓਧਰ ਮਮਦਾਨੀ 'ਤੇ ਜਵਾਬੀ ਹਮਲਾ ਕਰੇਂਦੇ ਹੋਏ ਨੇਤਨਯਾਹੂ ਨੇ ਮਮਦਾਨੀ ਨੂੰ ਹਮਾਸ ਦਾ ਸਮਰਥਕ ਤੇ ਗੁਪਤ ਤੌਰ 'ਤੇ ਅਮਰੀਕਾ ਨਾਲ ਨਫ਼ਰਤ ਕਰਨ ਵਾਲਾ ਤੱਕ ਕਹਿ ਦਿੱਤਾ।

## ਰੂਸ ਨੇ ਕੀਵ 'ਤੇ ਬੈਲਿਸਟਿਕ ਮਿਜ਼ਾਈਲਾਂ ਨਾਲ ਕੀਤਾ ਹਮਲਾ

**ਕੀਵ:**ਰੂਸ ਨੇ ਰਾਤ ਭਰ ਕੀਵ 'ਤੇ ਬੈਲਿਸਟਿਕ ਮਿਜ਼ਾਈਲਾਂ ਤੇ ਹੋਰ ਹਥਿਆਰਾਂ ਨਾਲ ਹਮਲਾ ਕੀਤਾ, ਜਿਸ 'ਚ ਇਕ ਵਿਅਕਤੀ ਦੀ ਮੌਤ ਹੋ ਗਈ ਤੇ 16 ਹੋਰ ਜ਼ਖ਼ਮੀ ਹੋ ਗਏ। ਇਸ ਘਟਨਾ ਨੇ ਇਕ ਵਾਰ ਮੁੜ ਯੂਕਰੇਨ 'ਚ ਅਮਰੀਕੀ ਪੈਟ੍ਰੀਅਟ ਏਅਰ ਡਿਫੈਂਸ ਸਿਸਟਮ ਦੀ ਕਮੀ ਉਜਾਗਰ ਕੀਤੀ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਉਹ ਯੂਕਰੇਨ ਨੂੰ ਪੈਟ੍ਰੀਅਟ ਮਿਜ਼ਾਈਲਾਂ ਬਣਾਉਣ ਦਾ ਲਾਇਸੈਂਸ ਦੇਣ ਲਈ ਤਿਆਰ ਹਨ।



ਪੈਟ੍ਰੀਅਟ ਮਿਜ਼ਾਈਲਾਂ ਰੂਸੀ ਬੈਲਿਸਟਿਕ ਮਿਜ਼ੀਆਲਾਂ ਨੂੰ ਰੋਕਣ ਦਾ ਸਭ ਤੋਂ ਅਸਰਦਾਰ ਜ਼ਰੀਆ ਹਨ ਤੇ ਇਨ੍ਹਾਂ ਦੇ ਉਤਪਾਦਨ ਨਾਲ ਕੀਵ ਦੀ ਸੁਰੱਖਿਆ ਵਿਵਸਥਾ ਹੋਰ ਮਜ਼ਬੂਤ ਹੋ ਸਕਦੀ ਹੈ, ਜਿਸ ਨਾਲ ਉਹ ਭਵਿੱਖ 'ਚ ਰੂਸ ਦੇ ਅਜਿਹੇ ਹਮਲਿਆਂ ਦਾ ਬਿਹਤਰ ਢੰਗ ਨਾਲ ਸਾਹਮਣਾ ਕਰ ਸਕੇਗਾ। ਹਾਲਾਂਕਿ ਇਸ ਫ਼ੈਸਲੇ ਨੂੰ ਲਾਗੂ ਕਰਨ ਦੀ ਪ੍ਰਕਿਰਿਆ ਤੇ ਸਮਾਂ ਹੱਦ ਬਾਰੇ ਅਜੇ ਕੋਈ ਸਪਸ਼ਟ ਜਾਣਕਾਰੀ ਨਹੀਂ ਹੈ। ਕੀਵ 'ਤੇ ਇਹ ਹਮਲਾ ਰਾਤ ਕਰੀਬ 1.30 ਵਜੇ (ਸਥਾਨਕ ਸਮੇਂ) 'ਤੇ ਸ਼ੁਰੂ ਹੋਇਆ ਤੇ ਕਈ ਘੰਟਿਆਂ ਤਕ ਜਾਰੀ ਰਿਹਾ, ਜਿਸ 'ਚ ਪੂਰੇ ਸ਼ਹਿਰ 'ਚ ਧਮਾਕਿਆਂ ਦੀਆਂ ਆਵਾਜ਼ਾਂ ਗੂੰਜਦੀਆਂ ਰਹੀਆਂ। ਯੂਕਰੇਨੀ ਹਵਾਈ ਫ਼ੌਜ ਮੁਤਾਬਕ ਰੂਸ ਨੇ ਰਾਤ ਭਰ ਪੂਰੇ ਯੂਕਰੇਨ 'ਚ 41 ਮਿਜ਼ਾਈਲਾਂ ਤੇ 125 ਡ੍ਰੋਨ ਦਾਗੇ। ਰਾਸ਼ਟਰਪਤੀ ਵਲੋਦੋਮੀਰ ਜ਼ੇਲੈਂਸਕੀ ਨੇ ਕਿਹਾ ਕਿ ਜ਼ਿਆਦਾਤਰ ਮਿਜ਼ਾਈਲਾਂ ਨੇ ਰਾਜਧਾਨੀ ਨੂੰ ਨਿਸ਼ਾਨਾ ਬਣਾਇਆ। ਯੂਕਰੇਨ ਦੀ ਸਟੇਟ ਐਮਰਜੈਂਸੀ ਸਰਵਿਸ ਮੁਤਾਬਕ ਹਮਲਿਆਂ 'ਚ ਰਿਹਾਇਸ਼ੀ ਇਮਾਰਤਾਂ, ਦਫ਼ਤਰਾਂ ਤੇ ਸਨਅਤੀ ਸਾਈਟਾਂ, ਇਕ ਡੋਰਮੈਟਰੀ ਤੇ ਗੱਡੀਆਂ ਨੂੰ ਨੁਕਸਾਨ ਪੁੱਜਾ। ਰੂਸ ਦੇ ਰੱਖਿਆ ਮੰਤਰਾਲੇ ਦਾਅਵਾ ਕੀਤਾ ਹੈ ਕਿ ਕੀਵ 'ਤੇ ਹਮਲੇ 'ਚ ਯੂਕਰੇਨੀ ਫ਼ੌਜ ਨਾਲ ਜੁੜੀਆਂ ਸਾਈਟਾਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਇਨ੍ਹਾਂ 'ਚ ਫਲੋਮਿੰਗੋ ਡ੍ਰੋਨ ਤੇ ਨੈਪਚਿਊਨ ਗਾਈਡਿਡ ਮਿਜ਼ਾਈਲਾਂ ਦੇ ਪੁਰਜੇ ਬਣਾਉਣ ਵਾਲੇ ਪਲਾਂਟ ਤੇ ਨਾਲ ਹੀ ਡ੍ਰੋਨ ਰੋਬੋਟਿਕ ਸਿਸਮਟ ਤੇ ਇਲੈਕਟ੍ਰੋਨਿਕ ਜੰਗ ਦੇ ਸਾਜੋ ਸਾਮਾਨ ਅਸੈਂਬਲ ਕਰਨ ਲਈ ਇਸਤੇਮਾਲ ਹੋਣ ਵਾਲਾ ਇਕ ਪੋਸਟਲ ਟਰਮੀਨਲ ਸ਼ਾਮਲ ਸੀ।

## ਨਾਗਾਲੈਂਡ 'ਚ ਜ਼ਮੀਨ ਖਿਸਕਣ ਨਾਲ 8 ਮੌਤਾਂ



**ਮੋਨ:**ਨਗਾਲੈਂਡ ਦੇ ਮੋਨ ਜ਼ਿਲ੍ਹੇ ਦੇ ਮੁੱਖ ਦਫ਼ਤਰ ਵਿਚ ਐਤਵਾਰ ਨੂੰ ਭਾਰੀ ਮੀਂਹ ਪੈਣ ਕਾਰਨ ਹੜ੍ਹ ਆ ਗਿਆ ਤੇ ਜ਼ਮੀਨ ਖਿਸਕਣ ਦੀਆਂ ਕਈ ਘਟਨਾਵਾਂ ਵਾਪਰ, ਗਈਆਂ।

ਇਨ੍ਹਾਂ ਘਟਨਾਵਾਂ ਵਿਚ ਅੱਠ ਲੋਕਾਂ ਦੀ ਮੌਤ ਹੋ ਗਈ ਅਤੇ 12 ਹੋਰ - ਜ਼ਖਮੀ ਹੋਏ ਹਨ। ਹੁਣ ਤੱਕ ਮਲਬੇ ਵਿੱਚੋਂ ਚਾਰ ਲਾਸ਼ਾਂ ਬਰਾਮਦ ਕੀਤੀਆਂ ਗਈਆਂ ਹਨ।

ਚਾਰ ਜਣੇ ਮਲਬੇ ਦੇ ਹੇਠਾਂ ਦੱਬੇ ਹੋਏ ਹਨ ਜਦਕਿ 12 ਜਣੇ ਜ਼ਖਮੀ ਹੋਏ ਹਨ।

## ਬਿਹਾਰ 'ਚ ਕੋਰੋਨਾ ਦਾ ਇਕ ਪੀੜਤ ਮਿਲਿਆ

**ਭਾਗਲਪੁਰ:**ਲੰਬੇ ਸਮੇਂ ਪਿੱਛੋਂ ਬਿਹਾਰ ਵਿਚ ਇਕ ਵਾਰ ਫਿਰ ਕੋਰੋਨਾ ਨੇ ਦਸਤਕ ਦਿੱਤੀ ਹੈ। ਇਸ ਸਾਲ ਪਹਿਲੀ ਵਾਰ ਭਾਗਲਪੁਰ ਸ਼ਹਿਰ ਦੇ ਲਾਲੂਚਕ ਮੁਹੱਲੇ ਵਿਚ ਕਿਰਾਏ ਦੇ ਮਕਾਨ ਵਿਚ ਇਕੱਲਾ ਰਹਿੰਦਾ ਬੀਜ ਵਪਾਰੀ ਕੋਰੋਨਾ ਪੀੜਤ ਪਾਇਆ ਗਿਆ ਹੈ। ਉਸ ਨੂੰ ਜਵਾਹਰ ਲਾਲ ਨਹਿਰੂ ਮੈਡੀਕਲ ਕਾਲਜ ਹਸਪਤਾਲ ਦੀ ਆਈਸੀਯੂ ਵਿਚ ਦਾਖ਼ਲ ਕੀਤਾ ਗਿਆ ਹੈ, ਜਿੱਥੇ ਉਸ ਦੀ ਹਾਲਤਾ ਸਥਿਰ ਦੱਸੀ ਜਾ ਰਹੀ ਹੈ।



## ਰੌਲੇ-ਰੱਪੇ 'ਚ ਪਹਿਲੇ ਦਿਨ ਹੀ ਸੰਸਦ ਠੱਪ

### ਲੋਕ ਸਭਾ ਪੰਜ ਵਾਰ ਰੁਕੀ ਤੇ ਰਾਜ ਸਭਾ ਵੀ ਨਾ ਚੱਲ ਸਕੀ

**ਨਵੀਂ ਦਿੱਲੀ:**ਜਿਵੇਂ ਕਿ ਉਮੀਦ ਕੀਤੀ ਜਾ ਰਹੀ ਸੀ, ਸੰਸਦ ਦੇ ਮੌਨਸੂਨ ਸੈਸ਼ਨ ਦੀ ਸ਼ੁਰੂਆਤ ਭਰਪੂਰ ਹੰਗਾਮੇ ਨਾਲ ਹੋਈ। ਰਾਮ ਮੰਦਰ ਚੜ੍ਹਾਵਾ ਚੋਰੀ ਅਤੇ ਨੀਟ-ਯੂਜੀ ਪੇਪਰ ਲੀਕ ਜਿਹੇ ਮਸਲਿਆਂ 'ਤੇ ਸਰਕਾਰ ਨੂੰ ਘੇਰਣ ਦੀ ਤਿਆਰੀ ਕਰ ਰਹੀਆਂ ਵਿਰੋਧੀ ਪਾਰਟੀਆਂ ਨੇ ਪਹਿਲੇ ਹੀ ਦਿਨ ਲਗਾਤਾਰ ਹੰਗਾਮਾ ਤੇ ਨਾਅਰੇਬਾਜ਼ੀ ਕੀਤੀ। ਬਾਹਰ ਸੜਕਾਂ 'ਤੇ ਚੱਲ ਰਹੇ ਕਾਕਰੋਚ ਜਨਤਾ ਪਾਰਟੀ ਦੇ ਰੋਸ ਮੁਜ਼ਾਹਰੇ ਨੇ ਵੀ ਮਾਹੌਲ ਨੂੰ ਗਰਮ ਕਰੀਂ ''ਰੱਖਿਆ। ਇਸ ਲਈ ਸਰਕਾਰ ਨੇ ਵੀ ਜਬਰਦਸਤੀ ਸਦਨ ਚਲਾਉਣ ਅਤੇ ਆਪਣੇ ਕੰਮ ਨਿਪਟਾਉਣ ਦਾ ਕੋਈ ਇਰਾਦਾ ਨਹੀਂ ਦਿਖਾਇਆ। ਲੋਕ ਸਭਾ ਅਤੇ ਰਾਜ ਸਭਾ ਵਿਚ ਬੈਂਚ ਵੱਲੋਂ ਸ਼ਾਂਤੀ ਬਣਾਈ ਰੱਖਣ ਅਤੇ ਚਰਚਾ ਸ਼ੁਰੂ ਕਰਨ ਦੀ ਅਪੀਲ ਕੀਤੀ ਜਾਂਦੀ ਰਹੀ ਪਰ ਵਿਰੋਧੀ ਧਿਰ ਦੇ ਤੇਵਰ ਨਰਮ ਨਾ ਹੋਣ ਕਾਰਨ ਦੋਵਾਂ ਸਦਨਾਂ ਨੂੰ ਵਾਰ-ਵਾਰ ਕੁਝ ਸਮੇਂ ਲਈ ਰੁਕਵਾਏ ਜਾਣ ਤੋਂ ਬਾਅਦ ਅੰਤ ਵਿਚ ਮੰਗਲਵਾਰ ਤੱਕ ਲਈ ਰੋਕੇ ਜਾਣ ਦਾ ਫ਼ੈਸਲਾ ਕੀਤਾ ਗਿਆ।

ਸੰਸਦ ਦੇ ਦੋਵਾਂ ਸਦਨਾਂ ਦਾ ਮਾਹੌਲ ਸੋਮਵਾਰ ਨੂੰ ਇੱਕੋ ਜਿਹਾ ਰਿਹਾ। ਲੋਕ ਸਭਾ ਵਿਚ ਸਵੇਰੇ 11 ਵਜੇ ਪ੍ਰਸ਼ਨ ਕਾਲ ਸ਼ੁਰੂ ਹੋਇਆ ਹੀ ਸੀ ਕਿ ਕਾਂਗਰਸ ਅਤੇ ਸਮਾਜਵਾਦੀ ਪਾਰਟੀ ਸਮੇਤ ਸਾਰੀਆਂ ਵਿਰੋਧੀ ਪਾਰਟੀਆਂ ਦੇ ਮੈਂਬਰ ਚੜ੍ਹਾਵਾ ਚੋਰੀ ਅਤੇ ਨੀਟ-ਯੂਜੀ ਪੇਪਰ ਲੀਕ ਦੇ ਮਸਲੇ ਚੁੱਕ ਕੇ ਹੰਗਾਮਾ ਤੇ ਨਾਅਰੇਬਾਜ਼ੀ ਕਰਨ ਲੱਗੇ। ਕੁਝ ਮੈਂਬਰ ਨਾਅਰੇ ਲਿਖੀਆਂ ਤਖ਼ਤੀਆਂ ਵੀ ਲੈ ਕੇ ਆਏ ਸਨ। ਵਿਰੋਧੀ ਖੇਮਿਆਂ ਵਿਚ ਕੁਝ ਸਮੇਂ ਲਈ ਵਿਰੋਧੀ ਧਿਰ ਦੇ ਆਗੂ ' ਰਾਹੁਲ ਗਾਂਧੀ, ਪ੍ਰਿਅੰਕਾ ਗਾਂਧੀ ਵਾਡਰਾ, ਸਪਾ ਆਗੂ ਅਖਿਲੇਸ਼ ਯਾਦਵ ਸਮੇਤ ਹੋਰ ਪ੍ਰਮੁੱਖ ਆਗੂ ਆਏ ਪਰ ਸੱਤਾਧਾਰੀ ਧਿਰ ਦੀ ਪਹਿਲੀ ਕਤਾਰ ਦੇ ਆਗੂ ਸਦਨ ਦੇ ਬਾਹਰ ਹਾਲਾਤ ਸੰਭਾਲਣ ਦੀ ਕੋਸ਼ਿਸ਼ ਵਿਚ ਲੱਗੇ ਰਹੇ। ਇੱਥੇ ਸੰਸਦੀ ਕਾਰਜ ਮੰਤਰੀ ਕਿਰੇਨ ਰਿਜੀਜੂ ਅਤੇ ਅਰਜੁਨ ਰਾਮ ਮੇਘਵਾਲ ਮੋਰਚਾ ਸੰਭਾਲ ਕੇ ਬੈਠੇ ਸਨ। ਲੋਕ ਸਭਾ ਦੇ ਸਪੀਕਰ ਓਮ ਬਿਰਲਾ ਨੇ ਕਿਹਾ ਕਿ ਸਦਨ ਨਿਯਮਾਂ ਮੁਤਾਬਕ ਚਲਾਇਆ ਜਾਂਦਾ ਹੈ, ਇੱਥੇ ਤਖ਼ਤੀਆਂ ਨਹੀਂ ਲਹਿਰਾਈਆਂ ਜਾ ਸਕਦੀਆਂ। ਇਸ 'ਤੇ ਵੀ ਵਿਰੋਧੀ ਧਿਰ ਦੇ ਤੇਵਰ ਨਾਂ ਘਟੇ ਤਾਂ ਸਦਨ ਦੁਪਹਿਰ 12 ਵਜੇ ਤੱਕ ਮੁਲਤਵੀ ਹੋ ਗਿਆ। ਵਾਰ-ਵਾਰ ਅਜਿਹੇ ਹਾਲਾਤ ਬਣਨ ਕਾਰਨ 12, 2, 2:30 ਅਤੇ 3 ਵਜੇ ਤੱਕ ਮੁਲਤਵੀ ਹੋਣ ਪਿੱਛੋਂ ਲੋਕ ਸਭਾ ਦੀ ਕਾਰਵਾਈ ਆਖ਼ਰਕਾਰ ਮੰਗਲਵਾਰ ਸਵੇਰੇ 11 ਵਜੇ ਤੱਕ ਲਈ ਮੁਲਤਵੀ ਕੀਤੀ ਗਈ। ਰਾਜ ਸਭਾ ਵਿਚ ਸਵੇਰੇ ਸਭ ਤੋਂ ਪਹਿਲਾਂ 9 ਨਵੇਂ ਚੁਣੇ ਮੈਂਬਰਾਂ ਨੂੰ ਸਹੁੰ ਚੁਕਾਈ ਗਈ। ਫਿਰ ਕਰੀਬ 11:30 ਵਜੇ ਚੇਅਰਮੈਨ ਡਾ. ਸੀਪੀ ਰਾਧਾਕ੍ਰਿਸ਼ਨਨ ਨੇ ਜਿਵੇਂ ਹੀ ਸਿਫ਼ਰਕਾਲ ਦੇ ਆਰੰਭ ਦਾ ਐਲਾਨ ਕੀਤਾ ਤਾਂ ਵਿਰੋਧੀ ਧਿਰ ਦੇ ਆਗੂ ਮੱਲਿਕਾਰਜੁਨ ਖੜਗੇ ਖੜ੍ਹੇ ਹੋ ਗਏ। ਉਨ੍ਹਾਂ ਨੇ ਨੀਟ-ਯੂਜੀ ਪੇਪਰ ਲੀਕ ਦਾ ਮਾਮਲਾ ਉਠਾਉਂਦੇ ਹੋਏ ਕਿਹਾ ਕਿ ਜੰਤਰ-ਮੰਤਰ ਉੱਤੇ ਹਜ਼ਾਰਾਂ ਵਿਦਿਆਰਥੀ ਤਿੱਖਾ ਰੋਸ ਮੁਜ਼ਾਹਰਾ ਕਰ ਰਹੇ ਹਨ ਪਰ ਪੁਲਿਸ ਉਨ੍ਹਾਂ ਨੂੰ ਕੁੱਟ ਰਹੀ ਹੈ। ਉਨ੍ਹਾਂ ਦੇ ਸਮਰਥਨ ਵਿਚ ਕਾਂਗਰਸ, ਸਪਾ, ਡੀਐੱਮਕੇ ਅਤੇ ਤ੍ਰਿਣਮੂਲ ਕਾਂਗਰਸ ਦੇ ਮੈਂਬਰ ਖੜ੍ਹੇ ਹੋ ਕੇ ਨਾਅਰੇਬਾਜ਼ੀ ਲਾਉਣ ਲੱਗੇ। ਇਸ 'ਤੇ ਚੇਅਰਮੈਨ ਨੇ ਸਦਨ 12 ਵਜੇ ਤੱਕ ਰੁਕਾ ਦਿੱਤਾ। 12 ਵਜੇ ਸ਼ੁਰੂ ਹੋਣ 'ਤੇ ਕਾਂਗਰਸ ਦੇ ਜੈਰਾਮ ਰਮੇਸ਼ ਨੇ ਰਾਮ ਮੰਦਰ ਚੜ੍ਹਾਵਾ ਚੋਰੀ ਵਿਰੁੱਧ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ। ਫਿਰ ਵੀ ਹੰਗਾਮਾ ਹੁੰਦਾ ਰਿਹਾ ਅਤੇ ਤਿੰਨ-ਚਾਰ ਵਾਰ ਅੰਸ਼ਕ ਮੁਲਤਵੀ ਹੋਣ ਤੋਂ ਬਾਅਦ ਦੁਪਹਿਰ 2 ਵਜੇ ਸਦਨ ਮੰਗਲਵਾਰ ਤੱਕ ਲਈ ਮੁਲਤਵੀ ਕਰ ਦਿੱਤਾ ਗਿਆ।



# ਕਾਕਰੋਚ ਜਨਤਾ ਪਾਰਟੀ ਦੇ ਮੁਜ਼ਾਹਰੇ ਨੇ ਅੱਠ ਘੰਟੇ ਤੱਕ ਰੋਕੀ ਦਿੱਲੀ

## ਧਰੀ-ਧਰਾਈ ਰਹਿ ਗਈ ਪੁਲਿਸ ਦੀ ਤਿਆਰੀ

**ਨਵੀਂ ਦਿੱਲੀ:** ਕਾਕਰੋਚ ਜਨਤਾ ਪਾਰਟੀ (ਸੀਜੇਪੀ) ਦੇ ਸੱਦੇ 'ਤੇ ਕਰੀਬ ਇਕ ਮਹੀਨੇ ਤੇ ਜੰਤਰ-ਮੰਤਰ 'ਤੇ ਜਾਰੀ ਸ਼ਾਂਤਮਈ ' ਰੋਸ ਮੁਜ਼ਾਹਰਾ ਸੋਮਵਾਰ ਨੂੰ 'ਸੰਸਦ ਮਾਰਚ ਦੌਰਾਨ ਤਿੱਖਾ ਰੂਪ ਲੈ ਗਿਆ। ਸੀਜੇਪੀ ਦੇ ਮੁਖੀ ਅਭਿਜੀਤ ਦੀਪਕੇ ਨੇ ਸ਼ਾਂਤਮਈ ਸੰਸਦ ਮਾਰਚ ਦਾ ਸੱਦਾ ਦਿੱਤਾ ਸੀ ਪਰ ਸੋਮਵਾਰ ਨੂੰ ਪੁਲਿਸ ਦੀਆਂ ਤਿਆਰੀਆਂ ਤੇ ਦਾਅਵਿਆਂ ਦੇ ਬਾਵਜੂਦ ਮੁਜ਼ਾਹਰਾਕਾਰੀ ਸੁਰੱਖਿਆ ਘੇਰੇ ਤੋੜਦੇ ਹੋਏ ਸੰਸਦ ਭਵਨ ਤੱਕ ਪਹੁੰਚ ਗਏ। ਇਸ ਪੂਰੇ ਘਟਨਾਕ੍ਰਮ ਦੌਰਾਨ ਲਗਪਗ 8 ਘੰਟੇ ਤੱਕ ਨਵੀਂ ਦਿੱਲੀ ਬੰਧਕ ਬਣੀ ਰਹੀ।

ਵੱਖ-ਵੱਖ ਸਥਾਨਾਂ 'ਤੇ ਮੁਜ਼ਾਹਰਾਕਾਰੀਆਂ ਤੇ ਪੁਲਿਸ ਮੁਲਾਜ਼ਮਾਂ ਦਰਮਿਆਨ ਕਈ ਘੰਟਿਆਂ ਤੱਕ ਝੜਪਾਂ ਹੁੰਦੀਆਂ ਰਹੀਆਂ। ਸੰਸਦ ਮਾਰਗ, ਜਨਪਥ ਤੇ ਰਾਏਸੀਨਾ ਮਾਰਗ 'ਤੇ ਮੁਜ਼ਾਹਰਾਕਾਰੀਆਂ ਨੇ ਕਰੀਬ 25 ਸਰਕਾਰੀ ਤੇ ਨਿੱਜੀ ਵਾਹਨਾਂ ਨੂੰ ਨੁਕਸਾਨ' ਪਹੁੰਚਾਇਆ ਤੇ ਜਨਤਕ ਜਾਇਦਾਦ ਦਾ ਭਾਰੀ ਨੁਕਸਾਨ ਕੀਤਾ। ਓਧਰ, ਪੁਲਿਸ ਨੂੰ ਵਾਰ-ਵਾਰ ਲਾਠੀਚਾਰਜ ਕਰਨਾ ਪਿਆ ਅਤੇ ਅੱਥਰੂ ਗੈਸ ਦੇ ਗੋਲੇ ਛੱਡਣੇ ਪਏ। ਭਗਦੜ, 'ਚ ਕਰੀਬ 100 ਤੋਂ ਵੱਧ ਪੁਲਿਸ ਮੁਲਾਜ਼ਮ ਕ ਅਤੇ ਮੁਜ਼ਾਹਰਾਕਾਰੀ ਜ਼ਖ਼ਮੀ ਹੋ ਗਏ। ਇਸ ਘਟਨਾ ਨੇ ਸਾਲ 2012 ਦੇ ਨਿਰਭੈਆ ਕਾਂਡ ਅਤੇ 2020 ਦੇ ਕਿਸਾਨਾਂ ਦੇ ਰੋਸ ਮੁਜ਼ਾਹਰੇ ਦੀ ਯਾਦ ਤਾਜ਼ਾ ਕਰਵਾ ਦਿੱਤੀ। ਕਰੀਬ ਇਕ ਲੱਖ ਤੋਂ ਵੱਧ ਦੀ ਗਿਣਤੀ ਵਿਚ ਪਹੁੰਚੇ ਮੁਜ਼ਾਹਰਾਕਾਰੀ ਹੁੱਲੜਬਾਜ਼ੀ 'ਤੇ ਉਤਰ ਆਏ। ਭੀੜ ਦੇ ਸਾਹਮਣੇ ਦਿੱਲੀ ਪੁਲਿਸ ਅਤੇ ਨੀਮ-ਫ਼ੌਜੀ ਬਲ ਬੇਵੱਸ ਨਜ਼ਰ ਆਏ।




ਪੁਲਿਸ ਨੇ ਨਵੀਂ ਦਿੱਲੀ ਤੇ ਸੈਂਟਰਲ ਦਿੱਲੀ ਵਿਚ ਦਾਖ਼ਲ ਰੋਕਣ ਲਈ ਮਾਰਗਾਂ 'ਤੇ ਬੈਰੀਕੇਡਿੰਗ ਕਰ ਦਿੱਤੀ। ਇਸ ਨਾਲ ਵਿਕਾਸ ਮਾਰਗ, ਐੱਨਐੱਚ-44 ਅਤੇ ਐੱਨਐੱਚ-9 ਦੇ ਨਾਲ ਨਾਲ ਦੱਖਣੀ ਦਿੱਲੀ ਤੋਂ ਆਉਣ ਵਾਲੇ ਖ਼ਾਸ ਰਸਤਿਆਂ 'ਤੇ ਜਾਮ ਲੱਗ ਗਿਆ। ਲੋਕਾਂ ਨੂੰ ਅੱਧੇ ਘੰਟੇ ਦਾ ਸਫ਼ਰ ਤੈਅ ਕਰਨ ਵਿਚ ਦੋ ਘੰਟੇ ਤੋਂ ਵੱਧ ਦਾ ਸਮਾਂ ਲੱਗ ਗਿਆ। ਮੁਜ਼ਾਹਰਾਕਾਰੀਆਂ ਨੂੰ ਸੰਸਦ ਵੱਲ ਨਾ ਜਾਣ ਦੇਣ ਲਈ ਪੁਲਿਸ ਨੇ ਸੁਰੱਖਿਆ ਦੇ ਕਈ ਘੇਰੇ ਬਣਾਏ ਸਨ ਪਰ ਜਦੋਂ ਮੁਜ਼ਾਹਰਾਕਾਰੀ ਸੰਸਦ ਭਵਨ ਵੱਲ ਵਧਣ ਲੱਗੇ ਤਾਂ ਪੁਲਿਸ ਬੇਵੱਸ ਨਜ਼ਰ ਆਈ।

ਮੁਜ਼ਾਹਰਾਕਾਰੀ, ਪੁਲਿਸ ਵੱਲੋਂ ਲਗਾਏ ਗਏ ਬੈਰੀਕੇਡ ਨੂੰ ਤੋੜਦੇ ਹੋਏ ਪਹਿਲਾਂ ਸੰਸਦ ਮਾਰਗ ਥਾਣੇ ਤੱਕ ਪੰਹੁੰਚ ਗਏ। ਦੁਪਹਿਰ 12:30 ਵਜੇ ਮੁਜ਼ਾਹਰਾਕਾਰੀ ਰਾਏਸੀਨਾ ਮਾਰਗ ਤੋਂ ਹੋ ਕੇ ਸੰਸਦ ਭਵਨ ਲਾਗੇ ਪਹੁੰਚ ਗਏ, ਤਾਂ ਪੁਲਿਸ ਮੁਲਾਜ਼ਮਾਂ ਨੂੰ ਲਾਠੀਚਾਰਜ ਕਰਨਾ ਪਿਆ ਅਤੇ ਅੱਥਰੂ ਗੈਸ ਦੇ ਗੋਲੇ ਛੱਡਣੇ ਪਏ। ਮੁਸ਼ਕਲ ਨਾਲ ਪੁਲਿਸ ਮੁਲਾਜ਼ਮਾਂ ਨੇ ਉਥੇ ਹਾਲਾਤ 'ਤੇ ਕਾਬੂ ਕੀਤਾ। ਇਸ ਮਗਰੋਂ ਮੁਜ਼ਾਹਰਾਕਾਰੀਆਂ ਨੇ ਸੰਸਦ ਮਾਰਗ ਹਾਈਜੈਕ ਕਰ ਲਿਆ। ਇੱਥੇ ਐੱਨਡੀਐੱਮਸੀ ਬਿਲਡਿੰਗ, ਟਾਲਸਟਾਏ ਰੋਡ ਚੌਰਾਹੇ ਤੋਂ ਲੈ ਕੇ ਸੰਸਦ ਮਾਰਗ ਥਾਣੇ ਤੱਕ ਮੁਜ਼ਾਹਰਾਕਾਰੀਆਂ ਨੇ ਕਰੀਬ 8 ਘੰਟੇ ਤੱਕ ਜ਼ੋਰਦਾਰ ਹੁੱਲੜਬਾਜ਼ੀ ਕੀਤੀ। ਸ਼ਨੀਵਾਰ ਸਵੇਰੇ ਸਮਾਜਿਕ ਕਾਰਕੁਨ ਸੋਨਮ ਵਾਂਗਚੁਕ ਨੂੰ ਜੰਤਰ-ਮੰਤਰ ਤੋਂ ਚੁੱਕ ਕੇ ਸਫ਼ਦਰਜੰਗ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ ਸੀ। ਇਸ ਤੋਂ ਬਾਅਦ ਸੀਜੇਪੀ ਦੇ ਮੁਖੀਂ ਅਭਿਜੀਤ ਦੀਪਕੇ ਨੇ ਭੁੱਖ ਹੜਤਾਲ ਸ਼ੁਰੂ ਕੀਤੀ ਤਾਂ ਇੱਥੇ ਮੁਜ਼ਾਹਰਾਕਾਰੀਆਂ ਦੀ ਗਿਣਤੀ ਵਧਣ ਲੱਗੀਂ ਸੀ। ਐਤਵਾਰ ਰਾਤ ਨੂੰ ਵੀ ਜੰਤਰ-ਮੰਤਰ 'ਤੇ ਕਰੀਬ ਪੰਜ ਤੋਂ 6 ਹਜ਼ਾਰ ਲੋਕਾਂ ਦੀ ਭੀੜ ਰੁਕੀ ਰਹੀ ਪਰ ਪੁਲਿਸ ਇਸ ਗੱਲ ਦਾ ਅੰਦਾਜ਼ਾ ਨਹੀਂ ਲਗਾ ਸਕੀ ਕਿ ਸੋਮਵਾਰ ਨੂੰ ਭੀੜ ਬੇਕਾਬੂ ਹੋ ਸਕਦੀ ਹੈ। ਮੁਜ਼ਾਹਰਾਕਾਰੀਆਂ ਨੇ ਭਾਰਤੀ ਜੀਵਨ ਬੀਮਾ ਨਿਗਮ ਦੀ ਬਿਲਡਿੰਗ ਤੋਂ ਪੁਲਿਸ ਮੁਲਾਜ਼ਮਾਂ 'ਤੇ ਪਥਰ ਸੁੱਟੇ, ਇਸ ਤੋਂ ਬਾਅਦ ਇੱਥੇ ਵੀ ਪੁਲਿਸਕਰਮੀਆਂ ਨੇ ਲਾਠੀਚਾਰਜ ਕੀਤਾ।

# ਬੱਚਿਆਂ ਲਈ ਸੋਸ਼ਲ ਮੀਡੀਆ 'ਤੇ ਰੋਕ ਦੀ ਤਿਆਰੀ

**ਨਵੀਂ ਦਿੱਲੀ:** ਇਲੈਕਟ੍ਰਾਨਿਕਸ ਅਤੇ ਸੂਚਨਾ ਤਕਨੀਕੀ ਸਕੱਤਰ ਐੱਸ. ਕ੍ਰਿਸ਼ਣਨ ਨੇ ਕਿਹਾ ਹੈ ਕਿ ਕੇਂਦਰ ਸਰਕਾਰ ਸੋਸ਼ਲ ਮੀਡੀਆ



'ਤੇ ਬੱਚਿਆਂ ਦੀ ਸੁਰੱਖਿਆ ਦੇ ਸੰਭਾਵਿਤ ਉਪਾਵਾਂ 'ਤੇ ਹਿੱਤਧਾਰਕਾਂ ਦੇ ਨਾਲ ਵਿਚਾਰ- ਚਰਚਾ ਕਰ ਰਹੀ ਹੈ। ਇਸ 'ਚ 16 ਸਾਲ ਤੋਂ ਘੱਟ ਉਮਰ ਦੇ ਯੂਜ਼ਰਾਂ ਲਈ ਐਕਸੈੱਸ 'ਤੇ ਪਾਬੰਦੀ ਲਗਾਉਣ ਦਾ ਪ੍ਰਸਤਾਵ ਵੀ ਸ਼ਾਮਲ ਹੈ। ਉਨ੍ਹਾਂ ਨੇ ਕਿਹਾ ਕਿ ਭਾਰਤ ਆਪਣੀ ਰਣਨੀਤੀ ਤੈਅ ਕਰਨ ਤੋਂ ਪਹਿਲਾਂ ਦੁਨੀਆ ਭਰ 'ਚ ਹੋ ਰਹੀਆਂ ਤਬਦੀਲੀਆਂ ਦਾ ਵੀ ਬਰੀਕੀ ਨਾਲ ਅਧਿਐਨ ਕਰ ਰਿਹਾ ਹੈ।

# ਪਹਿਲੀ ਵਾਰ ਸੀ.ਜੇ.ਪੀ. ਅਤੇ ਸਰਕਾਰ 'ਚ ਗੱਲਬਾਤ ਹੋਈ

## ਜੇ.ਪੀ. ਨੱਡਾ ਨੂੰ ਮਿਲਿਆ ਵਫਦ

**ਨਵੀਂ ਦਿੱਲੀ:** ਪ੍ਰਤੀਯੋਗੀ ਪ੍ਰੀਖਿਆਵਾਂ ਦੇ ਪੇਪਰ ਲੀਕ ਮਾਮਲੇ ਵਿਚ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਦੇ ਅਸਤੀਫ਼ੇ ਦੀ ਮੰਗ ਦੇ ਨਾਲ ਚੱਲ ਰਹੇ ਅੰਦੋਲਨ ਅਤੇ ਸੰਸਦ ਮਾਰਚ ਦੌਰਾਨ ਸੋਮਵਾਰ ਨੂੰ ਸਰਕਾਰ ਨਾਲ ਕਾਕਰੋਚ ਜਨਤਾ ਪਾਰਟੀ (ਸੀਜੇਪੀ) ਦੀ ਪਹਿਲੀ ਅਧਿਕਾਰਤ ਗੱਲਬਾਤ ਹੋਈ। ਕੇਂਦਰੀ ਸਿਹਤ ਮੰਤਰੀ ਜੇਪੀ ਨੱਡਾ ਨੇ ਅੰਦੋਲਨ ਕਰ ਰਹੇ ਸੰਗਠਨ ਦੇ ਪ੍ਰਤੀਨਿਧਾਂ ਸੌਰਵ ਦਾਸ ਅਤੇ ਆਸ਼ੂਤੋਸ਼ ਰਾਂਕਾ ਨਾਲ ਆਪਣੀ ਰਿਹਾਇਸ਼ ਵਿਖੇ ਮੁਲਾਕਾਤ ਕੀਤੀ। ਇਹ ਬੈਠਕ ਉਸ ਸਮੇਂ ਹੋਈ ਜਦੋਂ ਵੱਡੀ ਗਿਣਤੀ' ਵਿਚ ਪ੍ਰਦਰਸ਼ਨਕਾਰੀ ਜੰਤਰ-ਮੰਤਰ ਤੋਂ ਸੰਸਦ ਵੱਲ ਜਾ ਰਹੇ ਸਨ ਪਰ ਪੁਲਿਸ 1 ਪੁਲਿਸ ਉਨ੍ਹਾਂ ਨੂੰ ਸੰਸਦ ਮਾਰਗ 'ਤੇ ਰੋਕਣ ਦੀ ਕੋਸ਼ਿਸ਼ ਕਰ ਰਹੀ ਸੀ। ਨੱਡਾ ਜ਼ਰੀਏ ਸਰਕਾਰ ਵੱਲੋਂ ਗੱਲਬਾਤ ਦੀ ਸ਼ੁਰੂਆਤ ਹੋਣਾ ਮਹੱਤਵਪੂਰਨ ਮੰਨਿਆ ਜਾ ਰਿਹਾ ਹੈ ਕਿਉਂਕਿ ਇਹ ਪਹਿਲੀ ਵਾਰ ਹੈ ਜਦੋਂ ਸਰਕਾਰ ਨੇ ਅੰਦੋਲਨ ਕਰ ਰਹੇ ਲੋਕਾਂ ਨਾਲ ਸਿੱਧਾ ਸੰਵਾਦ ਕਰਨ ਦੀ ਕੋਸ਼ਿਸ਼ ਕੀਤੀ ਹੈ।ਸੀਜੇਪੀ ਨੇ ਸਰਕਾਰ ਦੇ ਸਾਹਮਣੇ ਤਿੰਨ ਮੁੱਖ ਮੰਗਾਂ ਰੱਖੀਆਂ ਹਨ। ਪਹਿਲੀ, ਸਮਾਜਿਕ ਕਾਰਕੁਨ ਸੋਨਮ ਵਾਂਗਚੁਕ ਨੂੰ ਤੁਰੰਤ ਰਿਹਾਈ ਦਿੱਤੀ ਜਾਵੇ; ਦੂਜੀ, ਕੇਂਦਰੀ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਨੂੰ ਅਹੁਦੇ ਤੋਂ ਹਟਾਇਆ ਜਾਵੇ; ਅਤੇ ਤੀਜੀ, ਨੀਟ ਪੇਪਰ ਲੀਕ ਨਾਲ ਜੁੜੇ ਉਨ੍ਹਾਂ ਸਾਰੇ ਵਿਦਿਆਰਥੀਆਂ ਦੇ ਪਰਿਵਾਰਾਂ ਨੂੰ, ਜਿਨ੍ਹਾਂ ਨੇ ਆਤਮਹੱਤਿਆ ਕੀਤੀ ਹੈ, ਇਕ-ਇਕ ਕਰੋੜ



ਰੁਪਏ ਦਾ ਮੁਆਵਜ਼ਾ ਦਿੱਤਾ ਜਾਵੇ। ਪਾਰਟੀ ਨੇ ਸਾਫ਼ ਕਿਹਾ ਕਿ ਜਦ ਤੱਕ ਉਨ੍ਹਾਂ ਦੀਆਂ ਮੰਗਾਂ 'ਤੇ ਠੋਸ ਫ਼ੈਸਲਾ ਨਹੀਂ ਹੁੰਦਾ, ਤਦ ਤੱਕ ਅੰਦੋਲਨਜਾਰੀ ਰਹੇਗਾ। ਸਰਕਾਰ ਵੱਲੋਂ ਨੱਡਾ ਨੂੰ ਸੀਜੇਪੀ ਨਾਲ ਗੱਲ ਕਰਨ ਲਈ ਕਿਹਾ ਗਿਆ ਸੀ। ਸੋਮਵਾਰ ਸਵੇਰੇ 11:50 'ਤੇ ਸ਼ੁਰੂ ਹੋਈ ਬੈਠਕ ਲਗਪਗ 10 ਮਿੰਟ ਚੱਲੀ। ਜਾਣਕਾਰੀ ਮੁਤਾਬਕ, ਨੱਡਾ ਨੇ ਉਨ੍ਹਾਂ ਨੂੰ ਕਿਹਾ ਕਿ ਤੁਸੀਂ ਆਪਣੀਆਂ ਮੰਗਾਂ ਲਿਖਤੀ ਰੂਪ ਵਿਚ ਦਿਉ। ਸੂਤਰਾਂ ਅਨੁਸਾਰ, ਸੀਜੇਪੀ ਵਫ਼ਦ ਨੇ ਉੱਥੇ ਦੂਜੇ ਕਮਰੇ ਵਿਚ ਜਾ ਕੇ ਮੰਗ ਪੱਤਰ ਤਿਆਰ ਕੀਤਾ ਅਤੇ ਸ਼ਾਮ ਨੂੰ ਫਿਰ. ਨੱਡਾ ਨਾਲ ਮੁਲਾਕਾਤ ਵਿਚ ਉਹ ਮੰਗ ਪੱਤਰ ਸੌਂਪਿਆ। ਨੱਡਾ ਨੇ ਖ਼ੁਦ ਵੀ ਸ਼ਾਮ 3 ਵਜੇ ਪੋਸਟ ਕਰ ਕੇ ਜਾਣਕਾਰੀ ਦਿੱਤੀ ਅਤੇ ਕਿਹਾ- ਅੱਜ ਸਵੇਰੇ ਪਹਿਲੀ ਵਾਰ ਪ੍ਰਦਰਸ਼ਨਕਾਰੀਆਂ ਵੱਲੋਂ ਗੱਲਬਾਤ ਦਾ ਪ੍ਰਸਤਾਵ ਆਇਆ ਸੀਅਤੇ ਸਵੇਰੇ 11:50 ਤੋਂ ਗੱਲਬਾਤ ਕੀਤੀ ਗਈ। ਉਨ੍ਹਾਂ ਵੱਲੋਂ ਲਗਪਗ 4 ਵਜੇ ਮੈਨੂੰ ਲਿਖਤੀ ਮੰਗ ਪੱਤਰ ਦਿੱਤਾ ਗਿਆ। ਇਹ ਪੋਸਟ ਇਸ ਲਈ ਵਿਸ਼ੇਸ਼ ਸੀ, ਕਿਉਂਕਿ ਉਨ੍ਹਾਂ ਨੇ ਸਪਸ਼ਟ ਕਰ ਦਿੱਤਾ ਕਿ ਪਹਿਲੀ ਵਾਰ ਪ੍ਰਦਰਸ਼ਨਕਾਰੀਆਂ ਵੱਲੋਂ ਗੱਲਬਾਤ ਦਾ ਸੁਨੇਹਾ ਭੇਜਿਆ ਗਿਆ ਸੀ ਅਤੇ ਸਰਕਾਰ ਤਤਕਾਲ ਤਿਆਰ ਹੋ ਗਈ।

ਇਸ ਤੋਂ ਬਾਅਦ ਸੀਜੇਪੀ ਦੇ ਨੇਤਾਵਾਂ ਨੇਂ ਕਿਹਾ ਕਿ ਉਨ੍ਹਾਂ ਨੇ ਆਪਣੀਆਂ ਮੰਗਾਂ ਦਾ ਲਿਖਤੀ ਮੰਗ ਪੱਤਰ ਨੱਡਾ ਨੂੰ ਸੌਂਪਿਆ ਹੈ। ਉਨ੍ਹਾਂ ਨੇ ਭਰੋਸਾ ਦਿੱਤਾ ਹੈ ਕਿ ਉਹ ਇਨ੍ਹਾਂ ਮੰਗਾਂ 'ਤੇ ਸਰਕਾਰ ਅੰਦਰ ਚਰਚਾ ਕਰਨਗੇ। ਇਸ ਲਈ ਉਨ੍ਹਾਂ ਨੇ ਕੁਝ ਮੁਹਲਤ ਵੀ ਮੰਗੀ ਹੈ। ਸੂਤਰਾਂ ਅਨੁਸਾਰ ਸਰਕਾਰ ਵੀ ਅੰਦੋਲਨ ਨੂੰ ਲੈ ਕੇ ਅੰਦਰੂਨੀ ਪੱਧਰ 'ਤੇ ਵਿਚਾਰ-ਚਰਚਾ ਕਰ ਰਹੀ ਹੈ ਅਤੇ ਅੱਗੇ ਕੋਈ ਅਧਿਕਾਰਤ ਪ੍ਰਤੀਕਿਰਿਆ ਸਾਹਮਣੇ ਆ ਸਕਦੀ ਹੈ।

ਸੀਜੇਪੀ ਦਾ ਕਹਿਣਾ ਹੈ ਕਿ ਨੌਜਵਾਨਾਂ ਦਾ ਸਿੱਖਿਆ ਪ੍ਰਣਾਲੀ 'ਤੇ ਭਰੋਸਾ ਲਗਾਤਾਰ ਕਮਜ਼ੋਰ ਹੋ ਰਿਹਾ ਹੈ। ਦੋਸ਼ ਲਾਇਆ ਹੈ ਕਿ ਨੀਟ ਪੇਪਰ ਲੀਕ, ਸੀਬੀਐੱਸਈ 12ਵੀਂ ਦੇ ਪੋਰਟਲ ਵਿਚ ਤਕਨੀਕੀ ਗੜਬੜ, ਸੀਯੂਈਟੀ ਪ੍ਰੀਖਿਆ ਵਿਚ ਦੇਰੀ ਅਤੇ ਹੋਰ ਪ੍ਰੀਖਿਆ ਸਬੰਧੀ ਨਾਕਸ ਬੰਦੋਵਸਤਾਂਤ ਨੇ ਇਹ ਸੰਕੇਤ ਦਿੱਤਾ ਹੈ ਕਿ ਮੌਜੂਦਾ ਪ੍ਰਣਾਲੀ ਵੱਡੇ ਸੁਧਾਰ ਦੀ ਮੰਗ ਕਰ ਰਹੀ ਹੈ।

# ਵਾਂਗਚੁਕ ਦੀ ਸਿਹਤ 'ਚ ਮਾਮੂਲੀ ਸੁਧਾਰ

**ਨਵੀਂ ਦਿੱਲੀ:** ਸਫ਼ਦਰਜੰਗ ਹਸਪਤਾਲ ਵਿਚ ਦਾਖ਼ਲ ਸੋਨਮ ਵਾਂਗਚੁਕ ਦੀ ਸਿਹਤ ਵਿਚ ਹਲਕਾ ਸੁਧਾਰ ਹੈ। ਸੋਮਵਾਰ ਨੂੰ ਜਾਰੀ ਹੈਲਥ ਬੁਲੇਟਿਨ ਵਿਚ ਹਸਪਤਾਲ ਨੇ ਕਿਹਾ ਕਿ ਉਨ੍ਹਾਂ ਦੀ ਨਾੜੀ, ਬਲੱਡ ਪ੍ਰੈਸ਼ਰ ਤੇ ਆਕਸੀਜਨ ਦਾ ਪੱਧਰ ਸਥਿਰ ਹੈ। ਖ਼ੂਨ ਦੇ ਦੌਰੇ ਵਿਚ ਹਲਕਾ ਸੁਧਾਰ ਦਰਜ ਕੀਤਾ ਗਿਆ ਹੈ, ਹਾਲਾਂਕਿ ਹਾਲੇ ਵੀ ਉਨ੍ਹਾਂ ਨੂੰ ਮਾਹਿਰ ਡਾਕਟਰਾਂ ਦੀ ਨਿਗਰਾਨੀ ਵਿਚ ਰੱਖਿਆ ਗਿਆ ਹੈ। ਇਸ ਦੌਰਾਨ ਸੋਨਮ ਵਾਂਗਚੁਕ ਨੇ ਸੋਮਵਾਰ ਨੂੰ ਆਪਣੇ ਐਕਸ ਅਕਾਊਂਟ 'ਤੇ ਹੱਥੀਂ ਲਿਖੀ ਚਿੱਠੀ ਸਾਂਝੀ ਕਰ ਕੇ ਹਸਪਤਾਲ ਪ੍ਰਸ਼ਾਸਨ ਤੋਂ ਕੁਝ ਸਮੇਂ ਲਈ ਬਾਹਰ ਜਾਣ ਦੀ ਇਜਾਜ਼ਤ ਮੰਗੀ ਸੀ, ਤਾਂ ਜੋ ਉਹ ਸੰਸਦ ਤੱਕ ਤਜਵੀਜ਼ਸ਼ੁਦਾ 'ਸੰਸਦ ਚੱਲੋ ਮਾਰਚ' ਵਿਚ ਸ਼ਾਮਲ ਹੋ ਸਕਣ। ਚਿੱਠੀ ਵਿਚ ਲਿਖਿਆ ਹੈ ਕਿ ਉਹ ਬਿਹਤਰ ਮਹਿਸੂਸ ਕਰ ਰਹੇ ਹਨ ਤੇ ਉਨ੍ਹਾਂ ਦੀ ਸਿਹਤ ਸਬੰਧੀ ਸਾਰੀ ਸਥਿਤੀ ਲਗਭਗ ਠੀਕ ਹੈ। ਇਸ ਲਈ ਉਨ੍ਹਾਂ ਨੂੰ ਕੁਝ ਸਮੇਂ ਲਈ ਹਸਪਤਾਲ ਤੋਂ ਬਾਹਰ ਜਾਣ ਦੀ ਇਜਾਜ਼ਤ ਦਿੱਤੀ ਜਾਏ।



## ਵਾਂਗਚੁਕ ਨੂੰ ਹਸਪਤਾਲ ਲੈ ਕੇ ਜਾਣ ਨੂੰ .ਗੈਰ-ਕਾਨੂੰਨੀ ਐਲਾਨਣ ਦੀ ਮੰਗ

ਸੋਨਮ ਵਾਂਗਚੁਕ ਨੂੰ ਜੰਤਰ-ਮੰਤਰ ਮਰਨ ਵਰਤ 'ਵਾਲੀ ਥਾਂ ਤੋਂ ਸਫ਼ਦਰਜੰਗ ਹਸਪਤਾਲ ਲੈ ਕੇ ਜਾਣ ਦੇ ਕਦਮ ਨੂੰ ਗ਼ੈਰ-ਕਾਨੂੰਨੀ ਐਲਾਨ ਦੇਣ ਦੀ ਮੰਗ ਨੂੰ ਲੈ ਕੇ ਹਾਈ ਕੋਰਟ ਵਿਚ ਜਨਹਿੱਤ



ਪਟੀਸ਼ਨ ਦਾਇਰ ਕੀਤੀ ਗਈ ਹੈ। ਸੋਮਵਾਰ ਨੂੰ ਮਾਮਲੇ 'ਤੇ ਤਤਕਾਲ ਸੁਣਵਾਈ ਨੂੰ ਲੈ ਕੇ ਇਸ ਦਾ ਜ਼ਿਕਰ ਚੀਫ ਜਸਟਿਸ ਦੇ ਸਾਹਮਣੇ ਕੀਤਾ ਗਿਆ। ਹਾਲਾਂਕਿ ਚੀਫ ਜਸਟਿਸ ਦੇਵੇਂਦਰ ਕੁਮਾਰ ਉਪਾਧਿਆਏ ਦੇ ਬੈਂਚ ਨੇ ਪੁੱਛਿਆ ਕਿ ਇਸ ਵਿਚ ਕੀ ਜਲਦਬਾਜ਼ੀ ਹੈ? ਬੈਂਚ ਨੇ ਮਾਮਲੇ ਨੂੰ ਬੁੱਧਵਾਰ ਨੂੰ ਸੁਣਵਾਈ ਲਈ ਸੂਚੀਬੱਧ ਕਰਨ ਦਾ ਨਿਰਦੇਸ਼ ਦਿੱਤਾ।

# ਅਮਰੀਕਾ ਨੇ ਬੰਦ ਕੀਤੇ ਤਾਂ ਯੋਰਪ ਨੇ ਖੋਲ੍ਹੇ ਦਰਵਾਜ਼ੇ

**ਨਵੀਂ ਦਿੱਲੀ:** ਦਹਾਕਿਆਂ ਤੋਂ ਭਾਰਤੀ ਵਿਦਿਆਰਥੀਆਂ ਦੇ ਦਿਲਾਂ 'ਤੇ ਰਾਜ ਕਰਨ ਵਾਲਾ 'ਅਮਰੀਕਨ ਡ੍ਰੀਮ ਹੁਣ ਆਪਣੀ ਚਮਕ ਗੁਆ ਰਿਹਾ ਹੈ। ਅਮਰੀਕਾ ਅਤੇ ਹੋਰ ਪੱਛਮੀ ਦੇਸ਼ਾਂ ਵਿਚ ਵੀਜ਼ਾ ਦੇ ਸਖ਼ਤ ਨਿਯਮ ਅਤੇ ਪੜ੍ਹਾਈ 'ਤੇ ਵੱਡੇ ਖ਼ਰਚੇ ਨੇ ਭਾਰਤੀ ਨੌਜਵਾਨਾਂ ਨੂੰ ਆਪਣੇ ਫ਼ੈਸਲੇ ਉੱਤੇ ਦੁਬਾਰਾ ਸੋਚਣ ਲਈ ਮਜਬੂਰ ਕਰ ਦਿੱਤਾ ਹੈ। ਜਿੱਥੇ ਇਕ ਪਾਸੇ ਅਮਰੀਕਾ ਨੇ ਦਰਵਾਜੇ ਲਗਭਗ' ਬੰਦ ਕਰ ਲਏ ਹਨ, ਉੱਥੇ ਯੂਰਪੀ ਸੰਘ (ਈਯੂ) ਨੇ ਭਾਰਤੀ ਲਿਆਕਤਮੰਦਾਂ ਦਾ ਖੁੱਲ੍ਹਾ ਸਵਾਗਤ ਕੀਤਾ ਹੈ। ਹਾਲ ਹੀ ਵਿਚ ਲਾਗੂ ਹੋਏ ਭਾਰਤ-ਈਯੂ ਵਪਾਰ ਸਮਝੌਤੇ ਤਹਿਤ ਦਿੱਤੀਆਂ ਗਈਆਂ ਸਹੂਲਤਾਂ ਵੀ ਭਾਰਤੀ ਵਿਦਿਆਰਥੀਆਂ ਤੇ ਹੁਨਰਮੰਦ ਪੇਸ਼ੇਵਰਾਂ ਦੀ ਯੂਰਪੀ ਯੂਨੀਵਰਸਿਟੀਆਂ ਵਿਚ ਦਿਲਚਸਪੀ ਨੂੰ ਵਧਾ ਰਹੀਆਂ ਹਨ।

ਸਰਕਾਰੀ ਅੰਕੜਿਆਂ ਮੁਤਾਬਕ ਭਾਰਤ ਤੋਂ ਵਿਦੇਸ਼ ਪੜ੍ਹਣ ਜਾਣ ਵਾਲੇ ਵਿਦਿਆਰਥੀਆਂ ਦੀ ਗਿਣਤੀ 2023 ਵਿਚ 9,08,000 ਤੋਂ ਘੱਟ ਕੇ 2025 ਵਿਚ ਕਰੀਬ 6,26,000 ਰਹਿ ਗਈ। ਇਸ ਦਾ ਮੁੱਖ ਕਾਰਨ ਅਮਰੀਕਾ ਵਿਚ ਡੋਨਾਲਡ ਟਰੰਪ ਸਰਕਾਰ ਵੱਲੋਂ ਵੀਜ਼ਾ ਮਿਆਦ ਅਤੇ ਪਰਵਾਸੀ ਨਿਯਮਾਂ ਵਿਚ ਕੀਤੀ ਗਈ ਸਖ਼ਤੀ ਅਤੇ ਕੈਨੇਡਾ, ਆਸਟ੍ਰੇਲੀਆ ਤੇ ਬ੍ਰਿਟੇਨ ਵਿਚ ਵੱਧਦਾ ਖ਼ਰਚਾ ਹੈ। ਦੂਜੇ ਪਾਸੇ ਯੂਰਪ ਵਿਚ ਸਿੱਖਿਆ ਦਾ ਖ਼ਰਚਾ (ਟਿਊਸ਼ਨ ਫੀਸ) ਅਮਰੀਕਾ ਦੀ ਤੁਲਨਾ ਵਿਚ 50 ਤੋਂ 80 ਫ਼ੀਸਦ ਤੱਕ ਘੱਟ ਹੈ। ਚੇਨਈ ਦੇ 22 ਸਾਲਾ ਵਿਦਿਆਰਥੀ ਐੱਸ. ਸ੍ਰੀਨਿਕੇਤਨ ਜਿਹੇ ਨੌਜਵਾਨ ਹੁਣ ਅਮਰੀਕਾ ਦੀ ਬਜਾਏ ਜਰਮਨੀ ਨੂੰ ਚੁਣ ਰਹੇ ਹਨ। ਸ੍ਰੀਨਿਕੇਤਨ ਦੱਸਦਾ ਹੈ ਕਿ ਦੁਨੀਆ ਬਹੁ-ਧਰੁਵੀ ਹੋ ਰਹੀ ਹੈ। ਅਮਰੀਕਾ ਬਹੁਤ ਮਹਿੰਗਾ ਹੈ ਪਰ ਸਾਡੇ ਕੋਲ ਬਿਹਤਰ ਬਦਲ ਮੌਜੂਦ ਹਨ। ਯੂਰਪੀ ਸ਼ੰਘ ਦੇ ਇਕ ਸੀਨੀਅਰ ਅਧਿਕਾਰੀ ਨੇ ਕਿਹਾ ਹੈ ਕਿ ਭਾਰਤੀ ਵਿਦਿਆਰਥੀ ਆਪਣੇ ਨਾਲ ਉਦਯੋਗਿਕਤਾ ਦੀ ਭਾਵਨਾ, ਸੱਭਿਆਚਾਰਕ ਖ਼ੁਸ਼ਹਾਲੀ ਅਤੇ ਬਿਹਤਰ ਖੋਜੀ ਮਨ ਲਿਆਉਂਦੇ ਹਨ। ਉਹ ਸਾਡੇ ਕੈਂਪਸਾਂ ਨੂੰ ਖ਼ੁਸ਼ਹਾਲ ਕਰ ਰਹੇ ਹਨ ਅਤੇ ਇਹ ਰੁਝਾਨ ਤੇਜ਼ੀ ਨਾਲ ਵਧੇਗਾ। ਸਟੱਡੀ-ਅਬ੍ਰਾਂਡ ਪਲੇਟਫਾਰਮ 'ਲੀਪ' ਦੇ ਸਹਿ-ਸੰਸਥਾਪਕ ਅਰਨਵ ਕੁਮਾਰ ਮੁਤਾਬਕ ਇਹ ਪਹਿਲੀ ਵਾਰ ਹੈ ਜਦੋਂ ਕੋਈ ਵੱਡਾ ਆਰਥਿਕ ਬਲਾਕ, ਖੁੱਲ੍ਹੇ ਤੌਰ 'ਤੇ ਭਾਰਤੀ ਲਿਆਕਤਮੰਦਾਂ ਨੂੰ. ਵੱਡੇ ਪੱਧਰ 'ਤੇ ਸੱਦੇ ਦੇ ਰਿਹਾ ਹੈ। ਉਹ ਅਨੁਮਾਨ ਲਗਾਉਂਦੇ ਹਨ ਕਿ ਅਗਲੇ ਤਿੰਨ ਤੋਂ ਪੰਜ ਸਾਲਾਂ ਵਿਚ ਯੂਰਪ ਜਾਣ ਵਾਲੇ ਵਿਦਿਆਰਥੀਆਂ ਤੇ ਪੇਸ਼ੇਵਰਾਂ ਦੀ ਗਿਣਤੀ ਵਿਚ 60 ਤੋਂ 70 ਫ਼ੀਸਦ ਦਾ ਉਛਾਲ 'ਆਵੇਗਾ। ਅੰਦਾਜ਼ੇ ਮੁਤਾਬਕ ਯੂਰਪੀ ਯੂਨੀਅਨ 'ਚ ਪੜ੍ਹ ਰਹੇ ਨੇ 1,21,000 ਭਾਰਤੀ ਵਿਦਿਆਰਥੀ, ਵਪਾਰ ਸਮਝੌਤੇ ਪਿੱਛੋਂ ਪੁੱਛਗਿੱਛ 'ਚ 25 ਤੋਂ 30 ਫ਼ੀਸਦ ਦਾ ਵਾਧਾ ਹੋਇਆ ਹੈ।



### ਦੇਸ਼ ਦੀ ਚੋਣ ਤੇ ਭਵਿੱਖ ਦੀਆਂ ਚੁਣੌਤੀਆਂ

ਐਜੂਕੇਸ਼ਨ ਕੰਸਲਟੈਂਸੀ 'ਯੂਰਪ ਸਟਡੀ ਸੈਂਟਰ' ਮੁਤਾਬਕ ਭਾਰਤ-ਈਯੂ ਵਪਾਰ ਸਮਝੌਤੇ ਪਿੱਛੋਂ ਪੁੱਛਗਿੱਛ ਵਿਚ 25 ਤੋਂ 30 ਫ਼ੀਸਦ ਦਾ ਵਾਧਾ ਹੋਇਆ ਹੈ। ਭਾਰਤੀ ਵਿਦਿਆਰਥੀ ਆਪਣੀ ਪਸੰਦ ਮੁਤਾਬਕ ਕਰੀਅਰ ਲਈ ਦੇਸ਼ ਚੁਣ ਰਹੇ ਹਨ। ਉਹ ਇੰਜੀਨੀਅਰਿੰਗ ਅਤੇ ਆਟੋਮੋਬਾਈਲ ਲਈ ਜਰਮਨੀ, ਵਰਕ-ਲਾਈਫ ਬੈਲੈਂਸ ਦੇ ਨਜ਼ਰੀਏ ਨਾਲ ਨੀਦਰਲੈਂਡ, ਮੈਨੇਜਮੈਂਟ ਅਤੇ ਬਿਜ਼ਨਸ ਲਈ ਫਰਾਂਸ ਜਦਕਿ ਕਿਫ਼ਾਇਤੀ ਪੋਸਟਗ੍ਰੈਜੂਏਟ ਰਿਸਰਚ ਲਈ ਪੁਰਤਗਾਲ ਦਾ ਰੁਖ਼ ਕਰ ਰਹੇ ਹਨ। ਯੂਰਪੀ ਸੰਘ ਵਿਚ ਆਵਾਜਾਈ ਦੀ ਵਧੀਆ ਸਹੂਲਤ ਅਤੇ ਅੰਗਰੇਜ਼ੀ ਭਾਸ਼ਾ ਵਿਚ ਗ੍ਰੈਜੂਏਟ ਪ੍ਰੋਗਰਾਮਾਂ ਦੀ ਵਧਦੀ ਗਿਣਤੀ ਵੀ ਭਾਰਤੀ ਵਿਦਿਆਰਥੀਆਂ ਤੇ ਪੇਸ਼ੇਵਰਾਂ ਨੂੰ ਯੂਰਪ ਵੱਲ ਆਕਰਸ਼ਤ ਕਰ ਰਹੀ ਹੈ।

ਪੰਜਾਬ ਟਾਈਮਜ਼

*25 ਜੁਲਾਈ, ਸ਼ਨਿਚਰਵਾਰ*

# ਭਾਜਪਾ ਦੀ ਪੰਜਾਬ ਪ੍ਰਸਤੀ

*ਪਾਰਲੀਮੈਂਟ ਦਾ ਮਾਨਸੂਨ ਸੈਸ਼ਨ ਸ਼ੁਰੂ ਹੋ ਚੁੱਕਾ ਹੈ। ਕਾਕਰੋਚ ਜਨਤਾ ਪਾਰਟੀ ਦੇ ਪ੍ਰਦਰਸ਼ਨ, ਜੰਤਰ-ਮੰਤਰ ਦੀਆਂ ਭੁੱਖ ਹੜਤਾਲਾਂ, ਪੰਜਾਬ ਦੇ ਕਿਸਾਨਾਂ ਦਾ ਦਿੱਲੀ ਵਲ ਕੂਚ, ਪ੍ਰਧਾਨ ਮੰਤਰੀ ਨਿਵਾਸ ਨੇੜੇ ਕਾਂਗਰਸ ਦੇ ਧਰਨੇ ਦੌਰਾਨ ਰਾਹੁਲ ਗਾਂਧੀ, ਪ੍ਰਿਯੰਕਾ ਗਾਂਧੀ ਅਤੇ ਅਖਿਲੇਸ਼ ਯਾਦਵ ਦੀਆਂ ਗ੍ਰਿਫ਼ਤਾਰੀਆਂ ਨੇ ਦੇਸ਼ ਦੀ ਸਿਆਸਤ ਨੂੰ ਇਕ ਦਮ ਭਖਾ ਦਿੱਤਾ ਹੈ। ਇਹ ਸਭ ਕੁੱਝ ਉਦੋਂ ਵਾਪਰਿਆ ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਪੰਜਾਬ ਦਾ ਦੌਰਾ ਕਰਕੇ ਅਜੇ ਦਿੱਲੀ ਪਰਤੇ ਹੀ ਸਨ। ਸ਼ੁੱਕਰਵਾਰ 17 ਜੁਲਾਈ ਨੂੰ ਉਹ ਇਕ ਤੂਫ਼ਾਨੀ ਦੌਰੇ 'ਤੇ ਹਰਿਆਣਾ, ਕੇਂਦਰ ਸ਼ਾਸਤ ਪ੍ਰਦੇਸ਼ ਚੰਡੀਗੜ੍ਹ ਅਤੇ ਪੰਜਾਬ ਵਿਖੇ ਦੇਸ਼ ਨੂੰ ਨਵੀਨਤਮ ਮੁਢਲੇ ਢਾਂਚੇ, ਰੇਲਵੇ, ਸਿਹਤ ਅਤੇ ਵਿਰਾਸਤ ਨਾਲ ਜੋੜਨ ਲਈ ਕਰੀਬ 25 ਹਜ਼ਾਰ ਕਰੋੜ ਦੇ ਪ੍ਰਾਜੈਕਟਾਂ ਦੇ ਵੱਖ-ਵੱਖ ਥਾਵਾਂ 'ਤੇ ਉਦਘਾਟਨਾਂ ਲਈ ਪਹੁੰਚੇ ਸਨ। ਪਰ ਇਸ ਦੌਰੇ ਦੌਰਾਨ ਪੰਜਾਬ ਅੰਦਰ ਉਨ੍ਹਾਂ ਦਾ ਜਲੰਧਰ ਅੰਦਰ ਪੜਾਅ ਮਹੱਤਵਪੂਰਨ ਸੀ। ਉਹ ਪੰਜਾਬ ਅੰਦਰ ਪੰਜ ਮਹੀਨਿਆਂ ਦੇ ਵਕਫ਼ੇ ਬਾਅਦ ਹੀ ਜਲੰਧਰ ਦੇ ਦੂਸਰੇ ਦੌਰੇ 'ਤੇ ਸਨ। ਸਭ ਤੋਂ ਪਹਿਲਾਂ ਪ੍ਰਧਾਨ ਮੰਤਰੀ ਹਰਿਆਣਾ ਪਹੁੰਚੇ ਜਿੱਥੇ, ਉਨ੍ਹਾਂ ਨੇ 14 ਹਜ਼ਾਰ ਕਰੋੜ ਰੁਪਏ ਦੇ ਪ੍ਰਾਜੈਕਟਾਂ ਦਾ ਉਦਘਾਟਨ ਕੀਤਾ। ਇਨ੍ਹਾਂ 'ਚ ਪ੍ਰਮੁੱਖ ਜੀਂਦ ਵਿਖੇ ਜੀਂਦ ਤੋਂ ਸੋਨੀਪਤ ਤੱਕ 89 ਕਿਲੋਮੀਟਰ ਚੱਲਣ ਵਾਲੀ ਦੇਸ਼ ਵਿਚ ਪਹਿਲੀ ਹਾਈਡਰੋਜਨ ਟਰੇਨ ਦਾ ਉਦਘਾਟਨ ਸੀ। ਹਰਿਆਣਾ ਅੰਦਰ ਹੀ ਦੂਸਰਾ ਮਹੱਤਵਪੂਰਨ ਪ੍ਰੋਜੈਕਟ 160 ਕਰੋੜ ਦੀ ਲਾਗਤ ਨਾਲ ਸਥਾਪਤ ਕੀਤਾ ਜਾਣ ਵਾਲਾ ਸਿੱਖ ਮਿਊਜ਼ੀਅਮ ਹੈ, ਜੋ ਨਾ ਸਿਰਫ਼ ਇਸ ਰਾਜ 'ਚ ਬਲਕਿ ਪੂਰੇ ਦੇਸ਼ ਅੰਦਰ ਸਿੱਖ ਗੁਰੂਆਂ ਦੀ ਪਰੰਪਰਾ, ਗੁਰ ਗਿਆਨ, ਬਲਿਦਾਨ ਅਤੇ ਗੁਰਬਾਣੀ ਨੂੰ ਸਦੀਵੀ ਚਾਨਣ-ਮੁਨਾਰੇ ਦੀ ਤਰ੍ਹਾਂ ਕਾਇਮ ਰੱਖੇਗਾ।*

*ਚੰਡੀਗੜ੍ਹ ਵਿਖੇ ਪ੍ਰਧਾਨ ਮੰਤਰੀ ਨੇ 4700 ਕਰੋੜ ਰੁਪਏ ਦੇ ਪ੍ਰੋਜੈਕਟਾਂ ਦਾ ਨੀਂਹ ਪੱਥਰ 'ਵਿਕਸਿਤ ਭਾਰਤ ਅਭਿਆਨ' ਤਹਿਤ ਰੱਖਿਆ। ਦੁਆਬਾ ਖੇਤਰ 'ਚ ਵਿਧਾਨ ਸਭਾ ਦੀਆਂ 23 ਸੀਟਾਂ ਹਨ। ਇਹ ਖੇਤਰ ਪੰਜਾਬੀ ਐਨ.ਆਰ.ਆਈਜ਼ ਅਤੇ ਦਲਿਤ ਵਰਗਾਂ ਨਾਲ ਸੰਬੰਧਿਤ ਭਾਈਚਾਰੇ ਦਾ ਪ੍ਰਮੁੱਖ ਕੇਂਦਰ ਹੈ। ਇੱਥੇ ਗੁਰੂ ਰਵਿਦਾਸ ਜੀ ਨਾਲ ਸੰਬੰਧਿਤ ਸੱਚਖੰਡ ਡੇਰਾ ਬੱਲਾਂ ਮੌਜੂਦ ਹੈ। ਇਸ ਡੇਰੇ ਦੇ ਮੁਖ ਸੰਤ ਨਿਰੰਜਨ ਦਾਸ ਨੂੰ 1 ਫਰਵਰੀ 2026 ਨੂੰ ਪ੍ਰਧਾਨ ਮੰਤਰੀ ਆਦਮਪੁਰ ਹਵਾਈ ਅੱਡੇ ਉਤੇ ਮਿਲਣ ਲਈ ਪੁੱਜੇ ਸਨ। ਹਵਾਈ ਅੱਡੇ ਦਾ ਨਾਮ ਗੁਰੂ ਰਵਿਦਾਸ ਹਵਾਈ ਅੱਡਾ ਰੱਖਿਆ ਗਿਆ। ਇਸ ਤੋਂ ਪਹਿਲਾਂ ਸੰਤ ਨਿਰੰਜਨ ਦਾਸ ਜੀ ਨੂੰ ਭਾਰਤ ਸਰਕਾਰ ਵੱਲੋਂ ਪਦਮਸ੍ਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਸੀ। ਹੁਣ ਸ੍ਰੀ ਅੰਮ੍ਰਿਤਸਰ ਤੋਂ ਕਾਂਸ਼ੀ (ਬਨਾਰਸ) ਗੁਰੂ ਰਵਿਦਾਸ ਟ੍ਰੇਨ ਦੇ ਉਦਘਾਟਨ ਸਮੇਂ ਉਨ੍ਹਾਂ ਸੰਤ ਨਿਰੰਜਨ ਦਾਸ ਜੀ ਨਾਲ ਮੁਲਾਕਾਤ ਕੀਤੀ। ਇਸ ਦਾ ਮਕਸਦ ਪੰਜਾਬ 'ਚ 32 ਪ੍ਰਤੀਸ਼ਤ ਦਲਿਤ ਭਾਈਚਾਰੇ ਨੂੰ ਹਰਿਆਣਾ ਵਾਂਗ ਸੋਸ਼ਲ ਇੰਜੀਨੀਅਰਿੰਗ ਰਾਹੀਂ ਭਾਜਪਾ ਨਾਲ ਜੋੜਨਾ ਹੋ ਸਕਦਾ ਹੈ। ਭਾਜਪਾ ਨੇ 2024 ਵਿਚ ਹੋਈਆਂ ਲੋਕ ਸਭਾ ਚੋਣਾਂ ਵਿਚ 18 ਫ਼ੀਸਦੀ ਵੋਟਾਂ ਹਾਸਲ ਕੀਤੀਆਂ ਸਨ। ਹੁਣ ਉਹ 32 ਫ਼ੀਸਦ ਦਲਿਤ ਭਾਈਚਾਰੇ ਨਾਲ ਗਲਵਕੜੀ ਪਾ ਕੇ ਆਪਣਾ ਵੋਟ ਬੈਂਕ ਵਧਾਉਣਾ ਚਾਹੁੰਦੀ ਹੈ।*

*ਜਲੰਧਰ ਵਿਚ ਪ੍ਰਧਾਨ ਮੰਤਰੀ ਨੇ ਆਪਣਾ ਭਾਸ਼ਣ ਪੰਜਾਬੀ 'ਚ ਸ਼ੁਰੂ ਕਰਕੇ 'ਪੰਜਾਬ ਨਾਲ ਅਪਣੱਤ' ਜਤਾਉਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਨੇ ਪੰਜਾਬ ਸਰਕਾਰ ਦੇ ਮੰਤਰੀਆਂ ਅਤੇ ਆਪ ਵਿਧਾਇਕਾਂ 'ਤੇ ਰਿਸ਼ਵਤ ਲੈਣ ਦੇ ਦੋਸ਼ ਲਗਾਏ। ਇਹ ਵੀ ਦੋਸ਼ ਲਾਇਆ ਕਿ 2014 ਤੋਂ ਬਾਅਦ ਉਨ੍ਹਾਂ ਦੀ ਸਰਕਾਰ ਨੇ ਲੱਖਾਂ ਕਰੋੜ ਰੁਪਏ ਪੰਜਾਬ ਦੇ ਵਿਕਾਸ ਲਈ ਭੇਜੇ ਜੋ ਇਥੋਂ ਦੀਆਂ ਸਰਕਾਰਾਂ ਨੇ ਆਪਣੇ ਰਾਜਨੀਤਕ ਲਾਭਾਂ ਲਈ ਵਰਤ ਲਏ। ਉਨ੍ਹਾਂ ਨੇ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਉਹ ਰਾਜ 'ਚ ਡਬਲ ਇੰਜਣ ਸਰਕਾਰ ਅਤੇ ਪੰਜਾਬ 'ਚ ਮਹਾਰਾਜਾ ਰਣਜੀਤ ਸਿੰਘ ਵਰਗੇ ਪ੍ਰਤਾਪੀ ਰਾਜ ਲਈ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਨੂੰ ਅਗਲੀਆਂ ਵਿਧਾਨ ਸਭਾ ਚੋਣਾਂ 'ਚ ਚੁਣਨ ਤਾਂ ਕਿ ਪੰਜਾਬ ਦਾ ਵਿਕਾਸ ਹਰਿਆਣਾ ਅਤੇ ਦਿੱਲੀ ਦੀਆਂ ਡਬਲ ਇੰਜਣ ਸਰਕਾਰਾਂ ਵਾਂਗ ਹੋ ਸਕੇ।*

*ਪੰਜਾਬ ਕਾਂਗਰਸ ਵਲੋਂ ਪ੍ਰਧਾਨ ਮੰਤਰੀ 'ਤੇ ਦੋਸ਼ ਲਗਾਇਆ ਗਿਆ ਹੈ ਕਿ ਉਸ ਨੇ 12 ਸਾਲ ਦੇ ਕਾਰਜਕਾਲ 'ਚ ਪੰਜਾਬ ਲਈ ਕੁਝ ਨਹੀਂ ਕੀਤਾ ਸਗੋਂ ਉਲਟਾ ਪੰਜਾਬ ਦੇ ਵਾਜਬ ਹੱਕ ਖੋਹੇ। 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਤੰਜ਼ ਕਰਦਿਆਂ ਕਿਹਾ ਕਿ ਰਾਮ ਮੰਦਿਰ ਦਾ ਚੰਦਾ ਚੋਰੀ ਕਰਨ ਵਾਲਿਆਂ ਦਾ ਵੱਡਾ ਆਗੂ ਇਮਾਨਦਾਰੀ ਦਾ ਭਾਸ਼ਣ ਦੇ ਰਿਹਾ ਸੀ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਆਉਣ ਵਾਲੇ ਸਮੇਂ ਵਿਚ ਪੰਜਾਬ ਵਿਚ ਭਾਜਪਾ, ਕਾਂਗਰਸ ਅਤੇ ਆਪ ਵਿਚਾਲੇ ਸੱਤਾ ਲਈ ਗਹਿ-ਗੱਚ ਰਾਜਨੀਤਕ ਟਕਰਾਅ ਵੇਖਣ ਨੂੰ ਮਿਲੇਗਾ। ਵੇਖਣ ਵਾਲੀ ਗੱਲ ਇਹ ਹੋਵੇਗੀ ਕਿ ਇਹ ਸਾਰੇ ਕਾਰਜ ਭਾਜਪਾ ਦੀ ਪੰਜਾਬ ਪ੍ਰਸਤੀ ਹਨ ਜਾਂ ਮਹਿਜ਼ ਰਾਜਨੀਤਕ ਮੌਕਾਪ੍ਰਸਤੀ ਹੀ ਹਨ।*

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਵੋਟਾਂ ਬਟੋਰਨ ਵਾਲੇ!

*ਬੋਲਦੇ ਸਟੇਜਾਂ ਉੱਤੇ ਬੰਨ੍ਹ ਕੇ 'ਵਿਸ਼ੇਸ਼' ਪੱਗਾਂ, ਬਣਦੇ ਹਮਾਇਤੀ ਕਿਸੇ ਵੱਖਰੀ 'ਵਹੀਰ' ਦੇ।*
*ਪੈਰਾਂ ਉੱਤੇ ਝੁਕਦੇ ਨੇ ਬਾਬਿਆਂ ਦੇ ਡੇਰੇ ਜਾ ਕੇ, ਜ਼ੈਲਦਾਰ ਬਣ ਜਾਂਦੇ ਉਨ੍ਹਾਂ ਦੀ 'ਜਗੀਰ' ਦੇ।*
*ਅੰਧਵਿਸ਼ਵਾਸ ਤੇ ਵਧਾਉਂਦੇ ਹੋਰ ਗੁਰੂ-ਡੰਮ, ਜਿੱਥੇ ਲੋਕ ਪਹਿਲੋਂ ਹੀ ਫਕੀਰ ਨੇ ਲਕੀਰ ਦੇ।*
*ਕੋਈ ਭੇਜੇ ਤੀਰਥਾਂ ਨੂੰ ਬੱਸਾਂ ਭਰ ਲੋਕਾਂ ਦੀਆਂ, ਧਨ ਸਰਕਾਰੀ ਨੇ ਲੁਟਾਉਂਦੇ 'ਮਾਮੇ ਹੀਰ' ਦੇ।*
*ਅੱਡਿਆਂ ਸਟੇਸ਼ਨਾਂ ਨੂੰ ਨਾਂ ਦੇ ਕੇ ਰਹਿਬਰਾਂ ਦੇ, ਵਿੰਨ੍ਹਦੇ 'ਨਿਸ਼ਾਨੇ' ਏਦਾਂ ਵੱਖਰੇ ਹੀ 'ਤੀਰ' ਦੇ।*
*ਵੋਟਾਂ ਹੀ ਬਟੋਰਨੇ ਦੇ ਕਰਦੇ 'ਡਰਾਮੇ' ਰਹਿੰਦੇ, ਹੁੰਦੇ ਇਹ ਅਸਲ ਕਿਸੇ ਗੁਰੂ ਦੇ ਨਾ ਪੀਰ ਦੇ।*

# ਪ੍ਰਧਾਨ ਮੰਤਰੀ ਮੋਦੀ ਦੀ ਪੰਜਾਬ ਫੇਰੀ: ਪੰਜਾਬ ਦੇ ਅਸਲ ਮੁੱਦੇ ਰਹੇ ਗਾਇਬ

ਮੀਡੀਆ ਵਿਚ ਜਦੋਂ ਵੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪੰਜਾਬ ਫੇਰੀ ਦਾ ਜਿਕਰ ਸ਼ੁਰੂ ਹੁੰਦਾ ਹੈ ਤਾਂ ਗਾਹੇ-ਬਗਾਹੇ ਉਨ੍ਹਾਂ ਵੱਲੋਂ ਪੰਜਾਬ ਨੂੰ ਦਿੱਤੀ ਜਾਣ ਵਾਲੀ 'ਸੌਗਾਤ' ਜਾਂ ਪੰਜਾਬ ਲਈ ਕਿਸੇ ਵੱਡੇ ਸੰਭਾਵੀ 'ਐਲਾਨ' ਦੀ ਚਰਚਾ ਵੀ ਸ਼ੁਰੂ ਹੋਣਾ ਸੁਭਾਵਿਕ ਹੁੰਦਾ ਹੈ। ਕਿਉਂਕਿ ਜਦੋਂ 2022 ਦੀਆਂ ਚੋਣਾਂ ਤੋਂ ਪਹਿਲਾਂ ਪ੍ਰਧਾਨ ਮੰਤਰੀ ਪੰਜਾਬ ਵਿਚ ਰੱਖੀ ਇਕ ਰੈਲੀ ਵਿਚ ਸ਼ਾਮਲ ਨਹੀਂ ਸਨ ਹੋ ਸਕੇ, ਤਾਂ ਭਾਜਪਾ ਦੀ ਪੰਜਾਬ ਇਕਾਈ ਨੇ ਇਸ ਗੱਲ ਦਾ ਰੌਲਾ ਪਇਆ ਸੀ ਕਿ ਮੋਦੀ ਜੀ ਪੰਜਾਬ ਲਈ ਕੋਈ ਵੱਡੀ 'ਸੌਗਾਤ' ਦੇਣ ਆ ਰਹੇ ਸਨ, ਜਿਸਤੋਂ ਪੰਜਾਬ ਵਾਂਝਾ ਰਹਿ ਗਿਆ ਹੈ। ਉਂਝ 2022 ਤੋਂ ਬਾਅਦ ਮੋਦੀ ਜੀ ਕਈ ਵਾਰ ਪੰਜਾਬ ਆਏ ਪਰ ਕੋਈ ਵੱਡੀ ਸੌਗਾਤ ਛੱਡੋ 'ਐਲਾਨ' ਤੱਕ ਨਹੀਂ ਕਰ ਸਕੇ।

ਹੁਣ ਪਿਛਲੇ ਹਫਤੇ ਪ੍ਰਧਾਨ ਮੰਤਰੀ ਨੇ ਜਲੰਧਰ ਵਿਚ ਅੰਮ੍ਰਿਤ ਭਾਰਤ ਸਟੇਸ਼ਨ ਯੋਜਨਾ ਤਹਿਤ ਪੁਨਰ ਵਿਕਸਤ ਜਲੰਧਰ ਕੈਂਟ ਰੇਲਵੇ ਸਟੇਸ਼ਨ ਦੇ ਉਦਘਾਟਨ ਤੋਂ ਇਲਾਵਾ ਛੇਹਰਟਾ ਅਤੇ



**ਨਵਕਿਰਨ ਸਿੰਘ ਪੱਤੀ**
**ਫੋਨ: 98885-44001**

ਵਾਰਾਨਸੀ ਨੂੰ ਜੋੜਨ ਵਾਲੀ ਸੰਤ ਰਵਿਦਾਸ ਐਕਸਪ੍ਰੈਸ ਨੂੰ ਹਰੀ ਝੰਡੀ ਦਿਖਾਈ। ਹਾਲਾਂਕਿ ਪ੍ਰਧਾਨ ਮੰਤਰੀ ਜੀ ਜੋ ਕੰਮ ਜਲੰਧਰ ਕਰਨ ਆਏ ਸਨ, ਉਹ ਰੇਲਵੇ ਮੰਤਰੀ ਦੇ ਪੱਧਰ ਦਾ ਸੀ ਕਿਉਂਕਿ ਕਰੀਬ 5470 ਕਰੋੜ ਰੁਪਏ ਦੇ ਰੇਲ ਅਤੇ ਸੜਕੀ ਪ੍ਰੋਜੈਕਟਾਂ ਦਾ ਉਦਘਾਟਨ ਅਤੇ ਨੀਂਹ ਪੱਥਰ ਰੇਲਵੇ ਮੰਤਰੀ ਦੇ ਰੋਜ਼ਾਨਾ ਕੰਮਕਾਰ ਦਾ ਹਿੱਸਾ ਹੈ। ਪਰ ਜਿਸ ਤਰੀਕੇ ਨਾਲ ਰੇਲਵੇ ਵਿਭਾਗ ਦੇ ਸਰਕਾਰੀ ਸਮਾਗਮ ਨੂੰ ਇਸ ਤਰ੍ਹਾਂ ਦੀ ਦਿੱਖ ਦਿੱਤੀ ਗਈ ਜਿਵੇਂ ਇਹ ਭਾਜਪਾ ਦਾ ਕੋਈ ਸਮਾਗਮ ਹੋਵੇ, ਉਸ ਤੋਂ ਸਾਫ ਪ੍ਰਭਾਵ ਮਿਲਦਾ ਹੈ ਕਿ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਐਨ ਪਹਿਲਾਂ ਪ੍ਰਧਾਨ ਮੰਤਰੀ ਦੀ ਫੇਰੀ ਭਾਜਪਾ ਨੂੰ ਸਿਆਸੀ ਲਾਹਾ ਦੇਣ ਵਾਲੀ ਸੀ। ਹਾਲਾਂਕਿ ਇਹ ਵੀ ਤੱਥ ਹੈ ਕਿ ਪ੍ਰਧਾਨ ਮੰਤਰੀ ਨੇ ਇਸ ਫੇਰੀ ਦੌਰਾਨ ਸਿਵਾਏ ਸਿਆਸੀ ਗੱਲਾਂ ਦੇ ਸੂਬੇ ਦੇ ਚਲੰਤ ਮਸਲਿਆਂ ਦੀ ਕੋਈ ਖਾਸ ਗੱਲ ਨਹੀਂ ਕੀਤੀ।

ਇਸ ਫੇਰੀ ਦੌਰਾਨ ਪ੍ਰਧਾਨ ਮੰਤਰੀ ਜੀ ਨੇ ਹਰੀ ਪੱਗ ਬੰਨ੍ਹੀ ਹੋਈ ਸੀ। ਵੈਸੇ ਤਾਂ ਉਨ੍ਹਾਂ ਦੇ ਪੱਗ ਬੰਨ੍ਹੀ ਵੇਖ 'ਗੰਗਾ ਗਏ ਗੰਗਾਂ ਰਾਮ, ਜਮੁਨਾ ਗਏ ਜਮੁਨਾ ਰਾਮ' ਵਾਲੀ ਗੱਲ ਚੇਤੇ ਆ ਜਾਂਦੀ ਹੈ ਪਰ ਇਸ ਵਾਰ ਉਨ੍ਹਾਂ ਹਰੀ ਪੱਗ ਕਿਉਂ ਬੰਨੀ ਇਹ ਜਾਨਣਾ ਜਰੂਰੀ ਹੈ। ਅਸਲ ਵਿਚ ਪੰਜਾਬ ਵਿਚ ਹਰਾ ਰੰਗ ਕਿਸਾਨੀ ਦਾ ਪ੍ਰਤੀਕ ਮੰਨਿਆਂ ਜਾਣ ਲੱਗਾ ਹੈ ਅਤੇ ਸੂਬੇ ਦੀਆਂ ਜਿਆਦਾਤਰ ਕਿਸਾਨ ਜਥੇਬੰਦੀਆਂ ਦੇ ਆਗੂ/ਵਰਕਰ ਹਰੀ ਪੱਗ ਹੀ ਬੰਨ੍ਹਦੇ ਹਨ। ਖੇਤੀ ਕਾਨੂੰਨਾਂ ਖਿਲਾਫ ਅੰਦੋਲਨ ਸਮੇਂ ਤੋਂ ਪ੍ਰਧਾਨ ਮੰਤਰੀ ਜੀ ਦਾ ਕਿਸਾਨ ਜਥੇਬੰਦੀਆਂ ਵਿਰੋਧ ਕਰਦੀਆਂ ਆ ਰਹੀਆਂ ਹਨ ਤਾਂ ਉਨ੍ਹਾਂ ਕਿਸਾਨਾਂ ਵਿਚ ਆਪਣੀ ਪੈਂਠ ਬਨਾਉਣ ਲਈ ਹਰਾ ਰੰਗ ਚੁਣਿਆ ਲੱਗਦਾ ਹੈ।

ਇਸ ਮੌਕੇ ਪ੍ਰਧਾਨ ਮੰਤਰੀ ਜੀ ਨੇ ਭਗਵੰਤ ਮਾਨ ਦੀ ਸਰਕਾਰ ਬਾਰੇ ਬੋਲਦਿਆਂ ਦੋਸ਼ ਲਗਾਇਆ ਕਿ ਕੇਂਦਰ ਸਰਕਾਰ ਵੱਲੋਂ ਪੰਜਾਬ ਲਈ ਭੇਜੇ ਗਏ ਫੰਡਾਂ ਦੀ ਸਹੀ ਵਰਤੋਂ ਨਹੀਂ ਹੋ ਰਹੀ। ਉਨ੍ਹਾਂ ਕਿਹਾ ਕਿ ਕਰਜ਼ੇ ਦਾ ਪੈਸਾ ਵਿਕਾਸ ਦੀ ਬਜਾਏ ਗਲਤ ਤਰੀਕੇ ਨਾਲ ਖਰਚਿਆ ਜਾ ਰਿਹਾ ਹੈ ਅਤੇ ਸੂਬੇ ਦੇ ਬਜਟ ਦਾ ਵੱਡਾ ਹਿੱਸਾ ਕਰਜ਼ੇ ਦਾ ਵਿਆਜ ਭਰਨ ਵਿਚ ਲੱਗ ਰਿਹਾ ਹੈ। ਜਦਕਿ ਹਕੀਕਤ ਇਹ ਹੈ ਕਿ ਕੇਂਦਰ ਸਰਕਾਰ ਨੇ ਪੰਜਾਬ ਨੂੰ ਪੇਂਡੂ ਵਿਕਾਸ ਫੰਡ ਤਹਿਤ ਮਿਲਣ ਵਾਲੀ 10,000 ਕਰੋੜ ਰੁਪਏ ਤੋਂ ਵੱਧ ਦੀ ਰਾਸ਼ੀ ਬਗੈਰ ਕਿਸੇ ਠੋਸ ਕਾਰਨ ਦੇ ਰੋਕ ਰੱਖੀ ਹੈ। ਪਿਛਲੇ ਸਾਲ ਸੂਬੇ ਵਿਚ ਆਏ ਹੜ੍ਹਾਂ ਸਮੇਂ ਐਲਾਨੀ ਰਾਸ਼ੀ ਅਜੇ ਤੱਕ ਪੰਜਾਬੀਆਂ ਨੂੰ ਨਹੀਂ ਮਿਲੀ। ਕੇਂਦਰ ਸਰਕਾਰ ਕਹਿ ਦਿੰਦੀ ਹੈ ਕਿ ਸੂਬਾ ਸਰਕਾਰ ਨੂੰ ਰਾਸ਼ੀ ਭੇਜੀ ਹੈ ਜਦਕਿ ਸੂਬਾ ਸਰਕਾਰ ਕਹਿ ਰਹੀ ਹੈ ਕਿ ਉਹ ਹੜ੍ਹਾਂ ਤੋਂ ਬਾਅਦ ਬਕਾਇਆ ਮੁਆਵਜ਼ਾ ਦਾ ਮੁੱਦਾ ਕੇਂਦਰ ਕੋਲ ਵਾਰ-ਵਾਰ ਉਠਾ ਰਹੀ ਹੈ।

ਚੰਗਾ ਹੁੰਦਾ ਇਹ ਸਭ ਗੱਲਾਂ ਪ੍ਰਧਾਨ ਮੰਤਰੀ ਜੀ ਸੂਬੇ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਹਾਜ਼ਰੀ ਵਿਚ ਕਹਿੰਦੇ ਅਤੇ ਲੋਕਾਂ ਸਾਹਮਣੇ ਦੁੱਧ ਦਾ ਦੁੱਧ ਅਤੇ ਪਾਣੀ ਦਾ ਪਾਣੀ ਹੁੰਦਾ ਪਰ ਇਹ ਸਭ ਨਾ ਹੋਣ ਪਿੱਛੇ ਕੇਂਦਰ ਸਰਕਾਰ ਅਤੇ ਸੂਬਾ ਸਰਕਾਰ ਦੋਵੇਂ ਜ਼ਿੰਮੇਵਾਰ ਹਨ। ਜਾਣਕਾਰੀ ਮਿਲੀ ਹੈ ਕਿ ਜਲੰਧਰ ਦੇ ਸਰਕਾਰੀ ਸਮਾਗਮ ਵਿਚ ਸ਼ਾਮਲ ਹੋਣ ਲਈ ਮੁੱਖ ਮੰਤਰੀ ਭਗਵੰਤ ਮਾਨ ਨੂੰ ਬਕਾਇਦਾ ਸਮਾਗਮ ਦਾ ਸੱਦਾ ਦਿੱਤਾ ਗਿਆ ਸੀ ਪਰ ਉਨ੍ਹਾਂ ਨੇ ਜਲੰਧਰ ਜਾਣ ਦੀ ਬਜਾਏ ਚੰਡੀਗੜ੍ਹ ਦੇ ਰਾਜਿੰਦਰਾ ਪਾਰਕ ਵਿਚ ਹੀ ਪ੍ਰਧਾਨ ਮੰਤਰੀ ਦਾ ਸਵਾਗਤ ਕਰਕੇ ਪੱਲਾ ਝਾੜ ਲਿਆ। ਇਸ ਵਿਚ ਕੋਈ ਦੋ ਰਾਵਾਂ ਨਹੀਂ ਹਨ ਕਿ ਭਗਵੰਤ ਮਾਨ ਨੂੰ ਇਸ ਮੌਕੇ ਦੀ ਵਰਤੋਂ ਸੂਬੇ ਦੀਆਂ ਮੰਗਾਂ ਨੂੰ ਪ੍ਰਧਾਨ ਮੰਤਰੀ ਅੱਗੇ ਜਨਤਕ ਰੂਪ ਵਿਚ ਰੱਖਣ ਦੀ ਪਹਿਲ ਕਰਨੀ ਚਾਹੀਦੀ ਸੀ। ਹਰ ਥਾਂ ਹਾਜ਼ਰ ਜਵਾਬੀ ਲਈ ਜਾਣੇ ਜਾਂਦੇ ਭਗਵੰਤ ਮਾਨ ਨੇ ਇਸ ਤਰ੍ਹਾਂ ਕਿਉਂ ਕੀਤਾ, ਇਸਦਾ ਜਵਾਬ ਸਿੱਧਾ ਹੈ ਕਿ ਇਹ ਦੋਵੇਂ ਧਿਰਾਂ ਇਕ ਦੂਜੇ ਨੂੰ ਪਾਸ ਦੇ ਕੇ ਫਰੈਂਡਲੀ ਮੈਚ ਖੇਡ ਰਹੀਆਂ ਹਨ, ਕਿਉਂਕਿ ਬਹੁਤੇ ਮਸਲਿਆਂ ਵਿਚ ਇਹ ਦੋਵੇਂ ਬਰਾਬਰ ਦੀਆਂ ਜਿੰਮੇਵਾਰ ਹਨ। ਮੋਦੀ ਜੀ ਦੀ ਪੰਜਾਬ ਫੇਰੀ ਤੋਂ ਬਾਅਦ ਤਾਂ 'ਆਪ' ਦੇ ਕਈ ਮੰਤਰੀ ਬਿਆਨ ਦਾਗ ਰਹੇ ਹਨ ਕਿ ਕੇਂਦਰ ਸਰਕਾਰ ਪੰਜਾਬ ਦੇ ਪੇਂਡੂ ਵਿਕਾਸ ਫੰਡ ਦੀ 10,000 ਕਰੋੜ ਰੁਪਏ ਤੋਂ ਵੱਧ ਦੀ ਰਾਸ਼ੀ ਜਾਰੀ ਨਹੀਂ ਕਰ ਰਹੀ ਹੈ ਅਤੇ ਪਿਛਲੇ ਸਾਲ ਹੜ੍ਹਾਂ ਦੌਰਾਨ ਹੋਏ ਨੁਕਸਾਨ ਤੋਂ ਬਾਅਦ ਸਾਨੂੰ ਇੱਕ ਪੈਸਾ ਵੀ ਨਹੀਂ ਮਿਲਿਆ ਪਰ ਉਸ ਦਿਨ ਇਹ ਪ੍ਰਧਾਨ ਮੰਤਰੀ ਕੋਲ ਰੋਸ ਪ੍ਰਗਟ ਕਰਨ ਜਲੰਧਰ ਕਿਉਂ ਨਹੀਂ ਗਏ, ਇਹ ਸਵਾਲ ਉਨ੍ਹਾਂ ਨੂੰ ਪੁੱਛਿਆ ਜਾਣਾ ਚਾਹੀਦਾ ਹੈ।

ਪ੍ਰਧਾਨ ਮੰਤਰੀ ਨੇ ਦੂਜਾ ਮਸਲਾ 'ਆਪ' ਸਰਕਾਰ 'ਤੇ ਕਾਨੂੰਨ ਵਿਵਸਥਾ ਖਾਸਕਰ ਗੈਂਗਸਟਰਾਂ ਦਾ ਉਠਾਇਆ। ਸਭ ਜਾਣਦੇ ਹਨ ਕਿ ਗੈਂਗਸਟਰਾਂ ਦੀ ਪੁਸ਼ਤਪਨਾਹੀ ਕਰਨ ਵਿਚ ਕੇਂਦਰ ਸਰਕਾਰ ਅਤੇ ਸੂਬਾ ਸਰਕਾਰ ਬਰਾਬਰ ਦੀਆਂ ਜਿੰਮੇਵਾਰ ਹਨ। ਇਕ ਮੀਡੀਆ ਅਦਾਰੇ ਨਾਲ ਗੈਂਗਸਟਰ ਲਾਰੈਂਸ ਬਿਸ਼ਨੋਈ ਦੀਆਂ ਕਰਵਾਈਆਂ ਗਈਆਂ ਦੋ ਇੰਟਰਵਿਊ ਵਿਚੋਂ ਇਕ ਪੰਜਾਬ ਦੀ ਹੈ ਜਦਕਿ ਦੂਜੀ ਭਾਜਪਾ ਸ਼ਾਸ਼ਤ ਸੂਬੇ ਦੀ ਹੈ। ਹੁਣ ਵੀ ਲਾਰੈਂਸ ਬਿਸ਼ਨੋਈ ਗੁਜਰਾਤ ਦੀ ਜੇਲ੍ਹ ਵਿਚ ਬੰਦ ਹੈ ਜਦਕਿ ਅਮਰੀਕਾ ਦੀ ਏਜੰਸੀ ਐਫ.ਬੀ.ਆਈ. ਉਸ ਉੱਪਰ ਗੰਭੀਰ ਦੋਸ਼ ਲਗਾ ਰਹੀ ਹੈ। ਜੇਲ੍ਹ ਵਿਚ ਬੰਦ ਇਕ ਕੈਦੀ ਸਰਕਾਰੀ ਸਰਪ੍ਰਸਤੀ ਬਗੈਰ ਇਹ ਸਭ ਕਿਵੇਂ ਕਰ ਸਕਦਾ ਹੈ।

ਪ੍ਰਧਾਨ ਮੰਤਰੀ ਵੱਲੋਂ ਹਮੇਸ਼ਾਂ ਦੀ ਤਰ੍ਹਾਂ ਜਲੰਧਰ ਵਿਚ ਪੰਜਾਬੀਆਂ ਨੂੰ ਡਬਲ-ਇੰਜਣ ਦੀ ਸਰਕਾਰ ਚੁਣਨ ਲਈ ਕਹਿਣਾ ਬਿਲਕੁੱਲ ਹੀ ਗੈਰ-ਜਮਹੂਰੀ ਹੈ। ਡਬਲ ਇੰਜਨ ਦੀ ਸਰਕਾਰ ਦਾ ਮਾਡਲ ਹੀ ਸੰਘੀ ਢਾਂਚੇ ਦਾ ਬੁਨਿਆਦੀ ਰੂਪ ਵਿਚ ਵਿਰੋਧੀ ਹੈ। ਇਸਦਾ ਮਤਲਬ ਹੈ ਕਿ ਤੁਸੀਂ ਸੂਬਿਆਂ ਨੂੰ ਤਾਂ ਹੀ ਸਹਿਯੋਗ ਦਿਉਗੇ, ਜੇਕਰ ਉਹ ਤੁਹਾਡੀ ਪਾਰਟੀ ਦੀ ਸਰਕਾਰ ਚੁਣਨ, ਵਿਰੋਧੀ ਧਿਰਾਂ ਦੀਆਂ ਸੂਬਾਂ ਸਰਕਾਰਾਂ ਨੂੰ ਤੁਸੀਂ ਅਣਗੌਲਿਆਂ ਕਰੋਗੇ। ਪ੍ਰਧਾਨ ਮੰਤਰੀ ਇਕ ਪਾਰਟੀ ਦਾ ਨਹੀਂ ਬਲਕਿ ਪੂਰੇ ਦੇਸ਼ ਦਾ ਨੁਮਾਇੰਦਾ ਹੁੰਦਾ ਹੈ ਇਸ ਲਈ ਜੇਕਰ ਪ੍ਰਧਾਨ ਮੰਤਰੀ ਜੀ ਇਸ ਤਰ੍ਹਾਂ ਦੀ ਸਮਝ ਰੱਖਦੇ ਹਨ ਤਾਂ ਦੇਸ਼ ਕਿਹੋ ਜਿਹੇ ਹੱਥਾਂ ਵਿਚ ਹੈ ਇਸਦਾ ਅੰਦਾਜ਼ਾ ਵੀ ਸਹਿਜੇ ਹੀ ਲਗਾਇਆ ਜਾ ਸਕਦਾ ਹੈ। ਵੈਸੇ ਪ੍ਰਧਾਨ ਮੰਤਰੀ ਜੀ ਭੁੱਲ ਰਹੇ ਹਨ ਕਿ ਜਦ ਉਹ 2014 ਵਿਚ ਪ੍ਰਧਾਨ ਮੰਤਰੀ ਬਣੇ ਸਨ ਤਾਂ ਉਸ ਸਮੇਂ ਅਕਾਲੀ-ਭਾਜਪਾ ਦੀ ਸਰਕਾਰ ਭਾਵ ਪੰਜਾਬ ਵਿਚ ਡਬਲ ਇੰਜਣ ਸਰਕਾਰ 2017 ਤੱਕ ਰਹੀ ਅਤੇ ਉਦੋਂ ਇਨ੍ਹਾਂ ਕਿਹੜੇ ਗੱਫੇ ਦਿੱਤੇ ਸਨ।

ਇਸ ਸਮੇਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੇ ਭਾਸ਼ਣ ਵਿਚ ਪੰਜਾਬ ਦੀ ਧਰਤੀ ਨੂੰ 'ਮਹਾਰਾਜਾ ਰਣਜੀਤ ਸਿੰਘ ਦੀ ਧਰਤੀ' ਦੱਸਦਿਆਂ ਕਿਹਾ ਕਿ 'ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਖੁਸ਼ਹਾਲੀ ਸੀ, ਸੁਰੱਖਿਆ ਦੀ ਗਰੰਟੀ ਵੀ ਸੀ ਅਤੇ ਸਮਾਜ ਵਿਚ ਸਦਭਾਵਨਾ ਵੀ ਸੀ।' ਚਲੋ ਇਸ ਬਹਾਨੇ ਮੋਦੀ ਜੀ ਨੇ ਪਹਿਲੀ ਵਾਰ ਵਿੰਗੇ-ਟੇਢੇ ਢੰਗ ਨਾਲ ਹੀ ਸਹੀ, ਇਹ ਤਾਂ ਮੰਨਿਆਂ ਕਿ 'ਮੋਦੀ ਰਾਜ' ਵਿਚ ਇਹ ਸਭ ਨਹੀਂ ਹੈ, ਨਹੀਂ ਹੁਣ ਤੱਕ ਭਾਜਪਾ ਆਗੂ 'ਮੋਦੀ ਰਾਜ' ਨੂੰ ਹੀ 'ਰਾਮ-ਰਾਜ' ਕਹਿੰਦੇ ਨਹੀਂ ਸਨ ਥੱਕਦੇ ਸਨ। ਵੈਸੇ ਇਨ੍ਹਾਂ ਦੇ ਭਾਈਵਾਲ ਬਾਦਲ ਪਰਿਵਾਰ ਵਾਲੇ ਵੀ ਸੂਬੇ ਨੂੰ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਰਗਾ ਰਾਜ ਦੇਣ ਦੇ ਵਾਅਦੇ ਕਰਦੇ ਰਹੇ ਹਨ ਹਾਲਾਂਕਿ ਇਨ੍ਹਾਂ ਦਾ ਮੌਜੂਦਾ ਭਾਈਵਾਲ ਕੈਪਟਨ ਅਮਰਿੰਦਰ ਸਿੰਘ ਇਸ ਤਰ੍ਹਾਂ ਨਹੀਂ ਸੋਚਦਾ ਹੈ। ਪੰਜਾਬ ਬੀਜੇਪੀ ਦੇ ਪ੍ਰਧਾਨ ਕੇਵਲ ਸਿੰਘ ਢਿੱਲੋਂ ਨੇ ਮੋਦੀ ਜੀ ਨੂੰ ਮਹਾਰਾਜਾ ਰਣਜੀਤ ਸਿੰਘ ਦੀ ਤਸਵੀਰ ਭੇਂਟ ਕੀਤੀ।

ਮਹਾਰਾਜਾ ਰਣਜੀਤ ਸਿੰਘ ਦੇ ਸ਼ਾਸ਼ਨ ਬਾਬਤ ਕਈ ਤਰ੍ਹਾਂ ਦੀਆਂ ਗੱਲਾਂ ਪ੍ਰਚੱਲਿਤ ਹਨ। ਜਿੱਥੇ ਬਹੁਤ ਸਾਰੇ ਲੋਕ ਉਨ੍ਹਾਂ ਦੇ ਰਾਜ ਦੀ ਵਡਿਆਈ ਕਰਦੇ ਹਨ, ਉੱਥੇ ਹੀ ਕੁੱਝ ਲੋਕ ਉਨ੍ਹਾਂ ਦੇ ਰਾਜ ਸਮੇਂ ਰਹੀਆਂ ਕਮੀਆਂ ਦੀ ਅਲੋਚਨਾ ਵੀ ਕਰਦੇ ਹਨ। ਪਰ ਇਕ ਗੱਲ ਤਾਂ ਸਾਫ ਹੈ ਕਿ ਧਰਮ ਨਿਰਪੱਖਤਾ ਦੇ ਮਾਮਲੇ ਵਿਚ ਮਾਹਾਰਾਜਾ ਰਣਜੀਤ ਸਿੰਘ ਦਾ ਰਾਜ ਭਾਜਪਾ ਦੇ 'ਮੋਦੀ ਸ਼ਾਸ਼ਨ' ਨਾਲੋਂ ਕਿਤੇ ਵਧੀਆ ਸੀ। ਉਸ ਦੇ ਪ੍ਰਧਾਨ ਮੰਤਰੀ ਇੱਕ ਡੋਗਰਾ ਸਨ, ਵਿਦੇਸ਼ ਮੰਤਰੀ ਇੱਕ ਮੁਸਲਮਾਨ ਸਨ ਅਤੇ ਵਿੱਤ ਮੰਤਰੀ ਇੱਕ ਬ੍ਰਾਹਮਣ ਸਨ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਸਰਕਾਰੀ ਕੰਮਕਾਜ ਦੀ ਭਾਸ਼ਾ ਫ਼ਾਰਸੀ ਸੀ। ਉਨ੍ਹਾਂ ਦੀ ਫ਼ੌਜ ਵਿਚ ਬਹੁਤ ਸਾਰੇ ਮੁਸਲਮਾਨ ਸਨ ਅਤੇ ਮੁਸਲਮ ਕਾਜ਼ੀ ਉਨ੍ਹਾਂ ਅਦਾਲਤਾਂ ਦੀ ਅਗਵਾਈ ਕਰਦੇ ਸਨ ਜਿੱਥੇ ਉਨ੍ਹਾਂ ਦੇ ਇਸਲਾਮੀ ਕਾਨੂੰਨ ਅਨੁਸਾਰ ਇਨਸਾਫ਼ ਲੈਣ ਲਈ ਜਾਂਦੇ ਸੀ। ਦਵਾਖਾਨਿਆਂ ਵਿਚ ਯੂਨਾਨੀ ਦਵਾਈਆਂ ਬਿਨਾਂ ਕਿਸੇ ਖ਼ਰਚੇ ਦੇ ਦਿੱਤੀਆਂ ਜਾਂਦੀਆਂ ਸਨ। ਉਹ ਮਦਰੱਸੇ ਵੀ ਚੱਲਦੇ ਰਹੇ ਜਿੱਥੇ ਕੁਰਾਨ ਅਤੇ ਅਰਬੀ ਭਾਸ਼ਾ ਪੜ੍ਹਾਈ ਜਾਂਦੀ ਸੀ। ਜਿਹੜੀ ਪਾਰਟੀ ਮਦਰੱਸੇ ਬੰਦ ਕਰ ਰਹੀ ਹੈ, ਧਾਰਮਿਕ ਘੱਟ ਗਿਣਤੀਆਂ ਨੂੰ ਨਪੀੜ ਰਹੀ ਹੈ, ਉਹ ਰਣਜੀਤ ਸਿੰਘ ਦੇ ਰਾਜ ਦੀ ਗੱਲ ਕਰਦੀ ਚੰਗੀ ਨਹੀਂ ਲੱਗਦੀ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਜਲੰਧਰ ਫੇਰੀ ਮੌਕੇ ਡੇਰਾ ਸੱਚ ਖੰਡ ਬੱਲਾਂ ਦੇ ਮੁਖੀ ਸੰਤ ਨਿਰੰਜਨ ਦਾਸ ਜੀ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ। ਪਿਛਲੇ ਦਿਨੀਂ ਹੀ ਦੇਸ਼ ਦੇ ਰਾਸ਼ਟਰਪਤੀ ਸਾਹਿਬ ਵੱਲੋਂ ਉਨ੍ਹਾਂ ਨੂੰ ਪਦਮ ਸ਼੍ਰੀ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ ਸੀ। ਇਸ ਡੇਰੇ ਦਾ ਰਵੀਦਾਸੀਆ ਭਾਈਚਾਰੇ ਵਿਚ ਬਹੁਤ ਪ੍ਰਭਾਵ ਹੈ, ਪਰ ਡੇਰੇ ਦੀਆਂ ਪ੍ਰਧਾਨ ਮੰਤਰੀ ਮੋਦੀ ਨਾਲ ਨਜੀਦੀਕੀਆਂ ਇਸ ਕਦਰ ਵਧ ਚੁੱਕੀਆਂ ਹਨ ਕਿ ਇਸ ਡੇਰੇ ਵਿਚ ਪ੍ਰਧਾਨ ਮੰਤਰੀ ਜੀ ਦੇ ਜਨਮ ਦਿਨ ਮੌਕੇ ਅਰਦਾਸ ਕੀਤੀ ਗਈ ਸੀ। ਭਾਜਪਾ ਦੀ ਨੀਤੀ ਸਾਫ ਹੈ ਕਿ ਪੰਜਾਬ ਚੋਣਾਂ ਜਿੱਤਣ ਲਈ ਹਰ ਡੇਰੇ ਨਾਲ ਨੇੜਤਾ ਬਣਾ ਰਹੀ ਹੈ ਤੇ ਇਸ ਨੂੰ ਵੀ ਇਸੇ ਰੂਪ ਵਿਚ ਵੇਖਿਆ ਜਾਣਾ ਚਾਹੀਦਾ ਹੈ।

ਪੰਜਾਬ ਦੇ ਲੋਕ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੋਂ ਸੂਬੇ ਲਈ ਵਿਸ਼ੇਸ਼ ਆਰਥਿਕ ਪੈਕੇਜ਼, ਆਰ.ਡੀ.ਐਫ. ਦੇ 10 ਹਜ਼ਾਰ ਕਰੋੜ ਰੁਪਏ ਦੇ ਬਕਾਏ ਜਾਰੀ ਕਰਨ, ਫਸਲਾਂ ਲਈ ਐਮ.ਐਸ.ਪੀ. ਦੀ ਕਾਨੂੰਨੀ ਗਾਰੰਟੀ, ਕਰਜ਼ਾ ਮੁਆਫ਼ੀ ਜਿਹੀਆਂ ਮੰਗਾਂ ਦਾ ਹੱਲ ਚਾਹੁੰਦੇ ਹਨ। ਲੇਕਿਨ ਹਕੀਕਤ ਇਹ ਹੈ ਕਿ ਪ੍ਰਧਾਨ ਮੰਤਰੀ ਪੰਜਾਬ ਨੂੰ ਕੁੱਝ ਦੇਣ ਦੀ ਥਾਂ ਅਤੇ ਸੂਬੇ ਦੀਆਂ ਗੰਭੀਰ ਸਮੱਸਿਆਵਾਂ ਵਿਚੋਂ ਕਿਸੇ ਦਾ ਵੀ ਹੱਲ ਕੀਤੇ ਬਿਨਾਂ ਵਾਪਸ ਚਲੇ ਗਏ ਹਨ। ਉਹ ਸਟੇਜ ਤੋਂ ਸਿਆਸੀ ਬਿਆਨਬਾਜ਼ੀ ਤਾਂ ਕਰਦੇ ਰਹੇ ਪਰ ਲੋਕਾਂ ਨੂੰ ਪ੍ਰਭਾਵਿਤ ਕਰਨ ਵਾਲੇ ਅਸਲ ਮੁੱਦਿਆਂ 'ਤੇ ਉਹ ਪੂਰੀ ਤਰ੍ਹਾਂ ਚੁੱਪ ਰਹੇ। ਖੇਤੀ ਖੇਤਰ ਗੰਭੀਰ ਸੰਕਟ ਵਿਚ ਹੈ। ਕਣਕ-ਝੋਨੇ ਦੇ ਫਸਲੀ ਚੱਕਰ ਕਾਰਨ ਪੰਜਾਬ ਵਿਚ ਧਰਤੀ ਹੇਠਲਾ ਪਾਣੀ ਲਗਾਤਾਰ ਡੂੰਘਾ ਹੋ ਰਿਹਾ ਹੈ ਅਤੇ ਸੂਬਾ ਇਕ ਗੰਭੀਰ ਸੰਕਟ ਨਾਲ ਜੂਝ ਰਿਹਾ ਹੈ। ਸਾਡੀ ਕੇਂਦਰ ਅਤੇ ਸੂਬਾ ਸਰਕਾਰ ਇਸ ਗੰਭੀਰ ਸੰਕਟ ਪ੍ਰਤੀ ਭੋਰਾ ਵੀ ਚਿੰਤਤ ਨਹੀਂ ਹੈ। ਪੰਜਾਬ ਦੇ ਕਿਸਾਨਾਂ ਨੂੰ ਘੱਟ ਪਾਣੀ ਵਾਲੀਆਂ ਫਸਲਾਂ ਉੱਪਰ ਐਮ.ਐਸ.ਪੀ. ਦੀ ਗਾਰੰਟੀ ਇਸ ਮਸਲੇ ਦੇ ਹੱਲ ਲਈ ਅਤਿ ਜ਼ਰੂਰੀ ਹੈ ਪਰ ਪ੍ਰਧਾਨ ਮੰਤਰੀ ਜੀ ਨੇ ਇਸ ਪਾਸੇ ਕੋਈ ਧਿਆਨ ਨਹੀਂ ਦਿੱਤਾ। ਹਕੀਕਤ ਇਹ ਹੈ ਕਿ ਸੂਬਾ ਅੱਜ ਨਸ਼ਿਆਂ, ਬੇਰੁਜ਼ਗਾਰੀ, ਕਿਸਾਨੀ ਕਰਜੇ ਸਮੇਤ ਅਨੇਕਾਂ ਸਮੱਸਿਆਵਾਂ ਵਿਚ ਫਸਿਆ ਹੋਇਆ ਹੈ ਤੇ ਇਨ੍ਹਾਂ ਸਮੱਸਿਆਵਾਂ ਦੇ ਹੱਲ ਵੱਲ ਤੁਰਨ ਦੀ ਬਜਾਏ ਕੇਂਦਰ ਦੀ 'ਭਾਜਪਾ' ਅਤੇ ਸੂਬੇ ਦੀ 'ਆਪ' ਸਰਕਾਰ ਸਰਕਾਰੀ ਸਮਾਗਮਾਂ ਜ਼ਰੀਏ ਆਪਣੇ ਚੋਣ ਪ੍ਰਚਾਰ ਵਿਚ ਮਸ਼ਰੂਫ ਹਨ। ਅਜਿਹੇ ਵਿਚ ਸੂਬੇ ਦੀਆਂ ਲੋਕ ਪੱਖੀ ਜਥੇਬੰਦੀਆਂ ਦੀਆਂ ਜਿੰਮੇਵਾਰੀ ਬਣਦੀ ਹੈ ਕਿ ਉਹ ਲੋਕ ਮੰਗਾਂ ਨੂੰ ਉਭਾਰਨ ਲਈ ਹੰਭਲਾ ਮਾਰਨ।

# ਜਾਗੇ 'ਕਾਕਰੋਚਾਂ' ਨੇ ਘੇਰੀ ਭਗਵਾ ਹਕੂਮਤ

ਕੇਂਦਰੀ ਸਿੱਖਿਆ ਮੰਤਰੀ ਦੀ ਜਵਾਬਦੇਹੀ ਦੀ ਮੰਗ ਕਰਨ ਵਾਲਿਆਂ ਦੇ ਸੰਸਦ ਵੱਲ ਮਾਰਚ ਨੂੰ ਰੋਕਣ ਅਤੇ ਧਰਨਾਕਾਰੀਆਂ ਨੂੰ ਉੱਥੋਂ ਖਦੇੜਣ ਲਈ ਕੀਤੇ ਜਬਰ ਨੇ ਇਕ ਵਾਰ ਫਿਰ ਦਿਖਾ ਦਿੱਤਾ ਹੈ ਕਿ ਭਾਰਤੀ ਹੁਕਮਰਾਨ ਪੁਰਅਮਨ ਸੰਘਰਸ਼ਾਂ ਨਾਲ ਕਿਵੇਂ ਨਜਿੱਠਦੇ ਹਨ। ਇਕ ਮਹੀਨੇ ਤੋਂ ਚੱਲ ਰਹੇ ਅੰਦੋਲਨ ਦੀ ਅਗਲੀ ਕੜੀ ਵਜੋਂ ਪਾਰਲੀਮੈਂਟ ਦੇ ਮਾਨਸੂਨ ਸੈਸ਼ਨ ਦੇ ਪਹਿਲੇ ਦਿਨ ਨਵੀਂ ਬਣੀ

**ਬੂਟਾ ਸਿੰਘ ਮਹਿਮੂਦਪੁਰ**

ਸੀ.ਜੇ.ਪੀ. (ਕਾਕਰੋਚ ਜਨਤਾ ਪਾਰਟੀ) ਵੱਲੋਂ 20 ਜੁਲਾਈ ਨੂੰ ਪਾਰਲੀਮੈਂਟ ਵੱਲ ਮਾਰਚ ਦਾ ਸੱਦਾ ਦਿੱਤਾ ਗਿਆ ਸੀ। ਉਠਾਏ ਮੁੱਦਿਆਂ ਉੱਪਰ ਵਿਚਾਰ ਕਰਨ ਦੀ ਬਜਾਏ ਭਗਵਾ ਹਕੂਮਤ ਵੱਲੋਂ ਪੁਲਸੀ ਤਾਕਤ ਅਤੇ ਜਬਰ ਦੇ ਜ਼ੋਰ ਅੰਦੋਲਨ ਨੂੰ ਦਬਾਉਣ ਲਈ ਹਮਲੇ ਵਿੱਢ ਦਿੱਤੇ ਗਏ। ਗ਼ੈਰ-ਸਰਕਾਰੀ ਅੰਦਾਜ਼ਿਆਂ ਅਨੁਸਾਰ ਦਿੱਲੀ ਵਿਚ ਇਕ ਲੱਖ ਦੇ ਕਰੀਬ ਲੋਕ ਪਹੁੰਚੇ। ਮੁੰਬਈ, ਸ਼ਾਂਤੀਨਿਕੇਤਨ ਅਤੇ ਜੈਪੁਰ ਵਿਚ ਵੀ ਭਰਵੇਂ ਇਕੱਠ ਹੋਣ ਦੀਆਂ ਖ਼ਬਰਾਂ ਹਨ। 'ਸੰਸਦ ਚਲੋ' ਮਾਰਚ ਨੂੰ ਅਸਫ਼ਲ ਬਣਾਉਣ ਲਈ ਪਾਣੀ ਦੀਆਂ ਬੌਛਾੜਾਂ, ਅੱਥਰੂ ਗੈਸ ਦੇ ਗੋਲਿਆਂ, ਬੇਤਹਾਸ਼ਾ ਲਾਠੀਚਾਰਜ ਸਮੇਤ ਵਹਿਸ਼ੀਆਨਾ ਜਬਰ ਕੀਤਾ ਗਿਆ। ਮੈਟਰੋ ਸਟੇਸ਼ਨ ਤੇ ਇੰਟਰਨੈੱਟ ਬੰਦ ਕਰਨ ਸਮੇਤ ਕਈ ਤਰ੍ਹਾਂ ਦੀਆਂ ਸਖ਼ਤ ਰੋਕਾਂ ਲਾ ਕੇ ਮਾਰਚ ਵਿਚ ਸ਼ਾਮਲ ਹੋਣ ਲਈ ਆ ਰਹੇ ਲੋਕਾਂ ਨੂੰ ਰੋਕਿਆ ਗਿਆ। ਮਾਰਚ ਕਰ ਰਹੀ ਜਵਾਨੀ ਨੇ ਵੀ ਕਈ ਥਾਈਂ ਪੁਲਿਸ ਨਾਲ ਡੱਟ ਕੇ ਟੱਕਰ ਲਈ। ਇਕ ਵਾਰ ਪੁਲਿਸ ਜਾਬਰ ਦੇ ਜ਼ੋਰ ਪੱਕਾ ਧਰਨਾ ਖਦੇੜ ਦਿੱਤਾ ਗਿਆ ਪਰ ਅੰਦੋਲਨਕਾਰੀ ਨਵੀਂ ਥਾਂ 'ਤੇ ਡੱਟ ਗਏ ਹਨ। ਪੁਲਿਸ ਦੇ ਵਹਿਸ਼ੀ ਜਬਰ ਦਾ ਸ਼ਿਕਾਰ ਹੋਏ ਸੈਂਕੜੇ ਲੜਕੇ-ਲੜਕੀਆਂ ਹਸਪਤਾਲ 'ਚ ਦਾਖ਼ਲ ਹਨ। ਮੁੰਬਈ ਵਿਚ ਵੀ ਨਾਬਾਲਗ ਵਿਦਿਆਰਥੀਆਂ ਸਮੇਤ 300 ਦੇ ਕਰੀਬ ਲੜਕੇ-ਲੜਕੀਆਂ ਨੂੰ ਦੇਰ ਰਾਤ ਤੱਕ ਥਾਣਿਆਂ ਵਿਚ ਬੰਦ ਰੱਖਿਆ ਗਿਆ ਪਰ ਪੁਲਿਸ ਉਨ੍ਹਾਂ ਦੇ ਹੌਂਸਲੇ ਪਸਤ ਨਹੀਂ ਕਰ ਸਕੀ। ਇਸੇ ਤਰ੍ਹਾਂ ਦਾ ਵਹਿਸ਼ੀ ਜਬਰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਚ ਸਾਧਵੀ ਰਿੰਤਬਰਾ ਵਰਗੇ ਫਿਰਕੂ ਫਾਸ਼ੀਵਾਦੀ ਆਗੂਆਂ ਨੂੰ ਬੁਲਾਉਣ ਦਾ ਵਿਰੋਧ ਕਰਨ ਵਾਲੇ ਵਿਦਿਆਰਥੀਆਂ ਉੱਪਰ ਕੀਤਾ ਗਿਆ ਹੈ।







ਜਦੋਂ ਭਾਰਤ ਵਿਚ ਸਰਕਾਰਾਂ ਦੀ ਤਾਨਾਸ਼ਾਹੀ, ਰਾਜਕੀ ਧੱਕੇਸ਼ਾਹੀਆਂ ਅਤੇ ਬੇਇਨਸਾਫ਼ੀਆਂ ਤੋਂ ਤੰਗ ਆ ਕੇ ਵਸੋਂ ਦਾ ਕੋਈ ਹਿੱਸਾ ਸਵੈ-ਰੱਖਿਆ ਲਈ ਭਾਰਤੀ ਰਾਜ ਵਿਰੁੱਧ ਹਥਿਆਰ ਚੁੱਕ ਕੇ ਲੜਦਾ ਹੈ, ਤਾਂ ਉਨ੍ਹਾਂ ਨੂੰ 'ਹਿੰਸਾ ਦਾ ਰਾਹ ਤਿਆਗ ਕੇ ਮੁੱਖਧਾਰਾ ਵਿਚ ਸ਼ਾਮਲ ਹੋਣ' ਅਤੇ 'ਲੋਕਤੰਤਰੀ ਵਿਵਸਥਾ ਦੇ ਤਹਿਤ ਅਹਿੰਸਕ ਸੰਘਰਸ਼' ਕਰਨ ਦੀਆਂ ਨਸੀਹਤਾਂ/ਸਲਾਹਾਂ ਦਿੱਤੀਆਂ ਜਾਂਦੀਆਂ ਹਨ। 1947 ਦੀ ਸੱਤਾ ਬਦਲੀ ਤੋਂ ਲੈ ਕੇ ਸੰਘਰਸ਼ਾਂ ਦਾ ਵਿਹਾਰਕ ਤਜਰਬਾ ਦੱਸਦਾ ਹੈ ਕਿ ਅਜਿਹੀਆਂ ਨਸੀਹਤਾਂ ਕਿੰਨੀਆਂ ਬੇਤੁਕੀਆਂ ਹਨ। ਸੰਘਰਸ਼ ਦਾ ਅਹਿੰਸਕ ਜਾਂ ਹਿੰਸਕ ਰੂਪ ਅਖ਼ਤਿਆਰ ਕਰਨਾ ਅੰਦੋਲਨਕਾਰੀਆਂ ਦੀ ਇੱਛਾ ਤੋਂ ਤੈਅ ਨਹੀਂ ਹੁੰਦਾ, ਦਰਅਸਲ ਇਹ ਹਕੂਮਤ ਉੱਪਰ ਨਿਰਭਰ ਕਰਦਾ ਹੈ ਕਿ ਉਹ ਅੰਦੋਲਨ ਨੂੰ ਸ਼ਾਂਤਮਈ ਚੱਲਣ ਦੀ ਇਜਾਜ਼ਤ ਦਿੰਦੀ ਹੈ ਜਾਂ ਨਹੀਂ। ਚਾਹੇ ਨਾਗਰਿਕਤਾ ਸੋਧ ਕਾਨੂੰਨ ਵਿਰੁੱਧ ਸ਼ਾਹੀਨ ਬਾਗ਼ ਮੋਰਚਾ ਸੀ ਜਾਂ ਇਤਿਹਾਸਕ ਕਿਸਾਨ ਅੰਦੋਲਨ ਜਾਂ ਹਾਲੀਆ ਅੰਦੋਲਨ, ਸ਼ਾਂਤਮਈ ਲੋਕਾਈ ਵਿਰੁੱਧ ਪੁਲਿਸ ਤਾਕਤ ਦੀ ਬ-ਦਰੇਗ ਵਰਤੋਂ ਕਰਨਾ ਇਸ ਰਾਜ ਪ੍ਰਬੰਧ ਦਾ ਦਸਤੂਰ ਹੈ।

ਜਦੋਂ ਮੁਕਾਬਲਾ ਪ੍ਰੀਖਿਆ 'ਨੀਟ' ਅਤੇ ਹੋਰ ਪ੍ਰੀਖਿਆਵਾਂ ਵਿਚ ਸੱਤਾਧਾਰੀ ਭਾਜਪਾ ਦੀ ਮਿਲੀਭੁਗਤ ਨਾਲ ਕੀਤੇ ਗਏ ਘੁਟਾਲਿਆਂ ਨੇ ਲੱਖਾਂ ਵਿਦਿਆਰਥੀਆਂ ਦਾ ਭਵਿੱਖ ਤਬਾਹ ਕਰ ਦਿੱਤਾ ਅਤੇ ਇਸ ਤੋਂ ਪ੍ਰੇਸ਼ਾਨ 20 ਵਿਦਿਆਰਥੀਆਂ ਦੀ ਜ਼ਿੰਦਗੀ ਆਦਮਖ਼ੋਰ ਪ੍ਰਬੰਧ ਨੇ ਖੋਹ ਲਈ ਤਾਂ ਆਰ.ਐੱਸ.ਐੱਸ.-ਭਾਜਪਾ ਸਰਕਾਰ ਦੀ ਜਵਾਬਦੇਹੀ ਅਤੇ 'ਕਾਤਲ ਸਿੱਖਿਆ ਮੰਤਰੀ' ਧਰਮਿੰਦਰ ਪ੍ਰਧਾਨ ਦੇ ਅਸਤੀਫ਼ੇ ਦੀ ਮੰਗ ਨੂੰ ਲੈ ਕੇ 20 ਜੂਨ ਤੋਂ ਦਿੱਲੀ ਦੇ ਜੰਤਰ-ਮੰਤਰ ਵਿਖੇ ਨਵੀਂ ਬਣੀ ਕਾਕਰੋਚ ਜਨਤਾ ਪਾਰਟੀ ਵੱਲੋਂ ਵਿਰੋਧ ਧਰਨਾ ਸ਼ੁਰੂ ਕੀਤਾ ਗਿਆ। ਲੱਦਾਖ ਤੋਂ ਵਾਤਾਵਰਣ ਕਾਰਕੁਨ ਸੋਨਮ ਵਾਂਗਚੁੱਕ ਨੇ ਇਸ ਅੰਦੋਲਨ ਨਾਲ ਇਕਮੁੱਠਤਾ ਪ੍ਰਗਟਾਉਂਦਿਆਂ ਇੱਥੇ ਭੁੱਖ-ਹੜਤਾਲ ਸ਼ੁਰੂ ਕਰ ਦਿੱਤੀ। ਇੰਝ, ਇੱਥੇ ਵਿਰੋਧ-ਪ੍ਰਦਰਸ਼ਨ ਦਾ ਲਗਾਤਾਰ ਸਿਲਸਿਲਾ ਸ਼ੁਰੂ ਹੋ ਗਿਆ। ਭਗਵਾ ਹਕੂਮਤ ਨਹੀਂ ਚਾਹੁੰਦੀ ਕਿ ਸਰਕਾਰ ਦੀ ਕਾਰਗੁਜ਼ਾਰੀ ਉੱਪਰ ਸਵਾਲ ਉਠਾਉਣ ਵਾਲੇ ਦਿੱਲੀ ਵਿਚ ਕੋਈ ਵਿਰੋਧ-ਪ੍ਰਦਰਸ਼ਨ ਕਰਨ ਅਤੇ ਉੱਥੋਂ ਕਿਸੇ ਵੀ ਤਰ੍ਹਾਂ ਮੋਦੀ ਸਰਕਾਰ ਵਿਰੁੱਧ ਉੱਠ ਰਹੀ ਆਵਾਜ਼ ਦਾ ਸੰਦੇਸ਼ ਜਾਵੇ। ਸਰਕਾਰ ਵੱਲੋਂ ਗੱਲਬਾਤ ਕਰਨ ਦੀ ਬਜਾਏ ਅੰਦੋਲਨ ਨੂੰ ਇਸ ਬਦਨੀਅਤ ਨਾਲ ਨਜ਼ਰ-ਅੰਦਾਜ਼ ਕੀਤਾ ਗਿਆ ਕਿ ਆਪੇ ਥੱਕ-ਹਾਰ ਕੇ ਖਿੰਡ ਜਾਣਗੇ। 'ਮੁੱਖਧਾਰਾ ਮੀਡੀਆ' ਨੇ ਵੀ ਇਸ ਧਰਨੇ ਨੂੰ ਉਹ ਮਹੱਤਵ ਨਹੀਂ ਦਿੱਤਾ, ਜਿਵੇਂ ਇਸ ਵੱਲੋਂ 'ਅੰਨਾ ਹਜ਼ਾਰੇ ਅੰਦੋਲਨ' ਨੂੰ ਦਿੱਤਾ ਗਿਆ ਸੀ। ਪਰ, ਵੱਖੋ-ਵੱਖਰੇ ਵਿਚਾਰਾਂ ਵਾਲੇ ਹਿੱਸੇ ਇਸ ਅੰਦੋਲਨ ਨਾਲ ਇਕਮੁੱਠਤਾ ਪ੍ਰਗਟਾਉਣ ਲਈ ਅੱਗੇ ਆਉਣੇ ਸ਼ੁਰੂ ਹੋ ਗਏ। 28 ਜੂਨ ਨੂੰ ਆਇਸਾ (ਖੱਬੇਪੱਖੀ ਵਿਦਿਆਰਥੀ ਜਥੇਬੰਦੀ ਆਲ ਇੰਡੀਆ ਸਟੂਡੈਂਟਸ ਐਸੋਸੀਏਸ਼ਨ) ਦੇ ਤਿੰਨ ਆਗੂ ਕਾਰਕੁਨਾਂ ਨੇਹਾ ਬੋਰਾ, ਅਮੀਨ ਅਮਿਤੋਜ ਅਤੇ ਮਨੀਸ਼ ਕੁਮਾਰ ਨੇ ਵੀ ਅਣਮਿੱਥੇ ਸਮੇਂ ਦੀ ਭੁੱਖ-ਹੜਤਾਲ ਸ਼ੁਰੂ ਦਿੱਤੀ। ਹੋਰ ਜਥੇਬੰਦੀਆਂ ਨੇ ਵੀ ਸੰਘਰਸ਼ ਨਾਲ ਇਕਮੁੱਠਤਾ ਪ੍ਰਗਟਾਈ।



ਭੁੱਖ ਹੜਤਾਲੀ ਕਾਰਕੁਨਾਂ ਦੀ ਸਿਹਤ ਵਿਗੜਨ ਦੀਆਂ ਖ਼ਬਰਾਂ ਆਉਣ ਨਾਲ ਉਨ੍ਹਾਂ ਪ੍ਰਤੀ ਹਮਦਰਦੀ ਉਭਰਨਾ ਸੁਭਾਵਿਕ ਸੀ ਅਤੇ ਇਸ ਨਾਲ ਅੰਦੋਲਨ ਦਾ ਘੇਰਾ ਫੈਲਣ ਦੀ ਗੁੰਜਾਇਸ਼ ਹਕੂਮਤ ਲਈ ਸਿਰਦਰਦੀ ਬਣ ਗਈ। ਇਸ ਤੋਂ ਬੌਖਲਾਏ ਭਗਵਾ ਹੁਕਮਰਾਨਾਂ ਦੇ ਇਸ਼ਾਰੇ 'ਤੇ ਦਿੱਲੀ ਪੁਲਿਸ ਨੇ 18 ਜੁਲਾਈ 2026 ਨੂੰ ਵਾਤਾਵਰਣ ਕਾਰਕੁਨ ਸੋਨਮ ਵਾਂਗਚੁਕ ਨੂੰ ਜ਼ਬਰੀ ਉੱਥੋਂ ਚੁੱਕ ਕੇ ਸਫ਼ਦਰਜੰਗ ਹਸਪਤਾਲ ਵਿਚ ਦਾਖ਼ਲ ਕਰਵਾ ਦਿੱਤਾ, ਜੋ 21 ਦਿਨਾਂ ਤੋਂ ਸ਼ਾਂਤੀਪੂਰਵਕ ਭੁੱਖ-ਹੜਤਾਲ 'ਤੇ ਸੀ। ਉਸਨੇ ਹਸਪਤਾਲ ਵਿਚ ਵੀ ਭੁੱਖ-ਹੜਤਾਲ ਜਾਰੀ ਰੱਖੀ ਹੋਈ ਹੈ ਅਤੇ ਡਾਕਟਰਾਂ ਨੂੰ ਵੀ ਕਿਹਾ ਹੈ ਕਿ ਕਿਸੇ ਵੀ ਹਾਲਤ ਵਿਚ ਉਸ ਦੀ ਭੁੱਖ-ਹੜਤਾਲ ਜ਼ਬਰਦਸਤੀ ਨਾ ਤੋੜੀ ਜਾਵੇ। ਵਾਂਗਚੁੱਕ ਦੀ ਥਾਂ ਸੀ.ਜੇ.ਪੀ. ਦੇ ਬਾਨੀ ਅਭਿਜੀਤ ਦੀਪਕੇ ਨੇ ਭੁੱਖ-ਹੜਤਾਲ ਸ਼ੁਰੂ ਕਰ ਦਿੱਤੀ ਅਤੇ ਉਸ ਨੇ ਨਰਿੰਦਰ ਮੋਦੀ ਦੇ ਅਸਤੀਫ਼ੇ ਦੀ ਮੰਗ ਵੀ ਉਠਾਈ। ਦਿੱਲੀ ਹਾਈਕੋਰਟ ਨੇ ਵਾਂਗਚੁਕ ਦੀ ਪਤਨੀ ਦੀ ਪਟੀਸ਼ਨ 'ਤੇ ਤੁਰੰਤ ਸੁਣਵਾਈ ਕਰਨ ਤੋਂ ਨਾਂਹ ਕਰ ਦਿੱਤੀ ਅਤੇ ਸਰਕਾਰ ਵੱਲੋਂ ਵਾਂਗਚੁਕ ਨੂੰ ਹਿਰਾਸਤ ਵਿਚ ਲੈ ਕੇ ਹਸਪਤਾਲ ਦਾਖ਼ਲ ਕਰਾਉਣ ਨੂੰ ਸਹੀ ਕਰਾਰ ਦੇ ਕੇ ਦੱਸ ਦਿੱਤਾ ਕਿ ਨੌਜਵਾਨਾਂ ਨੂੰ ਕਾਕਰੋਚ ਸਮਝਣ ਵਾਲੇ ਜੱਜਾਂ ਤੋਂ ਲੋਕਾਈ ਨੂੰ ਨਿਆਂ ਦੀ ਉਮੀਦ ਨਹੀਂ ਰੱਖਣੀ ਚਾਹੀਦੀ।

ਅੰਦੋਲਨ ਦੇ 28ਵੇਂ ਦਿਨ ਇੱਕ ਹੋਰ ਭੁੱਖ-ਹੜਤਾਲੀ ਵਿਦਿਆਰਥਣ ਦੀ ਤਬੀਅਤ ਵਿਗੜ ਜਾਣ ਕਾਰਨ ਉਸ ਨੂੰ ਹਸਪਤਾਲ ਵਿੱਚ ਦਾਖ਼ਲ ਕਰਵਾਉਣਾ ਪਿਆ। ਇਸ ਤੋਂ ਪਹਿਲਾਂ ਆਇਸਾ ਦੇ ਦਾਨਿਸ਼ ਅਲੀ, ਆਸ਼ੀਸ਼ ਅਤੇ ਰਿਸ਼ੀਕੇਸ਼, ਇੱਕ ਸਰੀਰਕ ਤੌਰ 'ਤੇ ਅਪਾਹਜ ਵਿਦਿਆਰਥੀ ਸਮੇਤ ਹੁਣ ਤੱਕ ਲਗਭਗ 10 ਤੋਂ 12 ਵਿਦਿਆਰਥੀਆਂ ਨੂੰ ਸਿਹਤ ਵਿਗੜਨ ਕਾਰਨ ਹਸਪਤਾਲ ਲਿਜਾਇਆ ਗਿਆ। ਨੇਹਾ, ਮਨੀਸ਼ ਅਤੇ ਆਮੀਨ 21 ਦਿਨਾਂ ਤੋਂ ਲਗਾਤਾਰ ਭੁੱਖ-ਹੜਤਾਲ 'ਤੇ ਡਟੇ ਰਹੇ। ਉਨ੍ਹਾਂ ਦੇ ਨਾਲ ਹੋਰ ਵਿਦਿਆਰਥੀ-ਨੌਜਵਾਨ ਜਥੇਬੰਦੀਆਂ ਦੇ ਕਾਰਕੁਨ ਅਤੇ ਵੱਖ-ਵੱਖ ਸੂਬਿਆਂ ਤੋਂ ਆਏ ਲਗਭਗ 15-20 ਲੋਕ ਵੀ ਭੁੱਖ-ਹੜਤਾਲ 'ਤੇ ਬੈਠ ਗਏ। ਹੋਰ ਰਾਜਾਂ 'ਚ ਵੀ ਇਸ ਅੰਦੋਲਨ ਨਾਲ ਇਕਮੁੱਠਤਾ ਪ੍ਰਗਟਾਉਣ ਲਈ ਭੁੱਖ-ਹੜਤਾਲ ਤੇ ਹੋਰ ਸ਼ਕਲਾਂ 'ਚ ਇਕਮੁੱਠਤਾ ਸਰਗਰਮੀਆਂ ਹੋ ਰਹੀਆਂ ਹਨ।

ਲੋਕਾਈ ਦੇ ਮੰਗਾਂ-ਮਸਲਿਆਂ ਉੱਪਰ ਸਾਰਥਕ ਗੱਲਬਾਤ ਕਰਨਾ ਭਗਵਾ ਹਕੂਮਤ ਦੀ ਖ਼ਸਲਤ ਹੀ ਨਹੀਂ ਹੈ। ਸੋ ਇਸ ਅੰਦੋਲਨ ਦੀਆਂ ਮੰਗਾਂ 'ਤੇ ਸਰਕਾਰ ਵੱਲੋਂ ਕੋਈ ਠੋਸ ਹੁੰਗਾਰਾ ਸਾਹਮਣੇ ਨਾ ਆਉਣਾ ਹੈਰਾਨੀਜਨਕ ਨਹੀਂ ਹੈ। 20 ਜੁਲਾਈ ਦੇ ਸੰਸਦ ਮਾਰਚ ਦਰਮਿਆਨ ਸੀ.ਜੇ.ਪੀ. ਦੇ ਦੋ ਬੁਲਾਰਿਆਂ, ਸੌਰਵ ਦਾਸ ਅਤੇ ਆਸ਼ੂਤੋਸ਼ ਰੰਕਾ ਵੱਲੋਂ ਭਾਜਪਾ ਦੇ ਕੇਂਦਰੀ ਮੰਤਰੀ ਜੇ.ਪੀ. ਨੱਢਾ ਨੂੰ ਮਿਲ ਕੇ ਤਿੰਨ ਮੁੱਖ ਮੰਗਾਂ ਰੱਖੀਆਂ ਗਈਆਂ ਹਨ: ਸੋਨਮ ਵਾਂਗਚੁਕ ਦੀ ਤੁਰੰਤ ਰਿਹਾਈ; ਕੇਂਦਰੀ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਦਾ ਅਸਤੀਫ਼ਾ ਅਤੇ ਨੀਟ ਪੇਪਰ ਲੀਕ ਤੋਂ ਬਾਅਦ ਖ਼ੁਦਕੁਸ਼ੀ ਕਰਨ ਵਾਲਿਆਂ ਦੇ ਪਰਿਵਾਰਾਂ ਨੂੰ ਪ੍ਰਤੀ ਪਰਿਵਾਰ 1 ਕਰੋੜ ਰੁਪਏ ਮੁਆਵਜ਼ਾ। ਨੱਢਾ ਨੇ ਲੀਡਰਸ਼ਿਪ ਨਾਲ ਵਿਚਾਰ ਕਰਨ ਲਈ ਕੁਝ ਸਮਾਂ ਮੰਗਿਆ ਹੈ ਅਤੇ ਮੰਗਾਂ ਮੰਨਣ ਬਾਰੇ ਰਸਮੀਂ ਭਰੋਸਾ ਦਿਵਾਉਣ ਦੀ ਵੀ ਲੋੜ ਨਹੀਂ ਸਮਝੀ। ਹੁਣ ਦੇਖਣਾ ਇਹ ਹੈ ਕਿ ਸਰਕਾਰ ਦਾ ਕੀ ਜਵਾਬ ਆਉਂਦਾ ਹੈ ਅਤੇ ਅੰਦੋਲਨ ਦੀ ਲੀਡਰਸ਼ਿਪ ਉਸ ਸਥਿਤੀ ਨਾਲ ਕਿਵੇਂ ਨਜਿੱਠਦੀ ਹੈ।

ਸੰਸਦ ਵੱਲ ਮਾਰਚ ਤੋਂ ਪਹਿਲੀ ਰਾਤ 19 ਜੁਲਾਈ ਨੂੰ ਵਾਂਗਚੁਕ ਦੀ ਤਰਫ਼ੋਂ ਉਸਦੀ ਪਤਨੀ ਗੀਤਾਂਜਲੀ ਆਂਗਮੋ ਨੇ ਉਸਦੀ ਭੁੱਖ-ਹੜਤਾਲ ਖ਼ਤਮ ਕਰਾਉਣ ਲਈ ਇਹ ਸ਼ਰਤ ਐਲਾਨ ਕੀਤੀ ਕਿ 'ਵੱਖ-ਵੱਖ ਪਾਰਟੀਆਂ ਦੇ ਰਾਜਨੀਤਕ ਆਗੂ' ਉਸ ਨੂੰ ਹਸਪਤਾਲ ਵਿਚ ਆ ਕੇ ਮਿਲਣ ਅਤੇ ਇਹ ਗਾਰੰਟੀ ਦੇਣ ਕਿ ਸਿੱਖਿਆ ਦੀ ਜਵਾਬਦੇਹੀ ਨੂੰ ਲੈ ਕੇ ਪਾਰਲੀਮੈਂਟ ਦੇ ਮੌਜੂਦਾ ਸੈਸ਼ਨ ਵਿਚ ਬਹਿਸ ਕੀਤੀ ਜਾਵੇਗੀ। ਵਾਂਗਚੁਕ ਦੀ ਵਿਰੋਧੀ-ਧਿਰ ਦੇ ਆਗੂਆਂ ਵੱਲੋਂ ਭਰੋਸਾ ਦਿਵਾਉਣ 'ਤੇ ਭੁੱਖ ਹੜਤਾਲ ਖ਼ਤਮ ਕਰਨ ਦੀ ਸ਼ਰਤ ਹੀ ਹਾਸੋ-ਹੀਣੀ ਹੈ। ਇਹ ਮੁਲਕ ਦੀ ਜਵਾਨੀ ਵੱਲੋਂ ਅੰਦੋਲਨ ਨੂੰ ਭਰੇ ਜੋਸ਼ੀਲੇ ਹੁੰਗਾਰੇ ਨਾਲ ਤਾਂ ਉੱਕਾ ਹੀ ਮੇਲ ਨਹੀਂ ਖਾਂਦੀ। ਇਹ ਕੇਂਦਰੀ ਸਿੱਖਿਆ ਮੰਤਰੀ ਦੇ ਅਸਤੀਫ਼ੇ ਦੇਣ ਦੀ ਮੁੱਖ ਮੰਗ ਤੋਂ ਪਿੱਛੇ ਹਟਣ ਦਾ ਸੰਕੇਤ ਵੀ ਹੈ ਜਿਸ ਬਾਰੇ ਵਾਂਗਚੁਕ ਨੇ ਖ਼ੁਦ ਕਿਹਾ ਸੀ ਕਿ ਇਸ ਮੰਗ ਉੱਪਰ ਸਮਝੌਤਾ ਨਹੀਂ ਕੀਤਾ ਜਾ ਸਕਦਾ। ਉਸਦੀ ਭੁੱਖ ਹੜਤਾਲ ਖ਼ਤਮ ਕਰਾਉਣ ਲਈ ਕਿਸੇ ਰਾਜਨੀਤਕ ਆਗੂ ਵੱਲੋਂ ਮਿਲਣ ਦਾ ਅਜੇ ਕੋਈ ਸੰਕੇਤ ਨਹੀਂ ਮਿਲਿਆ। ਬੇਸ਼ੱਕ ਭੁੱਖ ਹੜਤਾਲ ਦੁਆਰਾ ਸੋਨਮ ਵਾਂਗਚੁਕ ਦੀ ਚਰਚਾ ਜ਼ਿਆਦਾ ਹੋਈ ਹੈ ਪਰ ਇਸ ਧਰਨੇ ਦਾ ਘੇਰਾ ਜੰਤਰ-ਮੰਤਰ ਤੋਂ ਪਾਰ ਪੂਰੇ ਮੁਲਕ ਵਿਚ ਮਾਯੂਸ ਨੌਜਵਾਨਾਂ ਦੇ ਵੱਡੇ ਹਿੱਸੇ ਤੱਕ ਫੈਲ ਗਿਆ ਹੈ ਅਤੇ ਉਹ ਸੜਕਾਂ 'ਤੇ ਆਏ ਹਨ। ਵਾਂਗਚੁਕ ਦੀ ਭੁੱਖ ਹੜਤਾਲ ਖ਼ਤਮ ਕਰਨ ਲਈ ਪੁਲਿਸ ਵੱਲੋਂ ਉਸ ਨੂੰ ਚੁੱਕ ਲਿਜਾਣ ਨਾਲ ਨੌਜਵਾਨਾਂ 'ਚ ਹਮਦਰਦੀ ਅਤੇ ਗੁੱਸਾ ਫੈਲਿਆ ਅਤੇ ਭੁੱਖ ਹੜਤਾਲ ਨੇ ਜੋ ਭੂਮਿਕਾ ਨਿਭਾਉਣੀ ਸੀ, ਉਹ ਨਿਭਾ ਦਿੱਤੀ ਹੈ। ਹੁਣ ਉਸ ਵੱਲੋਂ ਹਸਪਤਾਲ ਦੇ ਅੰਦਰ ਭੁੱਖ-ਹੜਤਾਲ ਜਾਰੀ ਰੱਖਣ ਦਾ ਕੋਈ ਮਹੱਤਵ ਨਹੀਂ ਰਹਿ ਗਿਆ ਹੈ। ਹੁਣ ਵਕਤ ਅੰਦੋਲਨ ਨੂੰ ਤੇਜ਼ ਕਰਨ ਅਤੇ ਫੈਲਾਉਣ ਦੀ ਮੰਗ ਕਰਦੇ ਹਨ।

ਦੂਜੇ ਪਾਸੇ, ਇਕਮੁੱਠਤਾ ਵਜੋਂ ਭੁੱਖ ਹੜਤਾਲ 'ਤੇ ਬੈਠੇ ਵਿਦਿਆਰਥੀਆਂ ਨੇ ਸਹੀ ਫ਼ੈਸਲਾ ਲਿਆ ਹੈ। ਉੱਘੀ ਅਦਾਕਾਰਾ ਸ਼ਬਾਨਾ ਆਜ਼ਮੀ, ਅਦਾਕਾਰ ਪ੍ਰਕਾਸ਼ ਰਾਜ, ਰਾਜ ਸਭਾ ਸਾਂਸਦ ਮਨੋਜ ਝਾਅ, ਖੱਬੇਪੱਖੀ ਪਾਰਲੀਮੈਂਟ ਮੈਂਬਰਾਂ ਅਮਰਾ ਰਾਮ ਤੇ ਰਾਜਾ ਰਾਮ ਕੁਸ਼ਵਾਹਾ ਅਤੇ ਉੱਘੇ ਵਕੀਲ ਪ੍ਰਸ਼ਾਂਤ ਭੂਸ਼ਣ ਵੱਲੋਂ ਪ੍ਰੇਰਨ 'ਤੇ 20 ਜੁਲਾਈ ਨੂੰ ਤਿੰਨ ਵਿਦਿਆਰਥੀ ਆਗੂਆਂ- ਨੇਹਾ, ਆਮੀਨ ਅਤੇ ਮੁਨੀਸ਼ ਵੱਲੋਂ ਭੁੱਖ ਹੜਤਾਲ ਖ਼ਤਮ ਕਰ ਦਿੱਤੀ ਗਈ ਹੈ ਅਤੇ ਉਨ੍ਹਾਂ ਨੇ ਵਾਅਦਾ ਕੀਤਾ ਕਿ ਉਹ ਹੋਰ ਰੂਪਾਂ 'ਚ ਆਪਣਾ ਸੰਘਰਸ਼ ਜਾਰੀ ਰੱਖਣਗੇ ਅਤੇ ਹੁਕਮਰਾਨ ਭਾਜਪਾ ਦੇ ਰਾਜ ਵਿਰੁੱਧ ਪੂਰੇ ਮੁਲਕ ਵਿਚ ਲੋਕ-ਰਾਇ ਉਸਾਰਨ ਲਈ ਲਗਾਤਾਰ ਕੰਮ ਕਰਦੇ ਰਹਿਣਗੇ। ਉੱਧਰ ਕਾਕਰੋਚ ਪਾਰਟੀ ਦੇ ਮੁੱਖ ਆਗੂਆਂ ਦੀ ਚਾਲ-ਢਾਲ ਭਰੋਸੇਯੋਗ ਨਹੀਂ ਹੈ। ਇਸਦੇ ਦੋ ਮੁੱਖ ਆਗੂ ਬਾਕੀ ਵਿਦਿਆਰਥੀਆਂ ਨੂੰ ਦੱਸੇ ਬਿਨਾਂ ਹੀ ਭਾਜਪਾ ਮੰਤਰੀ ਨੱਢਾ ਨੂੰ ਮਿਲਣ ਚਲੇ ਗਏ ਅਤੇ ਜਿਨ੍ਹਾਂ ਨੌਜਵਾਨਾਂ ਨੂੰ ਸੰਸਦ ਵੱਲ ਮਾਰਚ ਦਾ ਸੱਦਾ ਦਿੱਤਾ ਗਿਆ ਸੀ, ਉਨ੍ਹਾਂ ਨੂੰ ਗੱਲਬਾਤ ਦੇ ਸਰਕਾਰੀ ਸੱਦੇ ਬਾਰੇ ਹਨੇਰੇ 'ਚ ਰੱਖ ਕੇ ਪੁਲਿਸ ਜਬਰ ਦੇ ਮੂੰਹ ਧੱਕ ਦਿੱਤਾ ਗਿਆ। ਦੀਪਕੇ ਨੇ ਇਹ ਕਹਿ ਕੇ ਭੁੱਖ ਹੜਤਾਲ ਖ਼ਤਮ ਕਰ ਦਿੱਤੀ ਕਿ ਸਰਕਾਰ ਨੇ ਉਨ੍ਹਾਂ ਨਾਲ ਗੱਲਬਾਤ ਕਰਨ ਦੀ ਪੇਸ਼ਕਸ਼ ਕੀਤੀ ਹੈ। ਇਹ ਵੀ ਖ਼ਬਰ ਹੈ ਕਿ ਉਸਨੇ ਅਜਿਹਾ ਵਾਂਗਚੁਕ ਦੇ ਕਹਿਣ 'ਤੇ ਕੀਤਾ। ਅੰਦੋਲਨਕਾਰੀ ਨੌਜਵਾਨਾਂ ਨੂੰ ਵਾਂਗਚੁਕ ਅਤੇ ਸੀ.ਜੇ.ਪੀ. ਆਗੂਆਂ ਦੀ ਡਾਵਾਂਡੋਲ ਸਥਿਤੀ ਅਤੇ ਸੀਮਤਾਈਆਂ ਤੋਂ ਚੁਕੰਨੇ ਰਹਿਣਾ ਪਵੇਗਾ ਅਤੇ ਅੰਦੋਲਨ ਉੱਪਰ ਸੰਯੁਕਤ ਕਿਸਾਨ ਮੋਰਚੇ ਦੀ ਤਰ੍ਹਾਂ ਸਮੂਹਿਕ ਅਗਵਾਈ ਅਤੇ ਅੰਦੋਲਨ ਦੀਆਂ ਲੋੜਾਂ ਅਨੁਸਾਰ ਸਰਵਸੰਮਤੀ ਨਾਲ ਫ਼ੈਸਲੇ ਲੈਣ ਵਾਲੀ ਭਰੋਸੇਯੋਗ ਲੀਡਰਸ਼ਿਪ ਸਥਾਪਤ ਕਰਨੀ ਹੋਵੇਗੀ।

ਉਦਾਰ ਅਤੇ ਖੱਬੇਪੱਖੀ ਬੁੱਧੀਜੀਵੀ ਹਿੱਸੇ, ਦਲਿਤ ਅਤੇ ਖੱਬੇਪੱਖੀਆਂ ਤਾਕਤਾਂ, ਖ਼ਾਸ ਕਰਕੇ ਜਨਤਕ ਜਥੇਬੰਦੀਆਂ ਇਸ ਅੰਦੋਲਨ ਦੀ ਹਮਾਇਤ 'ਚ ਅੱਗੇ ਆਈਆਂ ਹਨ। ਜਦਕਿ ਹਾਕਮ ਜਮਾਤੀ ਪਾਰਲੀਮੈਂਟਰੀ ਪਾਰਟੀਆਂ ਦਾ ਇਨ੍ਹਾਂ ਮੁੱਦਿਆਂ ਉੱਪਰ ਵਿਰੋਧ ਸਿਰਫ਼ ਬਿਆਨਬਾਜ਼ੀ ਅਤੇ ਹੁਣ ਮਾਨਸੂਨ ਸੈਸ਼ਨ ਵਿਚ ਹੰਗਾਮਾ ਕਰਨ ਤੱਕ ਸੀਮਤ ਹੈ। ਇਨ੍ਹਾਂ ਮੁੱਦਿਆਂ ਉੱਪਰ ਗੰਭੀਰ ਅੰਦੋਲਨ ਕਰਨਾ ਉਨ੍ਹਾਂ ਦੀ ਖ਼ਸਲਤ ਨਹੀਂ ਹੈ। ਉਹ ਇਸ ਮੰਚ ਦੇ ਇਰਦ-ਗਿਰਦ ਜੁੜੀ ਨੌਜਵਾਨੀ ਦਾ ਰਾਜਨੀਤਕ ਲਾਹਾ ਲੈਣ ਲਈ ਗਿਰਝਾਂ ਵਾਂਗ ਮੰਡਰਾ ਰਹੇ ਹਨ। ਇਸੇ ਰਾਜਨੀਤਕ ਸਵਾਰਥ ਨਾਲ ਕਾਂਗਰਸ ਵੀ ਅੰਦੋਲਨ ਉੱਪਰ ਕੀਤੇ ਜਬਰ ਵਿਰੁੱਧ ਹਾਲ-ਪਾਹਰਿਆ ਮਚਾ ਰਹੀ ਹੈ ਜਦਕਿ ਇਸਦੇ ਆਪਣੇ ਰਾਜ ਵਿਚ ਲੋਕਾਈ ਦੇ ਸੰਘਰਸ਼ਾਂ ਨੂੰ ਇਸੇ ਤਰ੍ਹਾਂ ਬੇਕਿਰਕੀ ਨਾਲ ਦਬਾਇਆ ਜਾਂਦਾ ਰਿਹਾ ਹੈ। ਸਮਾਜਵਾਦੀ ਪਾਰਟੀ ਦੇ ਸੰਸਦ ਮੈਂਬਰ ਵੀ ਮਾਰਚ ਦੀ 'ਹਮਾਇਤ' ਕਰਨ ਪਹੁੰਚੇ। ਪੰਜਾਬ ਵਿਚ ਚਾਰ ਸਾਲ ਤੋਂ ਰੁਜ਼ਗਾਰ ਮੰਗਦੇ ਬੇਰੁਜ਼ਗਾਰਾਂ ਅਤੇ ਹਾਲ ਹੀ ਵਿਚ ਨਰੇਗਾ ਮਜ਼ਦੂਰਾਂ ਨੂੰ ਪੁਲਿਸ ਕੋਲੋਂ ਛੱਲੀਆਂ ਵਾਂਗ ਕੁਟਵਾਉਣ ਵਾਲੀ 'ਆਮ ਆਦਮੀ ਪਾਰਟੀ' ਦੇ ਆਗੂ ਆਤਿਸ਼ੀ, ਮਨੀਸ਼ ਸਿਸੌਦੀਆ ਅਤੇ ਸੰਜੇ ਸਿੰਘ ਵੀ ਸੰਸਦ ਮਾਰਚ ਦੌਰਾਨ ਬੈਰੀਕੇਡ ਟੱਪਣ ਦੀ ਬੇਸ਼ਰਮੀਂ ਕਰਦੇ ਨਜ਼ਰ ਆਏ।

ਲਿਹਾਜ਼ਾ, ਇਸ ਅੰਦੋਲਨ 'ਚ ਹੁਣ ਮੁੱਖ ਤਿੰਨ ਤਰ੍ਹਾਂ ਦੀਆਂ ਤਾਕਤਾਂ ਸ਼ਾਮਲ ਹਨ: ਸੀ.ਜੇ.ਪੀ. ਦੇ ਅੰਦੋਲਨਕਾਰੀ ਨੌਜਵਾਨ, ਖੱਬੇਪੱਖੀ ਤੇ ਦਲਿਤ ਤਾਕਤਾਂ ਅਤੇ ਪਾਰਲੀਮੈਂਟਰੀ ਵਿਰੋਧੀ-ਧਿਰ। ਮੌਕਾਪ੍ਰਸਤ ਹਾਕਮ ਜਮਾਤੀ ਪਾਰਟੀਆਂ ਤੋਂ ਵਿੱਥ ਬਣਾ ਕੇ ਰੱਖਣ ਅਤੇ ਲੋਕ ਵਿਰੋਧੀ ਨੀਤੀਆਂ ਨੂੰ ਲੋਕ ਤਾਕਤ ਦੇ ਜ਼ੋਰ ਪਿੱਛੇ ਧੱਕਣ ਦੀ ਚੇਤਨਾ ਇਸ ਅੰਦੋਲਨ ਵਿਚ ਅਜੇ ਨਹੀਂ ਉੱਭਰੀ। ਕਾਕਰੋਚ ਲੀਡਰਸ਼ਿੱਪ ਤਾਂ ਅਜੇ ਵੀ ਇਸ ਗਲੇ-ਸੜੇ ਪ੍ਰਬੰਧ ਨੂੰ ਸਿੱਖਿਆ ਮੰਤਰੀ ਦੀ ਜਵਾਬਦੇਹੀ ਦੀ ਮੰਗ ਕਰਨ ਵਰਗੇ ਸੁਧਾਰਵਾਦੀ ਕਦਮਾਂ ਰਾਹੀਂ ਤੰਦਰੁਸਤ ਕਰਨ ਦਾ ਭਰਮ ਪੈਦਾ ਕਰ ਰਹੀ ਹੈ। ਨੌਜਵਾਨੀ ਵਿਚ ਰੋਹ ਨੀਟ ਘੁਟਾਲੇ ਤੋਂ ਕਿਤੇ ਡੂੰਘੇਰਾ ਹੈ। ਲੋਕ-ਪੱਖੀ ਤਾਕਤਾਂ ਨੂੰ ਪੂਰਾ ਤਾਣ ਲਾ ਕੇ ਇਸ ਮਾਹੌਲ ਵਿਚ ਦਖ਼ਲਅੰਦਾਜ਼ੀ ਕਰਨੀ ਚਾਹੀਦੀ ਹੈ। ਸਵਾਲ ਕੇਂਦਰੀ ਸਿੱਖਿਆ ਮੰਤਰੀ ਦੇ ਅਸਤੀਫ਼ੇ ਦਾ ਨਹੀਂ ਹੈ, ਸਵਾਲ ਤਾਂ ਭਗਵਾ ਹਕੂਮਤ ਦੀ 12 ਸਾਲ ਦੀ ਕਾਰਗੁਜ਼ਾਰੀ ਨੂੰ ਕਟਹਿਰੇ ਵਿਚ ਖੜ੍ਹੇ ਕਰਨ ਅਤੇ ਲੋਕਾਈ ਦੇ ਬੁਨਿਆਦੀ ਮੁੱਦਿਆਂ ਉੱਪਰ ਮਜ਼ਬੂਤ ਚੇਤਨ ਲਹਿਰ ਉਸਾਰਨ ਵੱਲ ਵਧਣ ਦਾ ਹੈ। ਫ਼ਾਸ਼ੀਵਾਦੀ ਹਕੂਮਤ ਵੱਲੋਂ ਬਣਾਏ ਮੁਲਕ ਦੇ ਹਾਲਾਤ ਭੁੱਖ-ਹੜਤਾਲਾਂ ਤੋਂ ਅੱਗੇ ਸੰਘਰਸ਼ ਵਿਚ ਲੋਕਾਈ ਦੀ ਵਿਸ਼ਾਲ ਹਿੱਸੇਦਾਰੀ ਅਤੇ ਲਾਮਬੰਦੀ ਦੀ ਮੰਗ ਕਰਦੇ ਹਨ। ਦਿੱਲੀ ਦੀਆਂ ਸੜਕਾਂ ਉੱਪਰ ਲੜਕੇ-ਲੜਕੀਆਂ ਨੇ ਪੁਲਿਸ ਦੇ ਜਾਬਰ ਹੱਲੇ ਦਾ ਦਲੇਰੀ ਨਾਲ ਟਾਕਰਾ ਕੀਤਾ ਅਤੇ ਸੰਘਰਸ਼ ਨੂੰ ਜਾਰੀ ਰੱਖਣ ਦੀ ਦ੍ਰਿੜਤਾ ਦਿਖਾਈ ਹੈ। ਆਪਣੀਆਂ ਜਾਨਾਂ ਦਾਅ 'ਤੇ ਲਾਉਣ ਦੀ ਭਾਵਨਾ ਨਾਲ ਭੁੱਖ ਹੜਤਾਲ ਕਰਨ ਵਾਲੇ ਵਿਦਿਆਰਥੀ ਆਗੂਆਂ ਵੱਲੋਂ ਪੂਰੇ ਮੁਲਕ ਵਿਚ ਭਾਜਪਾ ਹਕੂਮਤ ਵਿਰੁੱਧ ਅੰਦੋਲਨ ਖੜ੍ਹਾ ਕਰਨ ਲਈ ਕੰਮ ਕਰਦੇ ਰਹਿਣ ਦਾ ਦ੍ਰਿੜ ਇਰਾਦਾ ਪ੍ਰਗਟਾਇਆ ਹੈ। ਇਸ ਤੋਂ ਇਹ ਆਸ ਬੱਝਦੀ ਹੈ ਕਿ ਉਹ ਆਪਣੀ ਕੁਰਬਾਨੀ ਦੀ ਭਾਵਨਾ ਨੂੰ ਜੁਝਾਰੂ ਸੰਘਰਸ਼ ਉਸਾਰਨ ਦੇ ਲੇਖੇ ਲਾਉਣ ਲਈ ਡੱਟੇ ਰਹਿਣਗੇ।

ਬੁਨਿਆਦੀ ਮੰਗਾਂ ਦੇ ਨਾਲ-ਨਾਲ ਅੰਦੋਲਨਕਾਰੀ ਜਵਾਨੀ ਵਿਚ ਸੰਘਰਸ਼ ਦੇ ਜਮਹੂਰੀ ਹੱਕ ਦੀ ਰਾਖੀ ਦਾ ਮਹੱਤਵ ਜਗਾਉਣ ਦਾ ਸਵਾਲ ਵੀ ਮਹੱਤਵਪੂਰਨ ਹੈ। ਹੋਰ ਲੋਕਪੱਖੀ ਹਿੱਸਿਆਂ ਨੂੰ ਇਸ ਅੰਦੋਲਨ ਵੱਲੋਂ ਉਠਾਏ ਜਾ ਰਹੇ ਮੁੱਦਿਆਂ ਅਤੇ ਸੰਘਰਸ਼ਾਂ ਦੇ ਰੂਪਾਂ ਨਾਲ ਅਸਹਿਮਤੀ ਰੱਖਦੇ ਹੋਏ ਵੀ ਵੱਡੀਆਂ ਸੰਭਾਵਨਾਵਾਂ ਵਾਲੇ ਇਸ ਅੰਦੋਲਨ ਦੀ ਡੱਟ ਕੇ ਹਮਾਇਤ ਕਰਨੀ ਚਾਹੀਦੀ ਹੈ। ਸਭ ਤੋਂ ਪਹਿਲੀ ਜ਼ਰੂਰਤ ਸੰਘਰਸ਼ ਦੇ ਹੱਕ ਨੂੰ ਬਚਾਉਣ ਅਤੇ ਫਾਸ਼ੀਵਾਦੀ ਹਕੂਮਤ ਵੱਲੋਂ ਫੈਲਾਈ ਸਰਕਾਰੀ ਦਹਿਸ਼ਤਗਰਦੀ ਨੂੰ ਜਨਤਕ ਤਾਕਤ ਰਾਹੀਂ ਚਕਨਾਚੂਰ ਕਰਨ ਦੀ ਹੈ।

# ਰਾਮ ਨਾਰਾਇਣ ਕੁਮਾਰ: ਉਹ ਸ਼ਖ਼ਸ ਜਿਸ ਨੇ ਜਸਵੰਤ ਸਿੰਘ ਖਾਲੜਾ ਨੂੰ ਰਾਹ ਦਿਖਾਇਆ

## ਹਿਰਾਸਤੀ ਕਤਲਾਂ ਅਤੇ ਲਾਪਤਾ ਕੀਤੇ ਗਏ ਲੋਕਾਂ ਦਾ ਰਿਕਾਰਡ ਤਿਆਰ ਕਰਨ ਵਾਲਾ ਅਣਥੱਕ ਕਾਮਾ

ਫ਼ਿਲਮ 'ਸਤਲੁਜ' ਨੂੰ ਲੈ ਕੇ ਉੱਠੇ ਵਿਵਾਦ ਤੋਂ ਬਾਅਦ ਜਦੋਂ ਪੰਜਾਬ ਇੱਕ ਵਾਰ ਫਿਰ ਮਨੁੱਖੀ ਅਧਿਕਾਰ ਕਾਰਕੁਨ ਜਸਵੰਤ ਸਿੰਘ ਖਾਲੜਾ ਦੀ ਜ਼ਿੰਦਗੀ ਅਤੇ ਉਨ੍ਹਾਂ ਦੇ ਕੰਮ ਨੂੰ ਯਾਦ ਕਰ ਰਿਹਾ ਹੈ, ਤਾਂ ਉਸ ਸ਼ਖ਼ਸ ਦਾ ਨਾਮ ਲਗਭਗ ਜਨਤਕ ਚੇਤਿਆਂ ਵਿਚੋਂ ਗੁੰਮ ਹੋ ਚੁੱਕਾ ਹੈ, ਜਿਸ ਨੇ ਖਾਲੜਾ ਦਾ ਮਾਰਗ-ਦਰਸ਼ਨ ਕੀਤਾ ਅਤੇ ਉਨ੍ਹਾਂ ਦੇ ਮਿਸ਼ਨ ਨੂੰ ਰੂਪ ਦਿੱਤਾ।

ਆਂਧਰਾ ਪ੍ਰਦੇਸ਼ ਦੇ ਰਹਿਣ ਵਾਲੇ ਰਾਮ ਨਾਰਾਇਣ ਕੁਮਾਰ ਨੇ ਪੰਜਾਬ ਵਿਚ ਖਾਲੜਾ ਦੇ ਨਾਲ ਮਿਲ ਕੇ ਕੰਮ ਕੀਤਾ। ਦੋਵਾਂ ਨੇ ਮਿਲ ਕੇ ਝੂਠੇ ਪੁਲਿਸ ਮੁਕਾਬਲਿਆਂ ਅਤੇ ਚੁੱਕ ਕੇ ਲਾਪਤਾ

ਜੁਪਿੰਦਰਜੀਤ ਸਿੰਘ

ਕੀਤੇ ਗਏ ਲੋਕਾਂ ਬਾਰੇ ਬਹੁਤ ਹੀ ਬਾਰੀਕ-ਬੀਨੀ ਨਾਲ ਰਿਪੋਰਟਾਂ ਤਿਆਰ ਕੀਤੀਆਂ। ਅੱਗੇ ਚੱਲ ਕੇ ਇਹੀ ਰਿਪੋਰਟਾਂ ਇਤਿਹਾਸਕ ਕਾਨੂੰਨੀ ਮਾਮਲਿਆਂ ਅਤੇ ਇਸ ਵਿਸ਼ੇ ਉੱਤੇ ਲਿਖੀਆਂ ਮਹੱਤਵਪੂਰਨ ਕਿਤਾਬਾਂ ਦਾ ਆਧਾਰ ਬਣੀਆਂ।


ਆਪਣੀ ਪ੍ਰਸਿੱਧ ਰਿਪੋਰਟ 'ਰਿਡਿਊਸਡ ਟੂ ਐਸ਼ਿਜ਼' (Reduced to Ashes) ਅਤੇ 2008 ਵਿਚ ਪ੍ਰਕਾਸ਼ਿਤ ਆਪਣੀ ਆਖ਼ਰੀ ਕਿਤਾਬ 'ਟੈਰਰ ਇਨ ਪੰਜਾਬ: ਨੈਰੇਟਿਵਜ਼, ਨੌਲਿਜ ਐਂਡ ਟਰੁਥ' (Terror in Punjab: Narratives, Knowledge and Truth) ਤੋਂ ਇਲਾਵਾ, ਕੁਮਾਰ ਨੇ 'ਦਿ ਸਿੱਖ ਸਟ੍ਰੱਗਲ: ਓਰਿਜਿਨ, ਈਵੋਲੂਸ਼ਨ ਐਂਡ ਪ੍ਰੈਜ਼ੈਂਟ ਫੇਜ਼' (The Sikh Struggle: Origin, Evolution and Present Phase), 'ਦਿ ਸਿੱਖ ਅਨਰੈਸਟ ਐਂਡ ਦਿ ਇੰਡਿਅਨ ਸਟੇਟ' (The Sikh Unrest and the Indian State) ਅਤੇ ਆਪਣੀਆਂ ਮੁੱਢਲੀਆਂ ਰਾਜਨੀਤਿਕ ਯਾਦਾਂ 'ਕਨਫਰੰਟਿੰਗ ਦਿ ਹਿੰਦੂ ਸਫਿੰਕਸ' (Confronting the Hindu Sphinx) ਵਰਗੀਆਂ ਮਹੱਤਵਪੂਰਨ ਰਚਨਾਵਾਂ ਵੀ ਲਿਖੀਆਂ।

ਮੂਲ ਰੂਪ ਵਿਚ ਆਂਧਰਾ ਪ੍ਰਦੇਸ਼ ਦੇ ਰਹਿਣ ਵਾਲੇ ਕੁਮਾਰ ਬਾਅਦ ਵਿਚ ਨੇਪਾਲ ਦੀ ਰਾਜਧਾਨੀ ਕਾਠਮੰਡੂ ਅਤੇ ਫਿਰ ਆਸਟਰੀਆ ਦੇ ਵੀਆਨਾ ਵਿਚ ਜਾ ਵੱਸੇ। ਇਸ ਦੇ ਬਾਵਜੂਦ ਉਨ੍ਹਾਂ ਨੇ ਮਨੁੱਖੀ ਅਧਿਕਾਰਾਂ ਦੀਆਂ ਉਲੰਘਣਾਵਾਂ ਦੀ ਤੱਥ ਖੋਜ ਦਾ ਆਪਣਾ ਕੰਮ ਜਾਰੀ ਰੱਖਿਆ। ਉਨ੍ਹਾਂ ਨੇ ਐਮਰਜੈਂਸੀ, ਪੰਜਾਬ ਦੀ ਬਗ਼ਾਵਤ, 1984 ਦੇ ਸਿੱਖ ਵਿਰੋਧੀ ਕਤਲੇਆਮ ਅਤੇ ਬਾਅਦ ਵਿਚ ਜੰਮੂ-ਕਸ਼ਮੀਰ, ਅਸਾਮ ਅਤੇ ਮੁਲਕ ਦੇ ਹੋਰ ਹਿੱਸਿਆਂ ਵਿਚ ਹੋਈਆਂ ਮਨੁੱਖੀ ਅਧਿਕਾਰ ਉਲੰਘਣਾਵਾਂ ਦਾ ਲਗਾਤਾਰ ਅਧਿਐਨ ਅਤੇ ਦਸਤਾਵੇਜ਼ੀਕਰਨ ਕੀਤਾ।

ਚੰਡੀਗੜ੍ਹ ਦੇ ਸੀਨੀਅਰ ਵਕੀਲ ਰਾਜਵਿੰਦਰ ਸਿੰਘ ਬੈਂਸ, ਜਿਨ੍ਹਾਂ ਨੇ ਜਾਅਲੀ ਪੁਲਿਸ ਮੁਕਾਬਲਿਆਂ ਦੇ ਖ਼ਿਲਾਫ਼ ਕਈ ਕਾਨੂੰਨੀ ਲੜਾਈਆਂ ਲੜੀਆਂ ਹਨ, ਰਾਮ ਨਾਰਾਇਣ ਕੁਮਾਰ ਨੂੰ ਜਸਵੰਤ ਸਿੰਘ ਖਾਲੜਾ ਦਾ ਬੁਨਿਆਦੀ ਮਾਰਗ-ਦਰਸ਼ਕ ਮੰਨਦੇ ਹਨ। ਬੈਂਸ ਕਹਿੰਦੇ ਹਨ, 'ਜਸਵੰਤ ਸਿੰਘ ਖਾਲੜਾ ਨੇ ਲਾਵਾਰਿਸ ਲਾਸ਼ਾਂ ਦੇ ਸਸਕਾਰਾਂ ਬਾਰੇ ਖੋਜ ਸ਼ੁਰੂ ਕੀਤੀ ਸੀ, ਪਰ ਉਨ੍ਹਾਂ ਨੂੰ ਕਾਨੂੰਨੀ ਪੱਖੋਂ ਮਜ਼ਬੂਤ ਅਤੇ ਸੁਚੱਜੇ ਦਸਤਾਵੇਜ਼ੀਕਰਨ ਦੀ ਵਿਧੀ ਰਾਮ ਨਾਰਾਇਣ ਕੁਮਾਰ ਨੇ ਸਿਖਾਈ।' ਬੈਂਸ ਦੇ ਅਨੁਸਾਰ, ਅਕਾਲ ਤਖ਼ਤ ਦੇ ਜਥੇਦਾਰ ਗੁਰਦੇਵ ਸਿੰਘ ਕਾਉਂਕੇ ਦੇ ਅਗਵਾ ਅਤੇ ਕਤਲ ਦੀ ਜਾਂਚ ਵਿਚ ਵੀ ਕੁਮਾਰ ਦੀ ਅਹਿਮ ਭੂਮਿਕਾ ਰਹੀ।

ਅੰਮ੍ਰਿਤਸਰ ਦੇ ਵਕੀਲ ਸਰਬਜੀਤ ਸਿੰਘ ਵੇਰਕਾ ਦਾ ਕਹਿਣਾ ਹੈ ਕਿ ਪੰਜਾਬ ਦੇ ਸਭ ਤੋਂ ਖ਼ੂਨੀ ਦੌਰ ਦੌਰਾਨ ਹਿਰਾਸਤੀ ਕਤਲਾਂ ਅਤੇ ਚੁੱਕ ਕੇ ਲਾਪਤਾ ਕੀਤੇ ਗਏ ਲੋਕਾਂ ਦਾ ਸਭ ਤੋਂ ਲਗਾਤਾਰ ਅਤੇ ਗੰਭੀਰ ਦਸਤਾਵੇਜ਼ੀਕਰਨ ਕਰਨ ਵਾਲਿਆਂ ਵਿਚ ਸ਼ਾਮਲ ਹੋਣ ਦੇ ਬਾਵਜੂਦ ਰਾਮ ਨਾਰਾਇਣ ਕੁਮਾਰ ਨੂੰ ਉਹ ਮਾਣ-ਸਨਮਾਨ ਨਹੀਂ ਮਿਲਿਆ ਜਿਸ ਦੇ ਉਹ ਹੱਕਦਾਰ ਸਨ। ਵੇਰਕਾ ਦੱਸਦੇ ਹਨ ਕਿ ਆਸਟਰੀਆ ਤੋਂ ਕਾਠਮੰਡੂ ਵਾਪਸ ਆਉਣ ਤੋਂ ਬਾਅਦ 28 ਜੂਨ 2009 ਨੂੰ 56 ਸਾਲ ਦੀ ਉਮਰ ਵਿਚ ਅਚਾਨਕ ਬਿਮਾਰੀ ਕਾਰਨ ਉਨ੍ਹਾਂ ਦਾ ਦੇਹਾਂਤ ਹੋ ਗਿਆ।

ਵੈੱਬਸਾਈਟ Sikhchic.com ਉੱਤੇ ਪ੍ਰਕਾਸ਼ਿਤ ਇੱਕ ਸ਼ਰਧਾਂਜਲੀ ਵਿਚ ਉਨ੍ਹਾਂ ਦੇ ਕਰੀਬੀ ਸਾਥੀ ਜਗਮੋਹਨ ਸਿੰਘ ਨੇ ਕੁਮਾਰ ਨੂੰ ਇੱਕ




ਰਾਮ ਨਾਰਾਇਣ ਕੁਮਾਰ

ਦੁਬਲੇ-ਪਤਲੇ, ਬੇਹੱਦ ਸਾਦੇ ਅਤੇ ਨਿਮਰ ਵਿਅਕਤੀ ਵਜੋਂ ਯਾਦ ਕੀਤਾ, ਜਿਸ ਨੇ ਆਪਣੇ-ਆਪ ਨੂੰ ਪੂਰੀ ਤਰ੍ਹਾਂ ਸਿੱਖ ਮਸਲੇ ਨਾਲ ਜੋੜ ਲਿਆ ਸੀ। ਉਨ੍ਹਾਂ ਨੇ ਦੱਸਿਆ ਕਿ ਕੁਮਾਰ ਪਹਿਲਾਂ ਇੱਕ ਸੰਨਿਆਸੀ ਰਹਿ ਚੁੱਕੇ ਸਨ, ਦਿੱਲੀ ਵਿਚ ਰਹਿੰਦੇ ਸਨ ਅਤੇ ਮਨੁੱਖੀ ਅਧਿਕਾਰ ਉਲੰਘਣਾਵਾਂ ਦਾ ਪਰਦਾਫਾਸ਼ ਕਰਨ ਵਿਚ ਉਨ੍ਹਾਂ ਦੀ ਡੂੰਘੀ ਦਿਲਚਸਪੀ ਸੀ।

ਜਗਮੋਹਨ ਸਿੰਘ ਅਨੁਸਾਰ, ਕੁਮਾਰ ਹਮੇਸ਼ਾ ਸਫ਼ਰ ਵਿਚ ਰਹਿੰਦੇ ਸਨ। ਉਹ ਲਗਾਤਾਰ ਵਕੀਲਾਂ, ਪੀੜਤ ਪਰਿਵਾਰਾਂ ਅਤੇ ਸਾਬਕਾ ਖਾੜਕੂਆਂ ਨੂੰ ਮਿਲਦੇ ਰਹਿੰਦੇ ਸਨ—ਹਰ ਉਸ ਵਿਅਕਤੀ ਨੂੰ ਜੋ ਉਨ੍ਹਾਂ ਨੂੰ ਸੱਚ ਦੇ ਹੋਰ ਨੇੜੇ ਲੈ ਜਾ ਸਕੇ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਦਿੱਲੀ ਵਿਚ ਆਪਣਾ ਘਰ ਹੋਣ ਦੇ ਬਾਵਜੂਦ ਕੁਮਾਰ ਕਈ-ਕਈ ਮਹੀਨੇ ਇੱਕ ਹੋਟਲ ਦੇ ਕਮਰੇ ਵਿਚ ਰਹਿੰਦੇ ਸਨ ਤਾਂ ਜੋ ਸਿੱਖਾਂ ਬਾਰੇ ਆਪਣੀ ਕਿਤਾਬ ਬਿਨਾਂ ਕਿਸੇ ਰੁਕਾਵਟ ਦੇ ਪੂਰੀ ਕਰ ਸਕਣ। ਇਹ ਗੱਲ ਬਹੁਤ ਘੱਟ ਲੋਕਾਂ ਨੂੰ ਪਤਾ ਸੀ।

ਰਾਮ ਨਾਰਾਇਣ ਕੁਮਾਰ ਦੀ ਜੀਵਨੀ ਲਿਖਣ ਵਾਲੀ ਅੰਜੁਮਨ ਆਰਾ ਬੇਗਮ ਦੇ ਅਨੁਸਾਰ, ਉਨ੍ਹਾਂ ਦਾ ਮਨੁੱਖੀ ਅਧਿਕਾਰਾਂ ਲਈ ਸੰਘਰਸ਼ ਪੰਜਾਬ ਨਾਲ ਜੁੜਨ ਤੋਂ ਕਾਫ਼ੀ ਪਹਿਲਾਂ ਹੀ ਸ਼ੁਰੂ ਹੋ ਚੁੱਕਾ




ਰਾਮ ਨਾਰਾਇਣ ਕੁਮਾਰ ਵਲੋਂ ਤਿਆਰ ਰਿਪੋਰਟ 'ਰਿਡਿਊਸਡ ਟੂ ਐਸ਼ਿਜ਼'

ਸੀ। 1975 ਵਿਚ ਐਮਰਜੈਂਸੀ ਦਾ ਵਿਰੋਧ ਕਰਨ ਕਾਰਨ ਉਨ੍ਹਾਂ ਨੂੰ 19 ਮਹੀਨੇ ਜੇਲ੍ਹ ਵਿਚ ਰਹਿਣਾ ਪਿਆ ਸੀ। ਪੰਜਾਬ ਨਾਲ ਉਨ੍ਹਾਂ ਦਾ ਕੋਈ ਨਸਲੀ, ਸੱਭਿਆਚਾਰਕ ਜਾਂ ਪਰਿਵਾਰਕ ਰਿਸ਼ਤਾ ਨਹੀਂ ਸੀ। ਬੇਗਮ ਲਿਖਦੀ ਹੈ ਕਿ ਪੰਜਾਬ ਦੇ ਮਨੁੱਖੀ ਅਧਿਕਾਰ ਸੰਕਟ ਨੇ ਉਨ੍ਹਾਂ ਨੂੰ ਕਿਸੇ ਨਿੱਜੀ ਪਛਾਣ ਕਰਕੇ ਨਹੀਂ, ਸਗੋਂ ਜ਼ਮੀਰ ਦੀ ਆਵਾਜ਼ ਦੇ ਕਾਰਨ ਆਪਣੀ ਵੱਲ ਖਿੱਚਿਆ।

ਇਸੇ ਅਟੱਲ ਵਚਨਬੱਧਤਾ ਨੇ ਕੁਮਾਰ ਨੂੰ ਕਮੇਟੀ ਫ਼ਾਰ ਕੋਆਰਡੀਨੇਸ਼ਨ ਆਨ ਡਿਸਅਪੀਅਰੈਂਸਿਜ਼ ਇਨ ਪੰਜਾਬ (Comimttee for Coordination on Disappearances in Punjab) ਦੇ ਸਹਿ-ਸੰਸਥਾਪਕਾਂ ਵਿਚ ਸ਼ਾਮਲ ਕੀਤਾ। ਉਨ੍ਹਾਂ ਨੇ 'ਰਿਡਿਊਸਡ ਟੂ ਐਸ਼ਿਜ਼' ਨਾਂ ਦੀ ਰਿਪੋਰਟ ਹੋਰ ਟੀਮ ਨਾਲ ਮਿਲ ਕੇ ਲਿਖੀ, ਜਿਸ ਵਿਚ ਹਿਰਾਸਤ ਦੌਰਾਨ ਚੁੱਕ ਕੇ ਲਾਪਤਾ ਕੀਤੇ ਜਾਣ ਅਤੇ ਕਤਲਾਂ ਦੇ ਲਗਭਗ 600 ਮਾਮਲਿਆਂ ਦਾ ਦਸਤਾਵੇਜ਼ੀਕਰਨ ਕੀਤਾ ਗਿਆ ਸੀ। ਬੇਗਮ ਦੇ ਅਨੁਸਾਰ, ਇਸੇ ਰਿਪੋਰਟ ਕਾਰਨ ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ (ਐਨ.ਐਚ.ਆਰ.ਸੀ.) ਨੇ ਪਹਿਲੀ ਵਾਰ ਇਨ੍ਹਾਂ ਜ਼ੁਲਮਾਂ ਦੇ ਵਿਆਪਕ ਪੈਮਾਨੇ ਨੂੰ ਰਸਮੀ ਤੌਰ 'ਤੇ ਸਵੀਕਾਰ ਕੀਤਾ।

ਬੇਗਮ ਨੇ ਕੁਮਾਰ ਦੀ ਕਾਰਜ-ਵਿਧੀ ਦਾ ਵਰਣਨ ਕਰਦਿਆਂ ਲਿਖਿਆ ਕਿ ਉਨ੍ਹਾਂ ਦਾ ਵਿਸ਼ਵਾਸ ਸੀ ਕਿ ਕਿਸੇ ਵੀ ਅਧਿਐਨ ਦੀ ਸ਼ੁਰੂਆਤ ਤੋਂ ਪਹਿਲਾਂ ਡੂੰਘੀ 'ਤਿਆਰੀ' (Homework) ਕਰਨੀ ਬਹੁਤ ਜ਼ਰੂਰੀ ਹੈ, ਅਤੇ ਹਿੰਸਾ ਨਾਲ ਸਬੰਧਤ ਕੋਈ ਵੀ ਜਾਂਚ ਓਦੋਂ ਤੱਕ ਪੂਰੀ ਨਹੀਂ ਹੋ ਸਕਦੀ ਜਦ ਤੱਕ ਪੀੜਤਾਂ ਅਤੇ ਬਚੇ ਹੋਏ ਲੋਕਾਂ ਨਾਲ ਸਿੱਧੀ ਗੱਲਬਾਤ ਨਾ ਕੀਤੀ ਜਾਵੇ। ਇਸੇ ਲਈ ਉਹ ਸਭ ਤੋਂ ਦੂਰ-ਦਰਾਜ਼ ਇਲਾਕਿਆਂ ਤੱਕ ਜਾ ਕੇ ਖ਼ੁਦ ਪੀੜਤਾਂ ਦੀ ਗੱਲ ਸੁਣਦੇ ਸਨ।

ਆਪਣੇ ਆਖ਼ਰੀ ਸਾਲਾਂ ਵਿਚ ਰਾਮ ਨਾਰਾਇਣ ਕੁਮਾਰ ਨੇ ਆਪਣਾ ਧਿਆਨ ਉੱਤਰ-ਪੂਰਬੀ ਭਾਰਤ ਵੱਲ ਕੇਂਦਰਿਤ ਕੀਤਾ। ਉਨ੍ਹਾਂ ਨੇ ਅਸਾਮ, ਮਨੀਪੁਰ, ਨਾਗਾਲੈਂਡ ਅਤੇ ਤ੍ਰਿਪੁਰਾ ਦਾ ਦੌਰਾ ਕਰਕੇ ਉੱਥੇ ਹੋ ਰਹੀਆਂ ਮਨੁੱਖੀ ਅਧਿਕਾਰ ਉਲੰਘਣਾਵਾਂ ਦਾ ਦਸਤਾਵੇਜ਼ੀਕਰਨ ਸ਼ੁਰੂ ਕੀਤਾ, ਪਰ ਉਨ੍ਹਾਂ ਦੀ ਇਹ ਮੁਹਿੰਮ ਉਨ੍ਹਾਂ ਦੇ ਅਚਨਚੇਤ ਦੇਹਾਂਤ ਕਾਰਨ ਅਧੂਰੀ ਰਹਿ ਗਈ।

ਪਿੱਛੇ ਹੁਣ ਉਨ੍ਹਾਂ ਦੀ ਪਤਨੀ ਗਰਟੀ, ਧੀ ਕ੍ਰਿਸਟੀਨਾ, ਭੈਣ ਸੀਤਾ ਅਤੇ ਭਰਾ ਗੋਪਾਲ ਹਨ, ਜੋ ਸਾਰੇ ਆਸਟਰੀਆ ਵਿਚ ਰਹਿੰਦੇ ਹਨ।

***(ਦੀ ਟ੍ਰਿਬਿਊਨ 18 ਜੁਲਾਈ 2026 ਦੇ ਧੰਨਵਾਦ ਸਹਿਤ)***

***ਪੇਸ਼ਕਸ਼: ਬੂਟਾ ਸਿੰਘ ਮਹਿਮੂਦਪੁਰ***

# ਪਾਗਲ ਹਵਾਵਾਂ ਨੂੰ ਚੁਣੌਤੀ ਦੇਣ ਵਾਲਾ ਮਨੁੱਖੀ ਅਧਿਕਾਰਾਂ ਤੇ ਪੀਉਪਲ ਕਮਿਸ਼ਨ ਦਾ ਨਾਇਕ ਸਰਦਾਰ ਗੁਰਤੇਜ ਸਿੰਘ

ਸ਼ਹੀਦ ਜਸਵੰਤ ਸਿੰਘ ਖਾਲੜਾ ਦੇ ਲਾਪਤਾ ਹੋਣ ਤੋਂ ਬਾਅਦ ਇਨਸਾਫ਼ ਦਾ ਦੀਵਾ ਬੁੱਝਦਾ ਪ੍ਰਤੀਤ ਹੋ ਰਿਹਾ ਸੀ ਤਾਂ 9 ਨਵੰਬਰ 1997 ਨੂੰ 'ਲਾਪਤਾ ਲੋਕਾਂ ਬਾਰੇ ਤਾਲਮੇਲ ਕਮੇਟੀ' (ਸੀਸੀਡੀਪੀ) ਨੇ ਲੋਕ ਕਮਿਸ਼ਨ ਦਾ ਗਠਨ ਕਰਕੇ ਇਸ ਨਿਆਂ ਦੀ ਲੜਾਈ ਨੂੰ ਮਰਨ ਨਹੀਂ ਦਿੱਤਾ। ਇਹ ਸੰਤਾਪ ਦੇ ਦੌਰ ਦੌਰਾਨ ਪੀਉਪਲ ਕਮਿਸ਼ਨ ਦੇ ਸੂਤਰਧਾਰ ਵਜੋਂ ਦਾਰਸ਼ਨਿਕ ਸਿੱਖ ਚਿੰਤਕ

ਬਲਵਿੰਦਰ ਪਾਲ ਸਿੰਘ (ਪ੍ਰੋ.)

ਗੁਰਤੇਜ ਸਿੰਘ ਅੱਗੇ ਆਇਆ ਜਿਸ ਨੇ ਮਨੁੱਖੀ ਅਧਿਕਾਰਾਂ ਦੀ ਲੜਾਈ ਨੂੰ ਆਪਣੀ ਜ਼ਿੰਦਗੀ ਦਾ ਮਕਸਦ ਬਣਾ ਲਿਆ।


ਇਥੇ ਜ਼ਿਕਰਯੋਗ ਹੈ ਕਿ ਸਿਰਦਾਰ ਕਪੂਰ ਸਿੰਘ ਦੀ ਬੌਧਿਕ ਵਿਰਾਸਤ ਦੇ ਵਾਰਿਸ ਗੁਰਤੇਜ ਸਿੰਘ ਨੇ ਪੰਥਕ ਹਿੱਤਾਂ ਅਤੇ ਅਣਖ 'ਤੇ ਪਹਿਰਾ ਦਿੰਦਿਆਂ 1982 ਵਿਚ ਪੰਥਕ ਹਿਤਾਂ ਲਈ ਆਈ.ਏ.ਐਸ. ਦੇ ਵੱਕਾਰੀ ਅਹੁਦੇ ਨੂੰ ਲੱਤ ਮਾਰ ਦਿੱਤੀ ਸੀ। ਉਨ੍ਹਾਂ ਦੀ ਇਹੀ ਚਿੰਤਨ ਮਨੁੱਖੀ ਅਧਿਕਾਰਾਂ ਦੀ ਲਹਿਰ ਲਈ ਬੁਨਿਆਦ ਬਣਿਆ।

ਲੋਕ ਕਮਿਸ਼ਨ ਦੇ ਦੌਰਾਨ ਉਨ੍ਹਾਂ ਦਾ ਯੋਗਦਾਨ ਲਾਸਾਨੀ ਸੀ। ਜਦੋਂ ਪੰਜਾਬ ਵਿਚ ਸਰਕਾਰੀ ਤੰਤਰ ਦਾ ਇੰਨਾ ਖੌਫ਼ ਸੀ ਕਿ ਵੱਡੇ-ਵੱਡੇ ਪੰਥਕ ਆਗੂ ਵੀ ਜ਼ੁਬਾਨ ਖੋਲ੍ਹਣ ਤੋਂ ਕਤਰਾਉਂਦੇ ਸਨ, ਉਦੋਂ ਸ. ਗੁਰਤੇਜ ਸਿੰਘ ਨੇ ਮਨੁੱਖੀ ਅਧਿਕਾਰਾਂ ਦੇ ਇਨਸਾਫ ਲਈ ਅਗਵਾਈ ਕੀਤੀ। ਲਵਾਰਸ ਲਾਸ਼ਾਂ ਦੇ ਕੇਸ ਬਾਰੇ ਸਭ ਤੋਂ ਪਹਿਲੀ ਮੀਟਿੰਗ ਕਿਸਾਨ ਭਵਨ ਵਿਚ ਹੋਈ ਸੀ, ਜਿਥੇ ਪੰਥਕ ਜਥੇਬੰਦੀਆਂ ਅਤੇ ਮਨੁੱਖੀ ਅਧਿਕਾਰ ਸੰਗਠਨ ਇੱਕ ਮੰਚ ਉੱਤੇ ਜੁੜੇ।

ਜਦੋਂ ਚਾਰ ਚੁਫੇਰੇ ਸਰਕਾਰੀ ਦਹਿਸ਼ਤ ਦਾ ਘੁਪ ਹਨੇਰਾ ਸੀ, ਤਾਂ ਕਿਸੇ ਨਿਰਪੱਖ ਤੇ ਵੱਡੀ ਸ਼ਖ਼ਸੀਅਤ ਨੂੰ ਇਸ ਗੈਰ-ਸਰਕਾਰੀ ਕਮਿਸ਼ਨ ਦੀ ਕਮਾਨ ਸੌਂਪਣਾ ਇੱਕ ਵੱਡੀ ਚੁਣੌਤੀ ਸੀ। ਅਜਿਹੇ ਨਾਜ਼ੁਕ ਮੋੜ 'ਤੇ ਪੰਥਕ ਆਗੂ ਬਾਬਾ ਸਰਬਜੋਤ ਸਿੰਘ ਬੇਦੀ ਅਤੇ ਸ. ਗੁਰਤੇਜ ਸਿੰਘ ਨੇ ਸੂਝ-ਬੂਝ ਵਿਖਾਈ। ਉਨ੍ਹਾਂ ਨੇ ਚੰਡੀਗੜ੍ਹ ਵਿਖੇ ਸੁਪਰੀਮ ਕੋਰਟ ਦੇ ਸਾਬਕਾ ਜੱਜ ਜਸਟਿਸ ਕੁਲਦੀਪ ਸਿੰਘ ਦੇ ਗ੍ਰਹਿ ਵਿਖੇ ਜਾ ਕੇ ਇੱਕ ਅਹਿਮ ਮੀਟਿੰਗ ਕੀਤੀ। ਇਨ੍ਹਾਂ ਦੋਵਾਂ ਆਗੂਆਂ ਨੇ ਜਸਟਿਸ ਕੁਲਦੀਪ ਸਿੰਘ ਦੇ ਸਾਹਮਣੇ ਪੰਜਾਬ ਦੇ ਦਰਦ ਨੂੰ ਬਿਆਨ ਕਰਦਿਆਂ ਇੱਕ ਭਾਵਪੂਰਤ ਅਪੀਲ ਕੀਤੀ ਅਤੇ ਪੰਜਾਬ ਦੇ ਵਡੇਰੇ ਹਿੱਤਾਂ ਦਾ ਵਾਸਤਾ ਪਾਇਆ। ਉਨ੍ਹਾਂ ਨੇ ਕਿਹਾ ਕਿ ਇਹ ਸਾਧਾਰਨ ਮਾਮਲਾ ਨਹੀਂ ਹੈ, ਇਸ ਧਰਤੀ ਦੇ ਲੋਕਾਂ ਨੂੰ ਨਿਆਂ ਦਿਵਾਉਣ ਦਾ ਮਾਮਲਾ ਹੈ। ਇਹ ਉਨ੍ਹਾਂ ਲੋਕਾਂ ਦੀਆਂ ਰੂਹਾਂ ਦਾ ਮੁੱਦਾ ਹੈ, ਜਿਨ੍ਹਾਂ ਨੇ ਆਪਣੇ ਰਿਸ਼ਤੇਦਾਰ ਗੁਆ ਲਏ ਸਨ ਅਤੇ ਉਨ੍ਹਾਂ ਦੀਆਂ ਅੱਖਾਂ ਵਿੱਚ ਉਡੀਕ ਦੀ ਲਾਟ ਅਜੇ ਵੀ ਬਲਦੀ ਹੈ। ਸੱਚ ਦੀ ਆਵਾਜ਼ ਅਤੇ ਕੌਮ ਦੇ ਦਰਦ ਨੇ ਅਸਰ ਵਿਖਾਇਆ; ਜਸਟਿਸ ਕੁਲਦੀਪ ਸਿੰਘ ਇਸ ਲੋਕ ਕਮਿਸ਼ਨ ਦੀ ਅਗਵਾਈ ਕਰਨ ਲਈ ਤਿਆਰ ਹੋ ਗਏ।

ਜਸਟਿਸ ਕੁਲਦੀਪ ਸਿੰਘ ਦੇ ਜੁੜਨ ਨਾਲ ਪੀਉਪਲ ਕਮਿਸ਼ਨ ਦਾ ਕੱਦ ਇੰਨਾ ਉਚਾ ਹੋ ਗਿਆ ਕਿ ਕਲਕੱਤਾ, ਬੰਬੇ ਅਤੇ ਦਿੱਲੀ ਹਾਈਕੋਰਟਾਂ ਦੇ ਸਾਬਕਾ ਜੱਜ (ਜਸਟਿਸ ਡੀ.ਐਮ. ਤਿਵਾਟਿਆ, ਜਸਟਿਸ ਸੁਰੇਸ਼, ਜਸਟਿਸ ਜਸਪਾਲ ਸਿੰਘ) ਵੀ ਇਸ ਮੁਹਿੰਮ ਦਾ ਹਿੱਸਾ ਬਣ ਗਏ। ਇਸ ਕਾਰਣ ਪੀਉਪਲ ਕਮਿਸ਼ਨ ਨੂੰ ਕੌਮੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਪ੍ਰਸਿਧੀ ਮਿਲੀ। ਸ. ਗੁਰਤੇਜ ਸਿੰਘ ਨੇ ਚੰਡੀਗੜ੍ਹ ਸਥਿਤ ਆਪਣੇ ਨਿੱਜੀ ਘਰ ਵਿਚ ਪੀਉਪਲ ਕਮਿਸ਼ਨ ਦਾ ਮੁੱਖ ਦਫ਼ਤਰ ਖੋਲ੍ਹ ਦਿੱਤਾ। ਇਹ ਘਰ ਬਾਅਦ ਵਿਚ ਇੱਕ ਅਜਿਹਾ ਕੇਂਦਰ ਬਣ ਗਿਆ, ਜਿਥੇ ਬੈਠਕਾਂ ਹੁੰਦੀਆਂ, ਯੋਜਨਾਵਾਂ ਬਣਦੀਆਂ ਅਤੇ ਰਣਨੀਤੀਆਂ ਤਿਆਰ ਹੁੰਦੀਆਂ ਸਨ। ਜਸਟਿਸ ਕੁਲਦੀਪ ਸਿੰਘ, ਰਾਮ ਨਰਾਇਣ ਕੁਮਾਰ, ਜਸਟਿਸ ਅਜੀਤ ਸਿੰਘ ਬੈਂਸ ਅਤੇ ਦੇਸ਼ ਦੀ ਮੰਨੀ-ਪ੍ਰਮੰਨੀ ਕਾਨੂੰਨਦਾਨ ਇੰਦਰਾ ਜੈਸਿੰਘ ਵਰਗੇ ਬੁੱਧੀਜੀਵੀਆਂ ਨੂੰ ਇੱਕ ਮੰਚ 'ਤੇ ਇਕੱਠੇ ਕਰਕੇ ਕਮਿਸ਼ਨ ਦੀ ਰੂਪ-ਰੇਖਾ ਇਸੇ ਘਰ ਵਿਚ ਤਿਆਰ ਕੀਤੀ। ਇਹ ਘਰ ਉਸ ਵੇਲੇ ਇੱਕ ਅਜਿਹਾ ਪਵਿੱਤਰ ਸਥਾਨ ਬਣ ਗਿਆ ਜਿਥੇ ਇਨਸਾਫ਼ ਦੀਆਂ ਯੋਜਨਾਵਾਂ ਬਣਾਈਆਂ ਜਾ ਰਹੀਆਂ ਸਨ, ਪਾਗਲ ਹਵਾਵਾਂ ਨਾਲ ਜੂਝਣ ਲਈ।

ਜਦੋਂ ਅਗਸਤ 1998 ਵਿਚ ਚੰਡੀਗੜ੍ਹ ਦੇ ਸੈਕਟਰ 34 ਦੇ ਗੁਰਦੁਆਰਾ ਸਾਹਿਬ ਵਿਖੇ ਲੋਕ ਕਮਿਸ਼ਨ ਦੀ ਪਹਿਲੀ ਤਿੰਨ-ਰੋਜ਼ਾ ਜਨਤਕ ਸੁਣਵਾਈ ਹੋਈ, ਤਾਂ ਸਰਕਾਰੀ ਜ਼ੁਲਮ ਦੇ ਸਤਾਏ ਸੈਂਕੜੇ ਪੀੜਤ ਪਰਿਵਾਰ ਆਪਣੇ ਹੰਝੂ ਅਤੇ ਸਬੂਤ ਲੈ ਕੇ ਪਹੁੰਚੇ। ਇਹ ਦ੍ਰਿਸ਼ ਇੱਕ ਅਜਿਹਾ ਸੀ ਜਿਸ ਨੇ ਸਭ ਨੂੰ ਹਿਲਾ ਕੇ ਰੱਖ ਦਿੱਤਾ। ਪਹਿਲੀ




ਸ਼ਮਸ਼ਾਨਘਾਟਾਂ ਦੇ ਰਿਕਾਰਡ ਅਤੇ ਪੁਲਿਸ ਜ਼ਿਆਦਤੀਆਂ ਦੇ ਸਬੂਤਾਂ ਨੂੰ ਕਾਨੂੰਨੀ ਭਾਸ਼ਾ ਵਿਚ ਕ੍ਰਮਬੱਧ ਕਰਵਾਇਆ ਗਿਆ। ਇਹ ਕੰਮ ਆਸਾਨ ਨਹੀਂ ਸੀ। ਐਕਟਿਵਿਸਟ ਪਿੰਡਾਂ ਵਿਚ ਘੁੰਮਦੇ, ਵਿਧਵਾਵਾਂ ਅਤੇ ਮਾਵਾਂ ਤੋਂ ਉਨ੍ਹਾਂ ਦੀਆਂ ਕਹਾਣੀਆਂ ਸੁਣਦੇ, ਉਨ੍ਹਾਂ ਦੇ ਹੰਝੂਆਂ ਨੂੰ ਸ਼ਬਦਾਂ ਵਿਚ ਢਾਲਦੇ। ਜਦੋਂ ਸਰਕਾਰੀ ਰੇਡਾਂ ਦਾ ਖ਼ਦਸ਼ਾ ਵਧਿਆ, ਤਾਂ ਆਪਣੀ ਸੂਝ-ਬੂਝ ਨਾਲ ਇਨ੍ਹਾਂ ਦਸਤਾਵੇਜ਼ਾਂ ਦੇ ਡਿਜੀਟਲ ਬੈਕਅੱਪ (ਫਲਾਪੀ ਡਿਸਕਾਂ) ਅਤੇ ਫੋਟੋ ਕਾਪੀਆਂ ਨੂੰ ਦਿੱਲੀ ਅਤੇ ਹੋਰ ਸੁਰੱਖਿਅਤ ਥਾਵਾਂ 'ਤੇ ਪਹੁੰਚਾਇਆ ਗਿਆ। ਇਹੀ ਦੂਰਅੰਦੇਸ਼ੀ ਸੀ ਜਿਸ ਸਦਕਾ ਬਾਅਦ ਵਿਚ ਇਤਿਹਾਸਕ ਪੁਸਤਕ 'ਰੀਡਿਊਸਡ ਟੂ ਐਸ਼ੇਸ' ਛਪ ਸਕੀ।

ਮੀਟਿੰਗ ਵਿਚ ਹੀ 524 ਸ਼ਿਕਾਇਤਾਂ ਪੁੱਜੀਆਂ, ਜਿਨ੍ਹਾਂ ਵਿਚੋਂ 422 ਸਵੀਕਾਰ ਕੀਤੀਆਂ ਗਈਆਂ। ਸੱਚ ਦਾ ਇਹ ਹੜ੍ਹ ਦੇਖ ਕੇ ਹਾਕਮ ਧਿਰਾਂ ਅਤੇ ਸਰਕਾਰੀ ਪੱਖੀ ਖੱਬੇ-ਪੱਖੀ ਚਿੰਤਕਾਂ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ। ਉੱਥੇ ਬੈਠੇ ਲੋਕਾਂ ਨੇ ਆਪਣੀਆਂ ਕਹਾਣੀਆਂ ਸੁਣਾਈਆਂ— ਕਿਵੇਂ ਉਨ੍ਹਾਂ ਦੇ ਲਾਡਲੇ ਤੇ ਰਿਸ਼ਤੇਦਾਰ ਪੁਲਿਸ ਵੱਲੋਂ ਲਾਪਤਾ ਕਰ ਦਿੱਤੇ ਗਏ, ਕਿਵੇਂ ਉਨ੍ਹਾਂ ਨੇ ਥਾਣਿਆਂ ਦੇ ਦਰਵਾਜ਼ੇ ਖੜਕਾਏ, ਕਿਵੇਂ ਉਨ੍ਹਾਂ ਨੂੰ ਝੂਠੇ ਵਾਅਦੇ ਦਿੱਤੇ ਗਏ। ਇਹ ਅਜਿਹਾ ਮੰਚ ਸੀ ਜਿਥੇ ਦੁਖੀ ਲੋਕਾਂ ਨੇ ਆਪਣੀ ਆਵਾਜ਼ ਬੁਲੰਦ ਕੀਤੀ।

ਇਸ ਦੌਰਾਨ ਕਾਮਰੇਡ ਜਤਿੰਦਰ ਪੰਨੂੰ ਅਤੇ ਉਸ ਵਰਗੇ ਕੁਝ ਹੋਰ ਸਰਕਾਰੀ ਪੱਖੀ ਬੁੱਧੀਜੀਵੀਆਂ (ਜਿਵੇਂ ਸੁਦਰਸ਼ਨ ਗੋਇਲ ਆਦਿ) ਨੇ ਇਸ ਮਨੁੱਖੀ ਅਧਿਕਾਰਾਂ ਦੀ ਲਹਿਰ ਨੂੰ ਸਾਬੋਤਾਜ ਕਰਨ ਲਈ ਇੱਕ ਖਲਨਾਇਕ ਵਾਲੀ ਭੂਮਿਕਾ ਨਿਭਾਈ। ਉਨ੍ਹਾਂ ਨੇ ਅਖ਼ਬਾਰੀ ਬਿਆਨਬਾਜ਼ੀ ਅਤੇ ਲਿਖਤਾਂ ਰਾਹੀਂ ਮਨੁੱਖੀ ਅਧਿਕਾਰਾਂ ਤੇ ਪੀਉਪਲ ਕਮਿਸ਼ਨ ਵਿਰੁਧ ਇੱਕ ਕੋਝਾ ਪ੍ਰੋਪੇਗੰਡਾ ਸ਼ੁਰੂ ਕੀਤਾ। ਉਨ੍ਹਾਂ ਨੇ ਇਸ ਸ਼ੁੱਧ ਰੂਪ ਵਿਚ ਜਮਹੂਰੀ ਅਤੇ ਦਸਤਾਵੇਜ਼ੀ ਕਮਿਸ਼ਨ ਨੂੰ ਦੇਸ਼ ਦੀ ਨਿਆਂਪ੍ਰਣਾਲੀ ਦੇ ਸਮਾਨੰਤਰ ਖੜ੍ਹੀ ਕੀਤੀ ਗਈ ਇੱਕ 'ਬਾਗ਼ੀ ਅਦਾਲਤ' ਜਾਂ 'ਦੇਸ਼ ਦੀ ਪ੍ਰਭੂਸੱਤਾ ਨੂੰ ਚੁਣੌਤੀ' ਵਜੋਂ ਪੇਸ਼ ਕਰਨਾ ਸ਼ੁਰੂ ਕਰ ਦਿੱਤਾ। ਇਸੇ ਨਕਾਰਾਤਮਕ ਪ੍ਰੋਪੇਗੰਡੇ ਦਾ ਸਹਾਰਾ ਲੈ ਕੇ ਉਨ੍ਹਾਂ ਨੇ ਅਦਾਲਤ ਦਾ ਦਰਵਾਜ਼ਾ ਖੜਕਾਇਆ। ਨਤੀਜੇ ਵਜੋਂ, ਕਾਨੂੰਨੀ ਉਲਝਣਾਂ ਅਤੇ ਅਦਾਲਤੀ ਹੁਕਮਾਂ ਦਾ ਸਹਾਰਾ ਲੈ ਕੇ ਇਸ ਲੋਕ ਕਮਿਸ਼ਨ ਦੇ ਕੰਮ 'ਤੇ ਹਮੇਸ਼ਾ ਲਈ ਪਾਬੰਦੀ ਲਗਾ ਦਿੱਤੀ ਗਈ ਅਤੇ ਇਸ ਨੂੰ ਬੰਦ ਕਰਵਾ ਦਿੱਤਾ ਗਿਆ।

ਭਾਵੇਂ ਸਿਆਸੀ ਸਾਜ਼ਿਸ਼ਾਂ ਅਤੇ ਖਲਨਾਇਕੀ ਭੂਮਿਕਾ ਨਿਭਾਉਣ ਵਾਲੇ ਖੱਬੇਪੱਖੀ ਚਿੰਤਕਾਂ ਨੇ ਕਾਨੂੰਨੀ ਕੁਹਾੜਾ ਚਲਾ ਕੇ 'ਲੋਕ ਕਮਿਸ਼ਨ' ਦੀਆਂ ਜਨਤਕ ਸੁਣਵਾਈਆਂ 'ਤੇ ਪਾਬੰਦੀ ਲਗਵਾ ਦਿੱਤੀ, ਪਰ ਉਹ ਇਤਿਹਾਸ ਦੇ ਸੱਚ ਨੂੰ ਦਫ਼ਨ ਕਰਨ ਵਿੱਚ ਨਾਕਾਮ ਰਹੇ। ਸ. ਗੁਰਤੇਜ ਸਿੰਘ ਦੀ ਦੂਰਅੰਦੇਸ਼ੀ ਸਦਕਾ ਜੋ ਦਸਤਾਵੇਜ਼ ਸੁਰੱਖਿਅਤ ਬਚਾ ਲਏ ਗਏ ਸਨ, ਉਹ ਅੱਜ ਵੀ ਪੰਜਾਬ ਦੇ ਦੁਖਾਂਤ ਦਾ ਸਭ ਤੋਂ ਵੱਡਾ ਅਤੇ ਨਿਰਪੱਖ ਇਤਿਹਾਸਕ ਸੱਚ ਬਣ ਕੇ ਚਮਕ ਰਹੇ ਹਨ।

ਸ. ਗੁਰਤੇਜ ਸਿੰਘ ਨੇ ਇਹ ਸਾਬਤ ਕੀਤਾ ਕਿ ਜੇ ਤੁਹਾਡੇ ਵਿਚ ਦ੍ਰਿੜ੍ਹਤਾ, ਸੂਝ ਅਤੇ ਹਿੰਮਤ ਹੋਵੇ, ਤਾਂ ਉਹ ਸੱਚ ਨੂੰ ਪ੍ਰਗਟ ਕਰਕੇ ਹਨੇਰਿਆਂ ਨੂੰ ਚੁਣੌਤੀ ਦੇ ਸਕਦਾ ਹੈ। ਲੋਕ ਕਮਿਸ਼ਨ ਦੀ ਇਹ ਗਾਥਾ ਸਾਨੂੰ ਇਹ ਯਾਦ ਦਿਵਾਉਂਦੀ ਹੈ ਕਿ ਇਤਿਹਾਸ ਉਨ੍ਹਾਂ ਲੋਕਾਂ ਦੁਆਰਾ ਲਿਖਿਆ ਜਾਂਦਾ ਹੈ ਜੋ ਡਰ ਤੋਂ ਉੱਪਰ ਉੱਠਦੇ ਹਨ ਅਤੇ ਇਨਸਾਫ਼ ਲਈ ਆਪਣੀ ਆਵਾਜ਼ ਬੁਲੰਦ ਕਰਦੇ ਹਨ।

# ਕਿੰਨੀ ਦੇਰ ਤੱਕ ਸਿਆਸੀ ਭਰਮਜਾਲ 'ਚ ਫਸੇ ਰਹਿਣਗੇ ਪੰਜਾਬੀ

ਕਿੰਨੀ ਦੇਰ ਤੱਕ ਪੰਜਾਬੀ ਸਿਆਸੀ ਭਰਮਜਾਲ ਦਾ ਸ਼ਿਕਾਰ ਹੁੰਦੇ ਰਹਿਣਗੇ? ਕਿੰਨੀ ਦੇਰ ਤੱਕ ਪੰਜਾਬੀ ਗੁਮਰਾਹ ਹੁੰਦੇ ਰਹਿਣਗੇ ਅਤੇ ਸੱਚ ਨੂੰ ਪਛਾਣਨ ਲਈ ਹੋਰ ਕਿੰਨੀ ਦੇਰ ਲਾਉਣਗੇ? ਪੰਜਾਬੀਆਂ 'ਤੇ ਹਮਲੇ ਸਿਆਸੀ ਵੀ ਹਨ, ਧਾਰਮਿਕ ਵੀ ਹਨ ਅਤੇ ਸੱਭਿਆਚਾਰਕ ਵੀ। ਉਹ ਦੇਸ਼ 'ਤੇ ਸਰਹੱਦੀ ਹਮਲਿਆਂ ਨੂੰ ਪਛਾੜਨ ਲਈ ਕਾਮਯਾਬ ਹਨ, ਉਹ ਦੇਸ਼ ਦੇ ਅੰਨ-ਭੰਡਾਰ ਭਰਨ ਲਈ ਕਾਮਯਾਬ ਹਨ, ਉਹ ਦੇਸ਼ ਲਈ ਕੁਰਬਾਨੀਆਂ ਕਰਨ ਲਈ ਸਭ ਤੋਂ ਅੱਗੇ ਹਨ ਅਤੇ ਜਾਨਾਂ ਵਾਰਨ ਤੱਕ ਜਾਂਦੇ ਹਨ। ਦੇਸ਼ ਦੀ ਆਜ਼ਾਦੀ ਲਈ ਉਨ੍ਹਾਂ ਸਭ ਤੋਂ ਵੱਧ ਕੁਰਬਾਨੀਆਂ ਕੀਤੀਆਂ ਅਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਉਹ ਹਮੇਸ਼ਾ ਮੋਹਰੀ ਹੋ ਕੇ ਜੂਝਦੇ ਰਹੇ।



**ਗੁਰਮੀਤ ਸਿੰਘ ਪਲਾਹੀ**
**ਫੋਨ: 9815802070**

ਪਰ ਸਵਾਲ ਪੈਦਾ ਹੁੰਦਾ ਹੈ ਕਿ ਆਪਣੇ ਹਿੱਤਾਂ ਦੀ ਰਾਖੀ ਲਈ 'ਪਗੜੀ ਸੰਭਾਲ ਜੱਟਾ' ਵਰਗੇ ਇਤਿਹਾਸਕ ਮੋਰਚੇ ਲਾਉਣ ਵਾਲੀ ਇਹ ਅਣਖੀ ਕੌਮ ਹੁਣ ਉਸ ਵੇਲੇ ਆਨਾ-ਕਾਨੀ ਕਿਉਂ ਕਰ ਰਹੀ ਹੈ, ਜਦੋਂ ਉਨ੍ਹਾਂ ਦਾ ਪਾਣੀ ਲੁੱਟਿਆ ਜਾ ਰਿਹਾ ਹੈ, ਉਨ੍ਹਾਂ ਦੀ ਰਾਜਧਾਨੀ ਚੰਡੀਗੜ੍ਹ ਖੋਹੀ ਗਈ ਹੈ, ਉਨ੍ਹਾਂ ਦੀ ਮਾਂ-ਬੋਲੀ ਪੰਜਾਬੀ ਨੂੰ ਹਾਸ਼ੀਏ 'ਤੇ ਧੱਕ ਕੇ ਤਹਿਸ-ਨਹਿਸ ਕੀਤਾ ਜਾ ਰਿਹਾ ਹੈ, ਅਤੇ ਉਨ੍ਹਾਂ ਦਾ ਅਮੀਰ ਸੱਭਿਆਚਾਰ ਤਬਾਹ ਕੀਤਾ ਜਾ ਰਿਹਾ ਹੈ? ਉਨ੍ਹਾਂ 'ਤੇ ਚੌਤਰਫ਼ੇ ਧਾਰਮਿਕ ਹਮਲੇ ਹੋ ਰਹੇ ਹਨ, ਹਿੰਦੂ-ਸਿੱਖ ਦਾ ਰਵਾਇਤੀ ਪਾੜਾ ਪਾਉਣ ਦਾ ਕੋਝਾ ਯਤਨ ਹੋ ਰਿਹਾ ਹੈ, ਅਤੇ ਆਪਣੀ ਮਿਹਨਤ ਦੇ ਸਿਰ 'ਤੇ ਜਿਊਣ ਵਾਲੇ ਪੰਜਾਬੀਆਂ ਨੂੰ ਸਿਆਸੀ ਮੁਫ਼ਤਖੋਰੀ ਦੀਆਂ ਰੇਵੜੀਆਂ ਵੰਡ ਕੇ ਆਲਸੀ ਤੇ ਮੁਥਾਜ ਬਣਾਇਆ ਜਾ ਰਿਹਾ ਹੈ।

ਸਿਆਸੀ ਪਾਰਟੀਆਂ ਪੰਜਾਬ ਦੇ ਵਿਕਾਸ ਦੀ ਜ਼ੋਰ-ਸ਼ੋਰ ਨਾਲ ਦੁਹਾਈ ਦੇ ਰਹੀਆਂ ਹਨ। ਪ੍ਰਧਾਨ ਮੰਤਰੀ ਆਖਦਾ ਹੈ ਕਿ ਭਾਜਪਾ ਹੀ ਪੰਜਾਬ ਦਾ ਅਸਲ ਵਿਕਾਸ ਕਰਵਾ ਸਕਦੀ ਹੈ। ਉਹ ਪੰਜਾਬ ਫੇਰੀ ਦੌਰਾਨ ਸੂਬੇ ਲਈ 5,470 ਕਰੋੜ ਰੁਪਏ ਦੇ ਵਿਕਾਸ ਪ੍ਰੋਜੈਕਟਾਂ ਦਾ ਉਦਘਾਟਨ ਕਰਦਾ ਹੈ ਅਤੇ ਇਸ ਵਿੱਚ 'ਡਬਲ ਇੰਜਣ' ਸਰਕਾਰ ਦੀ ਵਕਾਲਤ ਕਰਦਾ ਹੈ। ਪਰ ਉਹ ਪੰਜਾਬ ਦੇ ਸਭ ਤੋਂ ਵੱਡੇ ਮਸਲੇ, ਯਾਨੀ ਪਾਣੀਆਂ ਦੇ ਸੰਕਟ ਦੀ ਗੱਲ ਨਹੀਂ ਕਰਦਾ। ਉਹ ਬੰਜਰ ਹੋ ਰਹੀ ਪੰਜਾਬ ਦੀ ਉਪਜਾਊ ਧਰਤੀ ਬਾਰੇ ਇੱਕ ਅੱਖਰ ਵੀ ਨਹੀਂ ਬੋਲਦਾ। ਉਹ ਕਿਸਾਨਾਂ ਦੇ ਮਸਲਿਆਂ- ਜਿਵੇਂ ਐੱਮ.ਐੱਸ.ਪੀ. ਦੀ ਕਾਨੂੰਨੀ ਗਾਰੰਟੀ ਅਤੇ ਸਵਾਮੀਨਾਥਨ ਰਿਪੋਰਟ ਲਾਗੂ ਕਰਨ ਦੇ ਹੱਲ ਲਈ ਕੋਈ ਗੱਲ ਨਹੀਂ ਕਰਦਾ। ਉਹ ਸਿਰਫ਼ ਅਕਾਲੀਆਂ, ਕਾਂਗਰਸੀਆਂ ਅਤੇ ਆਪ ਵਾਲਿਆਂ 'ਤੇ ਤਿੱਖੇ ਨਿਸ਼ਾਨੇ ਸਾਧਦਾ ਹੈ, ਸਿਆਸੀ ਸਟੇਜਾਂ 'ਤੇ ਬੱਲੇ-ਬੱਲੇ ਕਰਵਾਉਂਦਾ ਹੈ ਅਤੇ ਤੁਰਦਾ ਬਣਦਾ ਹੈ।

ਪ੍ਰਧਾਨ ਮੰਤਰੀ ਅਤੇ ਕੇਂਦਰੀ ਲੀਡਰਸ਼ਿਪ ਪੰਜਾਬੀ ਨੌਜਵਾਨਾਂ ਦੇ ਵੱਡੇ ਪੱਧਰ 'ਤੇ ਹੋ ਰਹੇ ਪ੍ਰਵਾਸ, ਨਸ਼ਿਆਂ 'ਚ ਗ੍ਰਸੇ ਜਾਣ ਅਤੇ ਪੰਜਾਬ ਦੀ ਸਿਰ ਚੜ੍ਹੇ ਲੱਖਾਂ ਕਰੋੜਾਂ ਦੇ ਆਰਥਿਕ ਕਰਜ਼ੇ ਦੀ ਕੋਈ ਗੱਲ ਨਹੀਂ ਕਰਦੀ। ਪੰਜਾਬੀਆਂ ਨੂੰ ਇਨ੍ਹਾਂ ਵੱਡੇ ਹਾਈਵੇਜ਼ ਦਾ ਕੀ ਲਾਭ, ਜੋ ਕਿਸਾਨਾਂ ਦੀਆਂ ਜ਼ਮੀਨਾਂ ਉਜਾੜ ਕੇ, ਉਨ੍ਹਾਂ ਦਾ ਸੀਨਾ ਪਾੜ ਕੇ ਕਾਰਪੋਰੇਟਾਂ ਦੇ ਹਿੱਤਾਂ ਲਈ ਸੜਕਾਂ ਨੂੰ ਉਸਾਰਿਆ ਜਾ ਰਿਹਾ ਹੈ? ਪੰਜਾਬੀਆਂ ਨੂੰ ਕੀ ਲਾਹਾ ਅਧੁਨਿਕ ਰੇਲਵੇ ਸਟੇਸ਼ਨਾਂ ਦਾ, ਜੇਕਰ ਉਨ੍ਹਾਂ ਦੇ ਆਪਣੇ ਪਿੰਡਾਂ ਜਾਂ ਸ਼ਹਿਰਾਂ ਦੀਆਂ ਸੰਪਰਕ ਸੜਕਾਂ ਟੁੱਟੀਆਂ-ਫੁੱਟੀਆਂ ਅਤੇ ਖ਼ਸਤਾਹਾਲ ਹਨ? ਆਖ਼ਰ ਉਸ ਆਮ ਨਾਗਰਿਕ ਨੂੰ ਉਸ ਉੱਪਰੋਂ-ਉੱਪਰੋਂ ਦਿਸਦੇ ਵਿਕਾਸ ਦਾ ਕੀ ਫਾਇਦਾ, ਜੇਕਰ ਉਸ ਨੂੰ ਰੁਜ਼ਗਾਰ ਨਹੀਂ ਮਿਲਦਾ, ਉਸ ਦੇ ਬੱਚੇ ਨੂੰ ਸਰਕਾਰੀ ਸਕੂਲਾਂ ਵਿਚ ਸਹੀ ਸਿੱਖਿਆ ਨਹੀਂ ਮਿਲਦੀ, ਅਤੇ ਬੁਨਿਆਦੀ ਸਿਹਤ-ਸਹੂਲਤਾਂ ਉਸ ਦੇ ਪੱਲੇ ਨਹੀਂ ਪੈਂਦੀਆਂ? ਜਦੋਂ ਆਮ ਪੰਜਾਬੀ ਬੁਨਿਆਦੀ ਸਹੂਲਤਾਂ ਦੀ ਪ੍ਰਾਪਤੀ ਲਈ ਆਪਣਾ ਝੱਗਾ-ਚੌੜ ਕਰਵਾਉਂਦਾ ਹੈ, ਆਪਣੀਆਂ ਬਚੀਆਂ-ਖੁਚੀਆਂ ਜ਼ਮੀਨਾਂ ਵੇਚਦਾ ਹੈ, ਘਰ ਗਿਰਵੀ ਰੱਖਦਾ ਹੈ ਅਤੇ ਬਾਅਦ ਵਿਚ ਕਰਜ਼ਾ ਨਾ ਚੁਕਾਉਣ ਦੀ ਸੂਰਤ ਵਿਚ ਪੱਖਿਆਂ ਨੂੰ ਜੱਫੇ ਪਾ ਕੇ ਖ਼ੁਦਕੁਸ਼ੀ ਕਰਨ ਲਈ ਮਜਬੂਰ ਹੋ ਜਾਂਦਾ ਹੈ।

ਗੱਲ ਇਕੱਲੇ ਪ੍ਰਧਾਨ ਮੰਤਰੀ ਅਤੇ ਭਾਜਪਾ ਦੀ ਨਹੀਂ ਹੈ, ਜਿਹੜੀ ਹਰ ਹਾਲ ਵਿਚ ਪੰਜਾਬ ਦੀ ਸੱਤਾ ਹਥਿਆਉਣਾ ਚਾਹੁੰਦੀ ਹੈ। ਕੇਂਦਰੀ ਹਾਕਮ ਹਰ ਹੀਲੇ ਪੰਜਾਬੀਆਂ ਦੀ ਖੇਤੀ ਅੰਦੋਲਨ ਵੇਲੇ ਦੀ ਇਤਿਹਾਸਕ ਪ੍ਰਾਪਤੀ ਦੀ ਹਉਮੈ ਨੂੰ ਭੰਨਣਾ ਚਾਹੁੰਦੇ ਹਨ। ਪੰਜਾਬ ਦੇ ਲੋਕਾਂ ਨੇ ਕਾਂਗਰਸ ਦੀਆਂ ਨਾਕਾਮੀਆਂ ਤੋਂ ਨਾਰਾਜ਼ ਹੁੰਦਿਆਂ ਅਤੇ ਅਕਾਲੀ ਦਲ ਦੇ ਰਵਾਇਤੀ ਪਰਿਵਾਰਵਾਦ ਤੋਂ ਪਾਸਾ ਵੱਟਦਿਆਂ, ਇੱਕ ਵੱਡੇ ਜਜ਼ਬਾਤੀ ਰੌਅ ਵਿੱਚ ਆਮ ਆਦਮੀ ਪਾਰਟੀ ਨੂੰ ਆਪਣੇ ਸੀਨੇ ਨਾਲ ਲਾ ਲਿਆ ਸੀ। ਇਹ ਇਨਕਲਾਬੀ ਬਦਲ ਇਸ ਆਸ ਨਾਲ ਲਿਆਂਦਾ ਗਿਆ ਸੀ ਕਿ ਇਹ ਪਾਰਟੀ ਉਨ੍ਹਾਂ ਦੇ ਦੁਖੜਿਆਂ ਦਾ ਹੱਲ ਕਰੇਗੀ, ਉਨ੍ਹਾਂ ਦੇ ਬੱਚਿਆਂ ਨੂੰ ਸੂਬੇ ਵਿਚ ਹੀ ਰੁਜ਼ਗਾਰ ਮਿਲੇਗਾ ਤੇ ਸੁੱਖ ਦਾ ਸਾਹ ਆਏਗਾ, ਭ੍ਰਿਸ਼ਟਾਚਾਰ ਜੜ੍ਹੋਂ ਖ਼ਤਮ ਹੋਵੇਗਾ, ਨਸ਼ਿਆਂ ਦੇ ਵਪਾਰੀ ਜੇਲ੍ਹਾਂ ਵਿਚ ਹੋਣਗੇ, ਅਤੇ ਇੱਕ ਸਾਫ਼-ਸੁਥਰਾ ਤੇ ਪਾਰਦਰਸ਼ੀ ਪ੍ਰਸ਼ਾਸਨ ਮਿਲੇਗਾ।

ਪਰ ਅੱਜ ਪੰਜਾਬੀ ਇਹ ਸੋਚਣ 'ਤੇ ਮਜਬੂਰ ਹੋ ਗਏ ਹਨ ਕਿ ਬਦਲਾਅ ਦੇ ਨਾਂ 'ਤੇ ਉਨ੍ਹਾਂ ਦਾ ਤਾਂ ਕੁਝ ਹੋਰ ਵੀ ਬਹੁਤ ਕੁਝ ਗੁਆਚ ਗਿਆ ਹੈ। ਰਵਾਇਤੀ ਪਾਰਟੀਆਂ ਵਾਂਗ ਹੀ ਨਵੇਂ ਹਾਕਮ ਵੀ ਦਿੱਲੀ ਦੇ ਇਸ਼ਾਰਿਆਂ 'ਤੇ ਚੱਲ ਰਹੇ ਹਨ, ਜਿਸ ਕਾਰਨ ਸੂਬੇ ਦੇ ਆਪਣੇ ਫ਼ੈਸਲੇ ਲੈਣ ਦੀ ਤਾਕਤ ਕਮਜ਼ੋਰ ਹੋਈ ਹੈ। ਪੰਜਾਬ ਅਤੇ ਪੰਜਾਬੀ ਆਪਣੀ ਨੈਤਿਕਤਾ, ਸਦੀਆਂ ਪੁਰਾਣਾ ਭਾਈਚਾਰਾ, ਸਾਂਝੀਵਾਲਤਾ ਦੇ ਸਿਧਾਂਤ, ਅਤੇ ਆਪਸੀ ਸਹਿਯੋਗ ਨੂੰ ਬਰਕਰਾਰ ਰੱਖਣਗੇ-ਇਹੀ ਉਨ੍ਹਾਂ ਦੇ ਸਾਹਮਣੇ ਸਭ ਤੋਂ ਵੱਡੀ ਚੁਣੌਤੀ ਅਤੇ ਆਸ ਸੀ।

ਪੰਜਾਬ ਦੀ ਸਿਆਸਤ ਹਮੇਸ਼ਾ ਹੀ ਬਹੁਤ ਪੇਚੀਦਗੀ ਭਰਪੂਰ ਰਹੀ ਹੈ। ਪੰਜਾਬ ਨਾਲ ਦਿੱਲੀ ਦੇ ਸਿਆਸਤਦਾਨ ਗੰਧਲੀਆਂ ਖੇਡਾਂ ਖੇਡਦੇ ਰਹੇ ਹਨ। ਸੂਬੇ ਦੇ ਸਰੋਤਾਂ ਨੂੰ ਲੁੱਟਣ ਅਤੇ ਇੱਥੋਂ ਦੀ ਖੇਤਰੀ ਤਾਕਤ ਨੂੰ ਕਮਜ਼ੋਰ ਕਰਨ ਲਈ ਕੇਂਦਰੀ ਸਿਆਸਤ ਨੇ ਹਮੇਸ਼ਾ ਸਾਜ਼ਿਸ਼ਾਂ ਘੜੀਆਂ ਹਨ। ਪੰਜਾਬ ਉਨ੍ਹਾਂ ਖੇਡਾਂ ਦਾ ਸ਼ਿਕਾਰ ਹੁੰਦਾ ਰਿਹਾ ਹੈ ਅਤੇ ਹੋ ਰਿਹਾ ਹੈ। ਅਸੀਂ ਦੇਖਿਆ ਹੈ ਕਿ ਪੰਜਾਬ ਵਿਚ ਅੱਸੀ-ਨੱਬੇ ਦੇ ਦਹਾਕੇ ਦੀਆਂ ਗਰਮ ਲਹਿਰਾਂ ਦੌਰਾਨ ਹਜ਼ਾਰਾਂ ਨੌਜਵਾਨਾਂ ਦੇ ਫਰਜ਼ੀ ਮੁਕਾਬਲੇ ਹੋਏ- ਇਸ ਖ਼ੂਨੀ ਖੇਡ ਪਿੱਛੇ ਕਿਸ ਦਾ ਹੱਥ ਸੀ? ਨਸ਼ਿਆਂ ਦਾ ਛੇਵਾਂ ਦਰਿਆ ਵਗਾਇਆ ਗਿਆ, ਜਿਸ ਨੇ ਲੱਖਾਂ ਘਰਾਂ ਦੇ ਚਿਰਾਗ ਬੁਝਾ ਦਿੱਤੇ-ਕੌਣ ਹਨ ਇਸ ਦੇ ਅਸਲ ਸਰਪ੍ਰਸਤ? ਨੌਜਵਾਨਾਂ ਦੀ ਬੇਰੁਜ਼ਗਾਰੀ ਅਤੇ ਮਜਬੂਰਨ ਪ੍ਰਵਾਸ ਦਾ ਅਸਲ ਜ਼ਿੰਮੇਵਾਰ ਕੌਣ ਹੈ? ਇਨ੍ਹਾਂ ਸਾਰੇ ਗੰਭੀਰ ਸਵਾਲਾਂ ਦੇ ਜਵਾਬ ਲੱਭਦਿਆਂ ਅਤੇ ਹੌਲੀ-ਹੌਲੀ ਜਾਗਰੂਕ ਹੁੰਦਿਆਂ, ਹੁਣ ਪੰਜਾਬੀ ਸਿਆਸੀ ਨੇਤਾਵਾਂ ਨਾਲ ਬੇਹੱਦ ਨਾਰਾਜ਼ ਹਨ, ਕਿਉਂਕਿ



ਇਹ ਨੇਤਾ ਵੋਟਾਂ ਵੇਲੇ ਤਾਂ ਪੈਰਾਂ 'ਤੇ ਡਿੱਗਦੇ ਹਨ ਪਰ ਔਖੇ ਵੇਲਿਆਂ ਵਿਚ ਬਾਂਹ ਫੜਨ ਤੋਂ ਸਾਫ਼ ਮੁੱਕਰ ਜਾਂਦੇ ਹਨ।

ਜੇਕਰ ਪੰਜਾਬ ਦੀ ਜਨਸੰਖਿਆ ਦੇ ਅੰਕੜਿਆਂ 'ਤੇ ਨਜ਼ਰ ਮਾਰੀਏ, ਤਾਂ ਇੱਥੇ ਲਗਭਗ 58 ਫ਼ੀਸਦੀ ਸਿੱਖ ਆਬਾਦੀ ਹੈ, ਜਿਸ ਵਿੱਚੋਂ ਕਰੀਬ 60 ਫ਼ੀਸਦੀ ਜੱਟ ਸਿੱਖ ਹਨ। ਹਿੰਦੂ ਭਾਈਚਾਰੇ ਦੀ ਗਿਣਤੀ ਲਗਭਗ 40 ਫ਼ੀਸਦੀ ਹੈ। ਇਸ ਹਿੰਦੂ-ਸਿੱਖ ਆਬਾਦੀ ਦੇ ਅੰਦਰ ਹੀ ਲਗਭਗ 33 ਫ਼ੀਸਦੀ (ਭਾਵ ਤੀਜਾ ਹਿੱਸਾ) ਦਲਿਤ ਵੋਟ ਬੈਂਕ ਹੈ, ਜੋ ਕਿ ਪੂਰੇ ਦੇਸ਼ ਵਿਚ ਕਿਸੇ ਵੀ ਸੂਬੇ ਨਾਲੋਂ ਫ਼ੀਸਦੀ ਦੇ ਹਿਸਾਬ ਨਾਲ ਸਭ ਤੋਂ ਵੱਧ ਹੈ।

ਅੱਜ ਸਾਰੀਆਂ ਸਿਆਸੀ ਪਾਰਟੀਆਂ ਪੰਜਾਬੀਆਂ ਦੇ ਇਸ ਸਾਂਝੇ ਅਕਸ ਨੂੰ ਢਾਹ ਲਾ ਕੇ, ਉਨ੍ਹਾਂ ਨੂੰ ਧਰਮ ਅਤੇ ਜਾਤ ਦੇ ਨਾਂ 'ਤੇ ਵੰਡ ਕੇ ਵੋਟਾਂ ਹਥਿਆਉਣ ਦੇ ਸਸਤੇ ਚੱਕਰ ਵਿਚ ਹਨ। ਖ਼ਾਸ ਕਰਕੇ ਭਾਜਪਾ ਦਾ ਪੂਰਾ ਫੋਕਸ ਇਸ ਵੇਲੇ ਐੱਸ.ਸੀ. ਜਾਤੀ ਦੇ ਵੋਟ ਬੈਂਕ ਨੂੰ ਆਪਣੇ ਵੱਲ ਖਿੱਚਣ 'ਤੇ ਹੈ। ਦੋਆਬੇ ਦੇ ਚਾਰ ਪ੍ਰਮੁੱਖ ਜ਼ਿਲ੍ਹੇ-ਜਲੰਧਰ, ਕਪੂਰਥਲਾ, ਹੁਸ਼ਿਆਰਪੁਰ, ਅਤੇ ਨਵਾਂਸ਼ਹਿਰ (ਸ਼ਹੀਦ ਭਗਤ ਸਿੰਘ ਨਗਰ)-ਵਿਚ ਦਲਿਤ ਵੋਟਰ ਹੀ ਸਾਰੀਆਂ ਸਿਆਸੀ ਪਾਰਟੀਆਂ ਦੀ ਹਾਰ-ਜਿੱਤ ਤੈਅ ਕਰਦੇ ਹਨ। ਪ੍ਰਧਾਨ ਮੰਤਰੀ ਦਾ ਡੇਰਾ ਸੱਚਖੰਡ ਬੱਲਾਂ ਵਿਖੇ ਜਾਣਾ ਇਸੇ ਰਣਨੀਤੀ ਦਾ ਹਿੱਸਾ ਸੀ, ਤਾਂ ਜੋ ਦੋਆਬੇ ਦੇ ਇਸ ਪ੍ਰਭਾਵਸ਼ਾਲੀ ਵੋਟ ਬੈਂਕ ਨੂੰ ਭਾਜਪਾ ਦੇ ਪੱਖ ਵਿਚ ਭੁਗਤਾਇਆ ਜਾ ਸਕੇ। ਉਨ੍ਹਾਂ ਨੇ ਡੇਰੇ ਦੇ ਸੰਤ ਨਿਰੰਜਨ ਦਾਸ ਨੂੰ ਵਿਸ਼ੇਸ਼ ਅਹਿਮੀਅਤ ਦੇ ਕੇ ਸਪਸ਼ਟ ਸੰਦੇਸ਼ ਦਿੱਤਾ ਕਿ ਉਹ ਹੁਣ ਡੇਰਾਵਾਦ ਦੇ ਸਹਾਰੇ ਪੰਜਾਬ ਦੀ ਸਿਆਸਤ ਵਿਚ ਪੈਰ ਜਮਾਉਣਾ ਚਾਹੁੰਦੇ ਹਨ। ਇਤਿਹਾਸਕ ਤੌਰ 'ਤੇ ਦਲਿਤ ਵੋਟ ਜ਼ਿਆਦਾਤਰ ਕਾਂਗਰਸ ਦੇ ਪੱਖ ਵਿਚ ਭੁਗਤਦੀ ਰਹੀ ਹੈ, ਖਾਸ ਕਰਕੇ ਦੋਆਬੇ ਦੇ ਇਲਾਕੇ ਵਿਚ। ਪਰ ਪਿਛਲੀਆਂ ਚੋਣਾਂ ਵਿਚ ਆਮ ਆਦਮੀ ਪਾਰਟੀ ਨੇ ਇਸ ਵੋਟ ਬੈਂਕ ਵਿਚ ਵੱਡੀ ਸੰਨ੍ਹ ਲਾਈ। ਦੂਜੇ ਪਾਸੇ, ਸ਼੍ਰੋਮਣੀ ਅਕਾਲੀ ਦਲ ਅਤੇ ਬਸਪਾ ਦਾ ਗੱਠਜੋੜ ਵੀ ਇਸੇ ਵੋਟ ਨੂੰ ਹਾਸਲ ਕਰਨ ਲਈ ਹੱਥ-ਪੈਰ ਮਾਰਦਾ ਰਿਹਾ ਹੈ। ਉਂਜ, ਪੰਜਾਬ ਦੀ ਐੱਸ.ਸੀ. ਆਬਾਦੀ ਅਕਾਲੀਆਂ, ਗਰਮਖ਼ਿਆਲੀਆਂ, ਅਤੇ ਕਾਂਗਰਸ ਦੇ ਖੇਮਿਆਂ ਵਿਚ ਵੰਡੀ ਹੋਈ ਹੈ। ਜੇ ਗਣਿਤ ਸਮਝੀਏ ਤਾਂ ਦਲਿਤਾਂ ਦੀ ਕੁੱਲ 33 ਫ਼ੀਸਦੀ ਵੋਟ ਵਿੱਚੋਂ, ਸਿੱਖ ਦਲਿਤਾਂ ਦੀ ਹਿੱਸੇਦਾਰੀ ਬਹੁਤ ਵੱਡੀ ਹੈ, ਜੋ ਕਿ ਸਿਆਸਤ ਦਾ ਰੁਖ਼ ਬਦਲਣ ਦੇ ਸਮਰੱਥ ਹੈ।

ਸਿਆਸੀ ਪਾਰਟੀਆਂ, ਖ਼ਾਸ ਕਰਕੇ ਭਾਜਪਾ ਵੱਲੋਂ ਪੰਜਾਬੀਆਂ ਨੂੰ ਧਰਮ ਦੇ ਨਾਂ 'ਤੇ ਵੰਡਣਾ ਅਤੇ ਫਿਰ ਜਾਤ-ਪਾਤ ਦੀ ਵਰਗ-ਵੰਡ ਕਰਨਾ ਸੂਬੇ ਦੇ ਸਮਾਜਿਕ ਤਾਣੇ-ਬਾਣੇ ਲਈ ਬਹੁਤ ਘਾਤਕ ਸਿੱਧ ਹੋ ਰਿਹਾ ਹੈ। ਪਰ ਦੁਖਾਂਤ ਇਹ ਹੈ ਕਿ ਪੰਜਾਬੀਆਂ ਉੱਤੇ ਇਸ ਸਿਆਸੀ ਧਰੁਵੀਕਰਨ ਦਾ ਅਸਰ ਹੁਣ ਸਾਫ਼ ਦਿਖਣ ਲੱਗ ਪਿਆ ਹੈ। ਜੇਕਰ ਅਸੀਂ ਚੋਣ ਅੰਕੜਿਆਂ 'ਤੇ ਨਜ਼ਰ ਮਾਰੀਏ, ਤਾਂ 2022 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਭਾਜਪਾ ਨੂੰ ਸਿਰਫ਼ 6.6 ਫ਼ੀਸਦੀ ਵੋਟਾਂ ਮਿਲੀਆਂ ਸਨ। ਲੇਕਿਨ 2024 ਦੀਆਂ ਲੋਕ ਸਭਾ ਚੋਣਾਂ ਵਿਚ, ਅਕਾਲੀ ਦਲ ਤੋਂ ਵੱਖ ਹੋ ਕੇ ਇਕੱਲਿਆਂ ਲੜਨ ਦੇ ਬਾਵਜੂਦ, ਭਾਜਪਾ ਦਾ ਵੋਟ ਬੈਂਕ ਉਛਾਲ ਮਾਰ ਕੇ 18.65 ਫ਼ੀਸਦੀ ਤੱਕ ਪਹੁੰਚ ਗਿਆ। ਭਾਵੇਂ ਉਹ ਸੀਟਾਂ ਜ਼ਿਆਦਾ ਨਹੀਂ ਜਿੱਤ ਸਕੀ, ਪਰ ਸ਼ਹਿਰੀ ਹਿੰਦੂ ਖੇਤਰਾਂ ਵਿਚ ਉਸ ਨੇ ਵੱਡੀ ਲੀਡ ਹਾਸਲ ਕੀਤੀ।

ਦੂਜੇ ਪਾਸੇ ਕਾਂਗਰਸ ਅਤੇ 'ਆਪ' ਨੂੰ ਲਗਭਗ 26-26 ਫ਼ੀਸਦੀ ਵੋਟਾਂ ਮਿਲੀਆਂ, ਜਦਕਿ ਸ਼੍ਰੋਮਣੀ ਅਕਾਲੀ ਦਲ ਸੁੰਘੜ ਕੇ 13.68 ਫ਼ੀਸਦੀ 'ਤੇ ਆ ਗਿਆ। ਇਸ ਦੇ ਨਾਲ ਹੀ, ਗਰਮਖ਼ਿਆਲੀ ਅਤੇ ਆਜ਼ਾਦ ਉਮੀਦਵਾਰਾਂ ਦੇ ਪੱਲੇ ਕੱਟੜ ਸਿੱਖ ਭਾਵਨਾਵਾਂ ਦੀਆਂ ਵੋਟਾਂ ਪਈਆਂ।

ਹੁਣ ਭਾਜਪਾ ਦੀ ਰਣਨੀਤੀ ਇਹ ਹੈ ਕਿ ਜੇਕਰ ਉਹ ਸੂਬੇ ਦੇ 40 ਫ਼ੀਸਦੀ ਹਿੰਦੂਆਂ ਵਿਚੋਂ 30 ਫ਼ੀਸਦੀ ਵੋਟਾਂ ਨੂੰ ਆਪਣੇ ਹੱਕ ਵਿਚ ਪੱਕਾ ਕਰ ਲਵੇ, ਅਤੇ ਨਾਲ ਹੀ ਵੱਖ-ਵੱਖ ਡੇਰਿਆਂ ਦੇ ਪ੍ਰਭਾਵ ਸਦਕਾ 10 ਤੋਂ 12 ਫ਼ੀਸਦੀ ਦਲਿਤ ਵੋਟ ਹਾਸਲ ਕਰ ਲਵੇ, ਤਾਂ ਉਹ ਹਿੰਦੂ-ਬਹੁਗਿਣਤੀ ਵਾਲੇ 55 ਵਿਧਾਨ ਸਭਾ ਚੋਣ ਖੇਤਰਾਂ ਵਿਚ ਇੱਕ ਮਜ਼ਬੂਤ ਸਿਆਸੀ ਸ਼ਕਤੀ ਬਣ ਕੇ ਉੱਭਰ ਸਕਦੀ ਹੈ। ਇਹ ਖੇਡ ਪੰਜਾਬ ਦੇ ਉੱਜਵਲ ਭਵਿੱਖ ਲਈ ਨਹੀਂ, ਸਗੋਂ ਸੱਤਾ ਹਥਿਆਉਣ ਲਈ ਖੇਡੀ ਜਾ ਰਹੀ ਹੈ।

ਪੰਜਾਬ ਸ਼ੁਰੂ ਤੋਂ ਹੀ ਦੇਸ਼ ਅੰਦਰ ਫੈਡਰਲਿਜ਼ਮ ਯਾਨੀ ਸੂਬਿਆਂ ਦੇ ਵੱਧ ਅਧਿਕਾਰਾਂ ਦਾ ਪਹਿਰੇਦਾਰ ਰਿਹਾ ਹੈ। ਪ੍ਰੰਤੂ ਅਜੋਕੇ ਸਮੇਂ ਕੇਂਦਰ ਸਰਕਾਰ ਵੱਲੋਂ ਸੂਬੇ ਦੇ ਅਧਿਕਾਰਾਂ 'ਤੇ ਲਗਾਤਾਰ ਡਾਕੇ ਮਾਰੇ ਜਾ ਰਹੇ ਹਨ। ਪੰਜਾਬ ਦੇ ਪੇਂਡੂ ਵਿਕਾਸ ਫੰਡ ਨੂੰ ਰੋਕਣਾ, ਬੀ.ਐੱਸ.ਐੱਫ. ਦਾ ਅਧਿਕਾਰ ਖੇਤਰ ਸਰਹੱਦ ਤੋਂ 50 ਕਿਲੋਮੀਟਰ ਤੱਕ ਵਧਾ ਕੇ ਸੂਬੇ ਦੀ ਕਾਨੂੰਨ ਵਿਵਸਥਾ ਵਿਚ ਦਖ਼ਲ ਦੇਣਾ, ਅਤੇ ਪੰਜਾਬ ਦੇ ਕੋਲੇ ਦੇ ਕੋਟੇ 'ਤੇ ਸ਼ਰਤਾਂ ਲਾਉਣੀਆਂ-ਇਹ ਸਭ ਇਸ ਗੱਲ ਦਾ ਪ੍ਰਮਾਣ ਹਨ ਕਿ ਪੰਜਾਬ ਨੂੰ ਆਰਥਿਕ ਤੌਰ 'ਤੇ ਕੰਗਾਲ ਕਰਕੇ ਗੋਡਿਆਂ ਭਾਰ ਲਿਆਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਪੰਜਾਬੀ ਦੇਸ਼ ਦੇ ਅੰਨਦਾਤਾ ਰਹੇ ਹਨ, ਪਰ ਅੱਜ ਉਨ੍ਹਾਂ ਨੂੰ ਆਪਣੀ ਹੀ ਫ਼ਸਲ ਦੀ ਕੀਮਤ ਮੰਗਣ ਲਈ ਦਿੱਲੀ ਦੀਆਂ ਸਰਹੱਦਾਂ 'ਤੇ ਕੀਲੀਆਂ ਵਾਲੀਆਂ ਤਾਰਾਂ ਅਤੇ ਅੱਥਰੂ ਗੈਸ ਦੇ ਗੋਲਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸਿਆਸੀ ਪਾਰਟੀਆਂ ਇਨ੍ਹਾਂ ਗੰਭੀਰ ਮਸਲਿਆਂ 'ਤੇ ਲੜਨ ਦੀ ਬਜਾਏ ਇੱਕ-ਦੂਜੇ ਨੂੰ ਨੀਵਾਂ ਦਿਖਾਉਣ ਵਿਚ ਮਸਰੂਫ਼ ਹਨ, ਜਿਸ ਕਾਰਨ ਆਮ ਪੰਜਾਬੀ ਖ਼ੁਦ ਨੂੰ ਬੇਸਹਾਰਾ ਮਹਿਸੂਸ ਕਰ ਰਹੇ ਹਨ।

ਕੀ ਪੰਜਾਬੀ ਆਪਣੀ ਜਨਸੰਖਿਆ ਦੇ ਸਰੂਪਾਂ ਨੂੰ ਧਰਮ ਅਤੇ ਜਾਤ ਦੀ ਵੰਡ ਦੇ ਕੋਝੇ ਪੇਚੇ ਪਾ ਕੇ ਆਪਣੇ ਉਸ ਸ਼ਾਨਦਾਰ ਇਤਿਹਾਸ ਨੂੰ ਖ਼ਰਾਬ ਕਰ ਲੈਣਗੇ, ਜਿਹੜੀ ਉਨ੍ਹਾਂ ਨੇ ਲੰਮੇ ਸੰਘਰਸ਼ਾਂ ਵਿਚੋਂ ਸਾਂਝੀਵਾਲਤਾ ਦੇ ਸੰਦੇਸ਼ ਰਾਹੀਂ ਪ੍ਰਾਪਤ ਕੀਤੀ ਹੈ? ਕੀ ਹਿੰਦੂ-ਸਿੱਖ ਦੀ ਵੰਡ ਅਤੇ ਧਰੁਵੀਕਰਨ ਪੰਜਾਬ ਦੇ ਹਿਤ ਵਿੱਚ ਹੈ? ਬਿਲਕੁਲ ਨਹੀਂ। ਜਿਸ ਪੋਲਰਾਈਜ਼ੇਸ਼ਨ ਵਾਸਤੇ ਕੇਂਦਰੀ ਅਤੇ ਸਥਾਨਕ ਸਿਆਸੀ ਧਿਰਾਂ ਆਪਣਾ ਪੂਰਾ ਤਾਣ ਲਾ ਰਹੀਆਂ ਹਨ, ਜੇਕਰ ਉਹ ਕਾਮਯਾਬ ਹੋ ਗਈਆਂ, ਤਾਂ ਇਹ ਪੰਜਾਬੀ ਦੀ ਸੂਝਵਾਨ ਸੋਚ ਉੱਤੇ ਇੱਕ ਵੱਡਾ ਕਲੰਕ ਹੋਵੇਗਾ। ਇਹ ਵੰਡ ਪੰਜਾਬੀ ਸੱਭਿਆਚਾਰ, ਪੰਜਾਬੀਅਤ ਦੀ ਰੂਹ ਅਤੇ ਪੰਜਾਬ ਦੇ ਹਿਤਾਂ ਨੂੰ ਪੂਰੀ ਤਰ੍ਹਾਂ ਤਹਿਸ-ਨਹਿਸ ਕਰ ਦੇਵੇਗੀ।

ਆਉਣ ਵਾਲੇ ਸਮੇਂ ਵਿਚ ਇਹ ਦੇਖਣਾ ਬੇਹੱਦ ਦਿਲਚਸਪ ਅਤੇ ਅਹਿਮ ਹੋਵੇਗਾ ਕਿ ਕੀ ਪੰਜਾਬੀ ਆਪਣੇ ਨਿਡਰ ਸਰੂਪ, ਜਾਗਰੂਕ ਜ਼ਮੀਰ ਅਤੇ ਦੂਰਅੰਦੇਸ਼ੀ ਸੋਚ ਨੂੰ ਕਾਇਮ ਰੱਖਦੇ ਹਨ? ਕੀ ਉਹ ਪੰਜਾਬ ਦੇ ਹੱਕਾਂ, ਵੱਧ ਸੂਬਾਈ ਅਧਿਕਾਰਾਂ ਦੀ ਰਾਖੀ ਕਰਨ ਵਾਲਿਆਂ, ਮਨੁੱਖੀ ਅਧਿਕਾਰਾਂ ਦੇ ਸੱਚੇ ਪਹਿਰੇਦਾਰਾਂ, ਸਾਂਝੀਵਾਲਤਾ ਦੇ ਹਿਤੈਸ਼ੀਆਂ ਅਤੇ ਪੰਜਾਬ ਦੇ ਅਸਲ ਮਸਲਿਆਂ ਦਾ ਹੱਲ ਕਰਨ ਵਾਲਿਆਂ ਦਾ ਸਾਥ ਦਿੰਦੇ ਹਨ? ਜਾਂ ਫਿਰ ਉਹ ਕਾਰਪੋਰੇਟਾਂ ਦੇ ਉਨ੍ਹਾਂ ਸੌਦਾਗਰਾਂ ਅਤੇ ਵੱਡੇ-ਵੱਡੇ ਦਿਖਾਵਟੀ ਵਿਕਾਸ ਕਾਰਜਾਂ ਦੇ ਝੂਠੇ ਜਾਲ ਵਿਚ ਫਸਦੇ ਹਨ, ਜਿਹੜੇ ਦੇਸ਼ ਦੇ ਜਮਹੂਰੀ ਸੰਵਿਧਾਨ ਨੂੰ ਬਦਲ ਕੇ ਇਸ ਦਾ ਚਿਹਰਾ-ਮੋਹਰਾ ਹੀ ਵਿਗਾੜਨਾ ਚਾਹੁੰਦੇ ਹਨ।

ਪੰਜਾਬ ਦੇ ਵਸਨੀਕ ਭਾਵੇਂ ਕੁਝ ਸਮੇਂ ਲਈ ਜਜ਼ਬਾਤੀ ਹੋ ਕੇ ਸਿਆਸੀ ਗੁੰਮਰਾਹਕੁਨ ਪ੍ਰਚਾਰ ਦਾ ਸ਼ਿਕਾਰ ਹੋ ਸਕਦੇ ਹਨ, ਪਰ ਇਤਿਹਾਸ ਗਵਾਹ ਹੈ ਕਿ ਜਦੋਂ ਵੀ ਪੰਜਾਬ ਦੀ ਧਰਤੀ, ਇਸ ਦੀ ਮਾਂ-ਬੋਲੀ, ਸੱਭਿਆਚਾਰ ਅਤੇ ਅਣਖ 'ਤੇ ਵਾਰ ਹੋਇਆ ਹੈ, ਉਨ੍ਹਾਂ ਨੇ ਹਮੇਸ਼ਾ ਸਿਆਸੀ ਭਰਮਜਾਲ ਨੂੰ ਤੋੜ ਕੇ ਸੰਘਰਸ਼ਾਂ ਨੂੰ ਤਰਜੀਹ ਦਿੱਤੀ ਹੈ। ਪੰਜਾਬੀ ਹਮੇਸ਼ਾ ਜ਼ੁਲਮ ਅਤੇ ਹਾਕਮਾਂ ਦੇ ਦਾਬੇ ਵਿਰੁੱਧ ਹਿੱਕ ਤਾਣ ਕੇ ਖੜ੍ਹੇ ਹੋਏ ਹਨ। ਭਾਵੇਂ ਉਹ 1975 ਦੀ ਦੇਸ਼ ਵਿਆਪੀ ਐਮਰਜੈਂਸੀ ਦਾ ਦੌਰ ਹੋਵੇ, ਜਾਂ ਦਿੱਲੀ ਦੀਆਂ ਬਰੂਹਾਂ 'ਤੇ ਲੜਿਆ ਗਿਆ ਕਾਲੇ ਖੇਤੀ ਕਾਨੂੰਨਾਂ ਦਾ ਇਤਿਹਾਸਕ ਅੰਦੋਲਨ-ਪੰਜਾਬੀਆਂ ਲਈ ਹਮੇਸ਼ਾ ਨੈਤਿਕ ਕਦਰਾਂ-ਕੀਮਤਾਂ ਕਾਇਮ ਰੱਖੀਆਂ ਹਨ। ਉਹ ਆਪਣੇ ਹੱਕਾਂ ਲਈ ਮਰ-ਮਿਟਣ ਵਾਸਤੇ ਪੂਰੀ ਦੁਨੀਆ ਵਿਚ ਜਾਣੇ ਜਾਂਦੇ ਹਨ। ਪੰਜਾਬ ਦੇ ਲੋਕਾਂ ਨੇ ਬਹੁਤ ਔਖੇ ਅਤੇ ਕਾਲੇ ਸਮਿਆਂ ਵਿਚ ਵੀ ਆਪਣੇ ਹਿੰਦੂ-ਸਿੱਖ ਭਾਈਚਾਰੇ ਦੀ ਸਾਂਝ ਨੂੰ ਟੁੱਟਣ ਨਹੀਂ ਦਿੱਤਾ। ਕੀ ਪੰਜਾਬੀ, ਸਿਆਸਤਦਾਨਾਂ ਦੇ ਧਰਮ ਅਤੇ ਜਾਤ ਦੇ ਪਾਏ ਜਾ ਰਹੇ ਭਰਮਜਾਲ ਵਿਚੋਂ ਬਾਹਰ ਨਿਕਲਣਗੇ ਅਤੇ ਕੀ ਉਹ ਪੰਜਾਬ ਦੇ ਉੱਜਵਲ, ਸਾਂਝੇ ਤੇ ਸੁਨਹਿਰੀ ਭਵਿੱਖ ਲਈ ਇੱਕਜੁੱਟ ਹੋ ਕੇ ਆਪਣੇ ਅੰਦਰਲੇ ਅਸਲ ਪੰਜਾਬੀ ਅਤੇ ਨੈਤਿਕ ਆਦਰਸ਼ਾਂ 'ਤੇ ਪਹਿਰਾ ਦੇਣਗੇ?

## 'ਆਰਟ ਆਫ ਵਾਰ'

### ਇਕ ਕੈਦੀ ਦੀ ਕਲਮ ਤੋਂ

ਸੰਨ ਸੂ ਚੀਨ ਦਾ ਐਸਾ ਮਹਾਨ ਲਿਖਾਰੀ ਸੀ, ਜਿਸ ਦੀ ਲਿਖਤ ਨੇ ਜੰਗ ਨੂੰ ਕਲਾ ਦੱਸਿਆ। 'ਆਰਟ ਆਫ਼ ਵਾਰ' ਇਕ ਐਸੀ ਰਚਨਾ ਹੈ, ਜੋ ਹਰੇਕ ਦੇਸ਼ ਦੇ ਜਨਰਲ, ਲੀਡਰ ਅਤੇ ਵਪਾਰੀ ਨੇ ਆਪਣੇ ਕਿਤਾਬ ਘਰ ਵਿਚ ਰੱਖੀ ਹੋਈ ਹੈ। ਸੰਨ ਸੂ ਦਾ ਕਹਿਣਾ ਹੈ ਕਿ ਸੁਪਰੀਮ ਐਕਸੀਲੈਂਸ ਉਹ ਹੈ ਜਦੋਂ ਤੁਸੀਂ ਬਿਨਾ ਲੜੇ, ਵਿਰੋਧੀ ਦੀ ਲੜਨ ਦੀ ਤਾਕਤ ਨੂੰ ਖਤਮ ਕਰਦੇ ਹੋ। ਜੇ ਤੁਸੀਂ ਕਿਸੇ ਰਾਜ ਭਾਗ ਦੇ ਲੋਕਾਂ ਦੀ ਮਾਨਸਿਕਤਾ, ਉਨ੍ਹਾਂ ਦਾ ਆਪਣੇ ਰਾਜ ਪ੍ਰਤੀ ਭਰੋਸਾ ਤੋੜ ਦਿੰਦੇ ਹੋ ਤਾਂ ਤੁਸੀਂ ਉਹ ਰਾਜ ਭਾਗ ਬਿਨਾਂ ਕਿਸੇ ਫੌਜੀ ਹਮਲੇ ਤੋਂ ਆਪਣੇ ਅਧੀਨ ਕਰ ਲੈਂਦੇ ਹੋ।

ਪੰਜਾਬ ਵੀ ਅੱਜ ਅਜਿਹੇ ਹੀ ਹਾਲਾਤਾਂ ਦਾ ਸ਼ਿਕਾਰ ਹੈ, ਜਿੱਥੇ ਭ੍ਰਿਸ਼ਟਾਚਾਰ, ਬੇਰੁਜ਼ਗਾਰੀ, ਸ਼ੋਸ਼ਣ ਰਾਹੀਂ ਨੌਜਵਾਨਾਂ ਦੇ ਮਨੋਬਲ ਨੂੰ ਤੋੜ ਕੇ ਉਨ੍ਹਾਂ ਨੂੰ ਨਸ਼ਿਆਂ ਵੱਲ ਲਾਇਆ ਜਾ ਰਿਹਾ ਹੈ। ਪੰਜਾਬ ਦੀ ਇਹ ਹਾਲਤ ਅਚਾਨਕ ਨਹੀਂ ਹੈ, ਇਹ ਸੂਝਵਾਨ ਨੀਤੀ ਤਹਿਤ ਤਿਆਰ ਕੀਤੀ ਗਈ ਯੋਜਨਾ ਦਾ ਹਿੱਸਾ ਹੈ। ਇਹ ਜਾਲ ਆਜ਼ਾਦੀ ਤੋਂ ਪਹਿਲਾਂ ਬੁਣਨਾ ਸ਼ੁਰੂ ਹੋ ਗਿਆ ਸੀ। ਵੰਡ ਰਾਹੀਂ ਪੰਜਾਬ ਅਤੇ ਸਿੱਖਾਂ ਨੂੰ ਆਰਥਿਕ ਤੌਰ 'ਤੇ ਕਮਜ਼ੋਰ ਕਰਨਾ, ਰਾਖਵਾਂ ਕੋਟਾ, ਰਿਸ਼ਵਤਖੋਰੀ ਦੇ ਨਾਲ-ਨਾਲ 1984 ਦਾ ਸਾਕਾ। ਇਨ੍ਹਾਂ ਸਭ ਘਟਨਾਵਾਂ ਨੇ ਪੰਜਾਬ ਦਾ ਨੁਕਸਾਨ ਕੀਤਾ। ਸਵਾਲ ਇਹ ਹੈ ਕਿ ਇਸ ਦਾ ਫਾਇਦਾ ਕਿਸ ਨੂੰ ਹੋ ਰਿਹਾ ਹੈ? ਕੌਣ ਹੈ ਸਿੱਖਾਂ ਤੇ ਪੰਜਾਬ ਦਾ ਦੁਸ਼ਮਣ?

ਇਹ ਸਮਝਣ ਦੀ ਲੋੜ ਹੈ ਕਿ ਪੰਜਾਬ ਅਤੇ ਸਿੱਖ ਰਾਜ ਕੀ ਸੀ? ਸਿੱਖ ਰਾਜ ਕੁਝ ਜ਼ਮੀਨੀ ਸਰਹੱਦਾਂ ਜਾਂ ਸੰਵਿਧਾਨ ਵਲੋਂ ਵੰਡਿਆ ਜਾਣ ਵਾਲਾ ਰਾਜ ਨਹੀਂ ਸੀ। ਸਿੱਖ ਰਾਜ ਵਿਚ ਮਨੁੱਖ, ਉਸ ਦੇ ਧਰਮ ਅਤੇ ਹੱਕਾਂ ਦੀ ਰਾਖੀ ਗੁਰੂ ਦੇ ਸ਼ਸਤਰਧਾਰੀ ਸਿੱਖ ਕਰਦੇ ਸਨ। ਗਿਆਨੀ ਖੁਸ਼ਵੰਤ ਸਿੰਘ ਦੀ ਲਿਖੀ ਸਿੱਖ ਹਿਸਟਰੀ ਦੇ ਮੁਤਾਬਕ ਅਫ਼ਗਾਨਿਸਤਾਨ ਵਿਚ ਨਾਲੀਆਂ ਬਣਾਉਣੀਆਂ, ਸੜਕਾਂ ਸਹੀ ਕਰਨੀਆਂ, ਸਿੱਖ ਫੌਜੀਆਂ ਦੀ ਜ਼ਿੰਮੇਵਾਰੀ ਸੀ। ਜਿਸ ਨੂੰ ਦੁਨੀਆ ਠੁਕਰਾ ਦਿੰਦੀ ਸੀ, ਉਹ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਸ਼ਾਮਲ ਹੁੰਦਾ ਸੀ।

ਕਈ ਵਾਰ ਮੈਂ ਸੋਚਦਾਂ ਕਿ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ, ਜਿਨ੍ਹਾਂ ਨੇ ਧਰਮ ਖਾਤਰ ਸਰਬੰਸ ਵਾਰ ਦਿੱਤਾ, ਕਹਿਣੀ ਤੇ ਕਰਨੀ ਦੇ ਪੱਕੇ ਸਨ। ਜੇ ਉਹ ਅੱਜ ਹੁੰਦੇ ਤਾਂ ਪੰਜਾਬ ਕਿਹੋ ਜਿਹਾ ਹੁੰਦਾ।

ਸਾਡਾ ਇਤਿਹਾਸ, ਪਛਾਣ, ਸਾਡਾ ਸੱਭਿਆਚਾਰ, ਜਿਸ ਵਿਚ ਸਿੱਖ ਮਾਰਸ਼ਲ ਆਰਟ, ਘੋੜ ਸਵਾਰੀ ਅਤੇ ਖੇਡਾਂ ਸ਼ਾਮਲ ਹਨ, ਨੂੰ ਹੌਲੀ-ਹੌਲੀ ਖਤਮ ਕੀਤਾ ਜਾ ਰਿਹਾ ਹੈ। ਸਾਡੀ ਮਾਨਸਿਕਤਾ ਨੂੰ ਕਮਜ਼ੋਰ ਕਰਨ ਲਈ ਸਾਡੇ ਸ਼ਹੀਦਾਂ ਨੂੰ ਗਦਾਰ ਜਾਂ ਦਹਿਸ਼ਤਗਰਦ ਕਹਿਣਾ, ਨੌਜਵਾਨਾਂ ਨੂੰ ਡੀ-ਗਰੇਡ ਕਰਨਾ, ਸਾਡੀ ਸੋਚ 'ਤੇ ਹਮਲਾ ਹੈ। ਸਕੂਲਾਂ ਵਿਚ ਸਿੱਖ ਇਤਿਹਾਸ ਸਹੀ ਤਰ੍ਹਾਂ ਨਾ ਪੜ੍ਹਾਉਣਾ ਸਾਡੀ ਪਛਾਣ 'ਤੇ ਹਮਲਾ ਹੈ। ਸਕੂਲ ਪੜ੍ਹਦਿਆਂ ਕਈ ਵਾਰ ਮੇਰੀ ਸਕੂਲੀ ਬੱਚਿਆਂ ਨਾਲ ਲੜਾਈ ਹੋਈ, ਕਿ ਅਸੀਂ ਕੇਸਾਧਾਰੀ ਹਿੰਦੂ ਨਹੀਂ, ਪਰ ਉਨ੍ਹਾਂ ਕਹਿਣਾ ਕਿ ਕਿਤਾਬ ਤਾਂ ਇਹੀ ਕਹਿ ਰਹੀ ਹੈ।

ਮੇਰੀ ਨਾਨੀ ਰੱਬੀ ਰੂਹ ਸੀ, ਮੈਂ ਨਾਨਕੇ ਪਿੰਡ ਸੁਧਾਰ ਛੁੱਟੀਆਂ ਕੱਟਣ ਜਾਣਾ ਤਾਂ ਜਾਗੋਵਾਲੇ ਜਥੇ ਦੀਆਂ ਸੀਡੀਆਂ ਮਾਮੇ ਦੇ ਕੰਪਿਊਟਰ ਵਿਚ ਸੁਣਨੀਆਂ। ਨਾਨੀ ਨੇ ਮੈਨੂੰ ਪਹਿਲੀ ਜਮਾਤ ਤੋਂ ਹੀ ਪੰਜਾਬੀ ਲਿਖਣੀ ਸਿਖਾ ਦਿੱਤੀ ਸੀ। ਪਰ ਨਾਨੀ ਦੇ ਤੁਰ ਜਾਣ ਮਗਰੋਂ ਮੈਂ ਕੇਸ ਕਤਲ ਕਰਾ ਦਿੱਤੇ, ਤੰਬਾਕੂ ਪੀਣਾ ਸ਼ੁਰੂ ਕਰ ਦਿੱਤਾ ਤੇ ਗੁਰੂਘਰ ਨੂੰ ਛੱਡ ਕਦੀ ਪੀਰਾਂ ਦੇ ਤੇ ਕਦੇ ਮੰਦਰ ਜਾਣਾ, ਹੱਥਾਂ ਵਿਚ ਕੜੇ ਦੀ ਥਾਂ ਧਾਗੇ ਆ ਗਏ। ਮੈਂ ਵੀ ਜਾਲ ਵਿਚ ਫਸਣਾ ਸ਼ੁਰੂ ਹੋ ਗਿਆ ਸੀ। ਨਸ਼ਿਆਂ ਦੇ ਟੀਕਿਆਂ ਨਾਲ ਭਰੀਆਂ ਬਾਹਾਂ ਵਾਲਿਆਂ ਵਿਚ ਮੈਂ ਵੀ ਸਾਂ। ਮੈਂ ਵੀ ਉਨ੍ਹਾਂ ਬੰਦੂਕਾਂ ਦਾ ਸ਼ਿਕਾਰ ਸੀ, ਮੈਂ ਵੀ ਗੈਂਗਵਾਰ ਨੂੰ ਜਾਣਦਾ ਸੀ ਪਰ ਅਸੀਂ ਅੱਜ ਵੀ ਜਿਉਂਦੇ ਹਾਂ। ਭਾਵੇਂ ਸਰਕਾਰ ਲੱਖ ਮੁਫ਼ਤ ਗੰਨਾਂ ਦੇ ਦੇਣ, ਭਾਵੇਂ ਸਾਨੂੰ ਬਿਨਾਂ ਅਪਰਾਧਾਂ ਤੋਂ ਨਜ਼ਰਬੰਦ ਕਰ ਦੇਣ, ਪਰ ਅਸੀਂ ਉਸ ਗੁਰੂ ਦੇ ਲਾਲ ਹਾਂ, ਜਿਸ ਨੇ ਚਿੜੀਆਂ ਨਾਲ ਬਾਜ ਲੜਾਏ, ਤੇ ਖਾਲਸਾ ਸਜਾਇਆ। ਸਾਨੂੰ ਆਪਣੇ ਆਪ ਤੋਂ ਇਕ ਸਵਾਲ ਜ਼ਰੂਰ ਪੁੱਛਣਾ ਚਾਹੀਦਾ ਹੈ ਕਿ ਆਰ.ਐਸ.ਐਸ., ਗਊ ਰਕਸ਼ਾ ਦਾਲ, ਅਮਰੀਕੀ ਮੈਡ ਏਆਰ-15 ਸਕਾਰਪੀਅਨ ਮਿਲਟਰੀ ਗਰੇਡ ਸਨਾਈਪਰ ਰਾਈਫਲ ਤੇ ਹੋਰ ਆਟੋ ਪਿਸਟਲ ਰੱਖ ਸਕਦੇ ਨੇ, ਸਰਕਾਰ ਇਨ੍ਹਾਂ ਨੂੰ ਮੁਫਤ ਹਥਿਆਰ ਦਿੰਦੀ ਹੈ ਪਰ ਗੁਰੂ ਦੇ ਸਿੰਘਾਂ ਨੂੰ ਸ੍ਰੀ ਸਾਹਿਬ ਪਹਿਨਣ 'ਤੇ ਵੀ ਸਵਾਲ ਕਿਉਂ ਕੀਤੇ ਜਾਂਦੇ ਨੇ? ਸਾਨੂੰ ਤਾਂ ਲਾਇਸੈਂਸੀ ਹਥਿਆਰ ਵੀ ਜਮ੍ਹਾਂ ਕਰਾਉਣੇ ਪੈ ਜਾਂਦੇ ਨੇ। ਅਸੀਂ ਮੁਸਲਮਾਨ ਭਰਾਵਾਂ ਨਾਲ ਵੀ ਖੜ੍ਹੇ ਨਹੀਂ ਹੋ ਸਕਦੇ, ਇਹ ਜੰਗ ਨਹੀਂ ਤਾਂ ਹੋਰ ਕੀ ਹੈ? ਜਿਨ੍ਹਾਂ ਨੌਜਵਾਨਾਂ ਨੇ ਲੜਨਾ ਸੀ, ਬਹੁਤੇ ਬਾਹਰਕੇ ਮੁਲਕਾਂ ਨੂੰ ਚਲੇ ਗਏ, ਇੱਥੇ ਵੀ ਕਈ ਜੁਰਮਾਂ ਕਾਰਨ ਜੇਲ੍ਹਾਂ 'ਚ ਚਲੇ ਗਏ। ਬਾਕੀ ਫੁਕਰੇਪਨ ਦਾ ਸ਼ਿਕਾਰ ਹੋ ਗਏ ਨੇ। ਇਹ ਸਭ ਜੰਗ ਹੀ ਹੈ ਅਤੇ ਅਸੀਂ ਇਹ ਜੰਗ ਹਾਰ ਰਹੇ ਹਾਂ।

*-ਗੁਰਕੀਰਤ ਸਿੰਘ ਕੈਂਥ*

# ਜਦੋਂ ਖਾੜਕੂ ਸਿੰਘਾਂ ਨੇ ਨਾਸਤਕ ਅਧਿਆਪਕ ਨੂੰ ਪਾਇਆ 'ਸਿੱਧੇ ਰਾਹ'

ਦੋਸਤੀ ਦੀ ਗੱਲ ਕਰਨ ਲਗਿਆਂ ਮੈਂ ਦਸਣਾ ਚਾਹਾਂਗਾ ਕਿ ਮੈਂ ਅੱਜ ਤਕ ਕਿਸੇ ਨੂੰ ਦੋਸਤ ਨਹੀਂ ਬਣਾਇਆ। ਇਸ ਦਾ ਕਾਰਨ ਸ਼ਾਇਦ ਮੈਨੂੰ ਦੋਸਤੀ ਦੀ ਸਮਝ ਨਹੀਂ ਜਾਂ ਮੈਨੂੰ ਦੋਸਤ ਬਣਾਉਣ ਦਾ ਵੱਲ ਨਹੀਂ। ਫਿਰ ਵੀ ਮੈਂ ਪੰਜ ਜਣਿਆਂ ਦਾ ਦੋਸਤ ਹਾਂ ਜਿਨ੍ਹਾਂ ਵਿਚੋਂ ਚਾਰ ਅਜੇ ਕਾਇਮ ਹਨ ਅਤੇ ਇਕ ਨੂੰ ਅਤਿਵਾਦ ਦੇ ਕਾਲੇ ਦਿਨਾਂ ਨੇ ਮੈਥੋਂ ਖੋਹ ਲਿਆ। ਵਿਛੜ ਗਏ ਦੋਸਤ ਨੂੰ ਯਾਦ ਕਰ ਕੇ ਮਨ ਕਾਫ਼ੀ ਦਿਨਾਂ 'ਤੋਂ ਬੇਚੈਨ ਸੀ, ਇਸ ਲਈ ਅਪਣਾ ਮਨ ਹੌਲਾ ਕਰਨ ਲਈ ਲਿਖਣ ਬੈਠ ਗਿਆ। ਪਰ ਇਸ ਤੋਂ ਪਹਿਲਾਂ ਬਚਪਨ ਦਾ ਇਕ ਵਾਕਿਆ ਪਾਠਕਾਂ ਨਾਲ ਸਾਂਝਾ ਕਰਾਂਗਾ। ਛੇਵੀਂ ਜਮਾਤ ਵਿਚ ਪੜ੍ਹਦਿਆਂ ਇਕ ਦਿਨ ਬੀਬੀ ਜੀ (ਮੇਰੇ ਮਾਤਾ ਜੀ)

**ਰਣਧੀਰ ਸਿੰਘ**
**ਫੋਨ: 94637-26344**

ਮੈਨੂੰ ਪੁੱਛਣ ਲਗੇ, 'ਰਣਧੀਰ ਅਕਸਰ ਵੇਖੀਦਾ ਹੈ ਕਿ ਜਿਨ੍ਹਾਂ ਘਰਾਂ ਵਿਚ ਕੁੜੀਆਂ ਹੁੰਦੀਆਂ ਹਨ ਉਨ੍ਹਾਂ ਦੇ ਘਰ ਸਹੇਲੀਆਂ ਅਤੇ ਜਿਨ੍ਹਾਂ ਦੇ ਘਰ ਮੁੰਡੇ ਹੋਣ, ਉਨ੍ਹਾਂ ਦੇ ਦੋਸਤ ਆਉਂਦੇ-ਜਾਂਦੇ ਹਨ। ਪਰ ਸਾਡੇ ਘਰ ਤੇਰਾ ਕੋਈ ਦੋਸਤ ਕਦੀ ਨਹੀਂ ਆਇਆ।' ਜੋ ਜਵਾਬ ਮੈਂ ਦਿਤਾ, ਤੁਸੀਂ ਉਸ ਨੂੰ ਸਿਰਫ਼ ਮੇਰੀ ਹਾਜ਼ਰ ਜਵਾਬੀ ਹੀ ਕਹੋਗੇ, ਕਿਉਂਕਿ ਉਸ ਵੇਲੇ ਇਸ ਦੀ ਗਹਿਰਾਈ ਦਾ ਮੈਨੂੰ ਵੀ ਕੋਈ ਖ਼ਾਸ ਗਿਆਨ ਨਹੀਂ ਸੀ। ਮੇਰਾ ਜਵਾਬ ਸੀ: 'ਕਿਸੁ ਨਾਲਿ ਕੀਚੈ ਦੋਸਤੀ ਸਭੁ ਜਗੁ ਚਲਣਹਾਰੁ॥'

ਚਰਨ ਸਿੰਘ ਮੇਰਾ ਸਠਿਆਲਾ ਕਾਲਜ ਦਾ ਸਾਥੀ ਸੀ। ਉਹ ਮੇਰੇ ਪਿੰਡ ਸੁਧਾਰ ਦੇ ਨੇੜੇ ਦਮਦਮੀ ਟਕਸਾਲ ਦੇ ਹੈਡਕਵਾਟਰ ਚੌਕ ਮਹਿਤਾ ਦੇ ਨੇੜੇ ਪਿੰਡ ਜਸਪਾਲ ਦਾ ਰਹਿਣ ਵਾਲਾ ਸੀ। ਸਾਦਗੀ ਅਤੇ ਸੱਚਾਈ ਵਿਚ ਸਾਡੇ ਦੋਹਾਂ ਵਿਚੋਂ ਕੋਈ ਵੀ ਉੱਨੀ-ਇੱਕੀ ਨਹੀਂ ਸੀ, ਪਰ ਧਰਮ ਦੇ ਮਾਮਲੇ ਵਿਚ ਸਾਡੇ ਵਿਚਾਰਾਂ ਵਿਚ 180 ਡਿਗਰੀ ਦਾ ਫ਼ਰਕ ਸੀ। ਉਹ ਅਪਣੇ ਆਪ ਨੂੰ ਅਗਾਂਹਵਧੂ ਵਿਚਾਰਾਂ ਵਾਲਾ ਅਤੇ ਨਾਸਤਿਕ ਅਖਵਾਉਣ ਵਿਚ ਫ਼ਖ਼ਰ ਮਹਿਸੂਸ ਕਰਦਾ ਸੀ ਪਰ ਮੈਂ ਸਾਊ ਅਤੇ ਰੱਬ ਨੂੰ ਮੰਨਣ ਵਾਲਾ ਹੋਣ ਵਿਚ ਸੰਤੁਸ਼ਟ ਸੀ। ਬਹਿਸ ਅਤੇ ਚੁੰਝ ਚਰਚਾ ਦਾ ਕੋਈ ਮੌਕਾ ਅਸੀ ਹੱਥੋਂ ਨਹੀਂ ਸੀ ਜਾਣ ਦਿੰਦੇ। ਕਈ ਵਾਰੀ ਬਹਿਸ ਲੜਾਈ ਝਗੜੇ ਦੇ ਲਾਗੇ-ਚਾਗੇ ਖ਼ਤਮ ਹੁੰਦੀ ਅਤੇ ਉਸ ਦਿਨ ਸਾਡੀ ਬੋਲਚਾਲ ਵੀ ਬੰਦ ਹੋ ਜਾਂਦੀ। ਅਗਲੇ ਦਿਨ ਇਕ-ਦੂਜੇ ਨੂੰ ਬੁਲਾਉਣ ਦੇ ਬਹਾਨੇ ਲਭਦੇ। ਇਕ ਕਹਿੰਦਾ, 'ਲੋਕ ਕਿਵੇਂ ਮੂੰਹ ਸੁਜਾਈ ਫਿਰਦੇ ਨੇ।' ਦੂਜੇ ਪਾਸਿਉਂ ਜਵਾਬ ਆਉਂਦਾ, 'ਲੋਕ ਆਪਣਾ ਮੂੰਹ ਨਹੀਂ ਵੇਖਦੇ।' ਤੇ ਫਿਰ ਸਾਡੀ ਸੁਲਹ ਹੋ ਜਾਂਦੀ, ਇਕ ਨਵੀਂ ਬਹਿਸ ਨੂੰ ਸ਼ੁਰੂ ਕਰਨ ਲਈ।

ਕਾਲਜ ਦੇ ਮੈਗਜ਼ੀਨ ਵਿਚ ਮੇਰਾ ਇਕ ਲੇਖ ਛਪਿਆ। ਲੇਖ ਗੁਰੂ ਨਾਨਕ ਬਾਰੇ ਸੀ। ਮੈਂ ਗੁਰੂ ਨਾਨਕ ਨੂੰ ਅਨੰਤ ਕਲਾ ਸੰਪੂਰਨ ਦੱਸ ਕੇ ਲਿਖਿਆ ਸੀ ਕਿ ਕਿਵੇਂ ਗੁਰੂ ਜੀ ਨੇ ਅਜੋਕੇ ਸਾਇੰਸਦਾਨਾਂ 'ਤੋਂ ਪਹਿਲਾਂ ਹੀ ਧੁੰਧੂਕਾਰਾ ਦਾ ਜ਼ਿਕਰ ਕਰਦਿਆਂ ਕਿਹਾ ਸੀ 'ਅਰਬਦ ਨਰਬਦ ਧੁੰਧੂਕਾਰਾ ਧਰਣਿ ਨਾ ਗਗਨਾ ਹੁਕਮੁ ਅਪਾਰਾ। ਨਾ ਦਿਨੁ ਰੈਨ ਨ ਚੰਦ ਨ ਸੂਰਜੁ ਸੁੰਨ ਸਮਾਧਿ ਲਗਾਇਦਾ।' ਕਿ ਕਿਵੇਂ ਸ੍ਰਿਸ਼ਟੀ ਦੀ ਰਚਨਾ ਤੋਂ ਪਹਿਲਾਂ ਪਰਮਾਤਮਾ ਸੁੰਨ ਸਮਾਧੀ ਦੀ ਅਵਸਥਾ ਵਿਚ ਸੀ ਅਤੇ ਫਿਰ ਸੰਸਾਰ ਦੀ ਉਤਪਤੀ ਬਾਰੇ ਸਾਨੂੰ ਸਮਝਾਇਆ 'ਕੀਤਾ ਪਸਾਉ ਏਕੋ ਕਵਾਉ' ਉਸ ਦੇ ਇਕ ਵਾਕ ਨਾਲ ਸਾਰੀ ਸ੍ਰਿਸ਼ਟੀ ਹੋਂਦ ਵਿਚ ਆ ਗਈ।

ਉਧਰ ਅਸੀਂ ਨਵੀਂ-ਨਵੀਂ 'ਬਿੱਗ ਬੈਂਗ' ਅਤੇ 'ਵਿਕਾਸ ਦੇ ਸਿਧਾਂਤ' ਦੀ ਪੜ੍ਹਾਈ ਕੀਤੀ ਸੀ। ਉਹ ਕਹੇ ਕਿ ਸ੍ਰਿਸ਼ਟੀ ਨੂੰ ਕਿਸੇ ਰੱਬ ਨੇ ਨਹੀਂ ਬਣਾਇਆ। ਮੈਂ ਕਹਾਂ ਜੇ ਰੱਬ ਨੇ ਨਹੀਂ ਬਣਾਇਆ ਤਾਂ ਉਸ ਦਾ ਨਾਂ ਦੱਸੇ ਜਿਸ ਨੇ ਬਣਾਇਆ। ਅਪਣੀਆਂ-ਅਪਣੀਆਂ ਦਲੀਲਾਂ ਦਿੰਦਿਆਂ ਜਦੋਂ ਗੱਲ ਕਿਸੇ ਪੱਤਣ ਨਾ ਲੱਗੀ ਤਾਂ ਉਹ ਮੈਨੂੰ ਕਹਿਣ ਲੱਗਾ, 'ਤੂੰ ਅਪਣੇ ਰੱਬ ਨੂੰ ਕਹਿ ਕਿ ਮੇਰੇ ਹੱਥ ਵਿਚ ਫੜੀ ਸਾਈਕਲ ਦੀ ਚਾਬੀ ਦਾ ਲੱਡੂ ਬਣਾ ਦੇਵੇ।' ਮੈਂ ਅਜੇ ਕੁੱਝ ਬੋਲਿਆ ਵੀ ਨਹੀਂ ਸੀ ਕਿ ਉਹ ਮਜ਼ਾਕ ਦੇ ਲਹਿਜ਼ੇ ਵਿਚ ਕਹਿਣ ਲੱਗਾ, 'ਜੇ ਲੱਡੂ ਨਹੀਂ ਬਣਾ ਸਕਦਾ ਤਾਂ ਚਲੋ ਰੱਬ ਨੂੰ ਕਹੋ ਕਿ ਇਸ ਦੀ ਮਿੱਟੀ ਹੀ ਬਣਾ ਦੇਵੇ।' ਹੁਣ ਮੇਰਾ ਜਵਾਬ ਵੀ ਤਿਆਰ ਸੀ। ਮੈਂ ਕਿਹਾ, 'ਰੱਬ ਏਨਾ ਵੀ ਵਿਹਲਾ ਨਹੀਂ ਕਿ ਦੋ ਮੂਰਖਾਂ ਦੀ ਲੜਾਈ ਵਿਚ ਬਿਨਾਂ-ਵਜ੍ਹਾ ਕੁੱਦ ਪਵੇ।' ਇਹ ਸੁਣ ਕੇ ਬਾਕੀ ਸਾਥੀ ਹੱਸਣ ਲੱਗ ਪਏ ਅਤੇ ਇਸ ਤਰ੍ਹਾਂ ਗੱਲ ਆਈ-ਗਈ ਹੋ ਗਈ। ਇਹ ਸਿਲਸਿਲਾ ਪਤਾ ਨਹੀਂ ਅਜੇ ਹੋਰ ਕਿੰਨੀ ਦੇਰ ਚਲਦਾ, ਜੇ ਮੈਂ ਇਕ ਚਿੰਤਕ ਨੂੰ ਨਾ ਪੜ੍ਹਦਾ ਜੋ ਕਹਿੰਦਾ ਹੈ, 'ਪਰਮਾਤਮਾ ਇਸ ਕਰਕੇ ਮਹਾਨ ਨਹੀਂ ਕਿ ਬਹੁਤ ਸਾਰੇ ਉਸ ਨੂੰ ਮੰਨਦੇ ਹਨ, ਬਲਕਿ ਇਸ ਕਰ ਕੇ ਮਹਾਨ ਹੈ ਕਿ ਉਸ ਨੇ ਸਾਨੂੰ ਉਸ ਨੂੰ 'ਮੰਨਣ' ਜਾਂ 'ਨਾ ਮੰਨਣ' ਦੀ ਖੁੱਲ੍ਹ ਦਿਤੀ ਹੋਈ ਹੈ।'

ਉਹ ਭਾਵੇਂ ਰੱਬ ਨੂੰ ਨਹੀਂ ਸੀ ਮੰਨਦਾ ਪਰ ਕਦੇ-ਕਦਾਈਂ ਗੁਰਦਵਾਰੇ ਪਤਾ ਨਹੀਂ ਕਿਉਂ ਹਾਜ਼ਰੀ ਭਰ ਆਉਂਦਾ ਸੀ। ਮੈਂ ਪ੍ਰੀ-ਇੰਜੀਨੀਅਰਿੰਗ (ਅਜਕਲ ਦੀ 10+2) ਕਰ ਕੇ ਅੱਗੇ ਇੰਜੀਨੀਅਰਿੰਗ ਦੀ ਡਿਗਰੀ ਕਰਨਾ ਚਾਹੁੰਦਾ ਸੀ ਪਰ ਘਰ ਵਾਲੇ ਮੈਨੂੰ ਨੌਕਰੀ ਕਰਵਾ ਕੇ ਵਿਆਹੁਣ ਲਈ ਕਾਹਲੇ ਸਨ। ਉਨ੍ਹਾਂ ਦਾ ਮਾਣ ਰੱਖਣ ਲਈ ਮੈਂ ਇਕ ਸਾਲ ਪ੍ਰਾਈਵੇਟ ਸਕੂਲ ਵਿਚ ਨੌਕਰੀ ਕੀਤੀ ਪਰ ਅਗਲੇ ਸਾਲ ਫਿਰ ਕਾਲਜ



ਵਿਚ ਦਾਖ਼ਲਾ ਲੈ ਲਿਆ। ਕਾਲਜ ਵਿਚ ਮੇਰੇ ਸਾਥੀ ਮੈਨੂੰ ਮਾਸਟਰ ਜੀ ਕਹਿ ਕੇ ਬੁਲਾਉਂਦੇ ਸਨ। ਇਹ ਗੱਲ ਵਖਰੀ ਹੈ ਕਿ ਬੀ.ਐਡ. ਦੀ ਪੜ੍ਹਾਈ ਪੂਰੀ ਕਰ ਕੇ ਮੈਂ ਬੈਂਕ ਵਿਚ ਭਰਤੀ ਹੋ ਗਿਆ ਪਰ ਚਰਨ ਸਿੰਘ ਅਤੇ ਸਾਥੀ ਸਾਇੰਸ ਮਾਸਟਰ ਲੱਗ ਗਏ। ਚਰਨ ਸਿੰਘ ਦੇ ਪਰਿਵਾਰ ਕੋਲ ਚੰਗੀ ਜ਼ਮੀਨ ਸੀ। ਉਹ ਜ਼ਮੀਨ ਦਾ ਇਕੱਲਾ ਵਾਰਿਸ ਸੀ, ਕਿਉਂਕਿ ਇਕੋ-ਇਕ ਭੈਣ ਦਾ ਵਿਆਹ ਹੋ ਚੁੱਕਾ ਸੀ ਅਤੇ ਉਹ ਅਪਣੇ ਘਰ ਰਾਜ਼ੀ-ਖ਼ੁਸ਼ੀ ਸੀ। ਉਸ ਦੇ ਅਪਣੇ ਵਿਆਹ ਨੂੰ ਵੀ ਦਸ ਸਾਲ ਹੋ ਚੁੱਕੇ ਸਨ, ਪਰ ਕੋਈ ਸੰਤਾਨ ਨਾ ਹੋਣ ਕਰ ਕੇ ਉਸ ਨੇ ਅਪਣੀ ਭੈਣ ਦੀ ਧੀ ਨੂੰ ਅਪਣੀ ਧੀ ਬਣਾ ਕੇ ਘਰ ਲੈ ਆਂਦਾ। ਸ਼ਰੀਕ ਜਿਹੜੇ ਉਸ ਦੀ ਜ਼ਮੀਨ ਉਤੇ ਅੱਖ ਰੱਖੀ ਬੈਠੇ ਸਨ, ਇਸ ਗੱਲੋਂ ਡਾਹਢੇ ਔਖੇ ਸਨ। ਇਹ ਉਹ ਦਿਨ ਸਨ ਜਦੋਂ ਅਤਿਵਾਦ ਅਪਣੇ ਸਿਖਰਾਂ 'ਤੇ ਸੀ।

ਖਾੜਕੂ ਸਿੰਘ ਭਾਵੇਂ ਕਿਸੇ ਨੇਕ ਇਰਾਦੇ ਨਾਲ ਸਰਕਾਰ ਨਾਲ ਟੱਕਰ ਲੈਣ ਲਈ ਘਰੋਂ ਨਿਕਲੇ ਸਨ ਪਰ ਹੌਲੀ-ਹੌਲੀ ਉਨ੍ਹਾਂ 'ਚੋਂ ਬਹੁਤਿਆਂ ਨੇ ਆਮ ਲੋਕਾਂ ਵਿਚ ਦਹਿਸ਼ਤ ਫੈਲਾਉਣ ਨੂੰ ਹੀ ਆਪਣਾ ਧਰਮ ਬਣਾ ਲਿਆ ਹੋਇਆ ਸੀ, ਭਾਵੇਂ ਉਨ੍ਹਾਂ ਵਿਚ ਜ਼ਿਆਦਾਤਰ ਮੋਨੇ ਹੁੰਦੇ ਸਨ। ਇਕ ਦਿਨ ਅਪਣੇ-ਆਪ ਨੂੰ ਭਿੰਡਰਾਂਵਾਲੇ ਟਾਈਗਰ ਫੋਰਸ ਦੇ ਮੁਖੀ ਬਾਬਾ ਮਾਨੋਚਾਹਲ ਨਾਲ ਸਬੰਧਤ ਦੱਸਣ ਵਾਲੇ ਸੁਰਜੀਤ ਸਿੰਘ ਪੈਂਟਾ ਅਤੇ ਉਸਦੇ ਸੱਤ-ਅੱਠ ਸਾਥੀਆਂ ਨੇ ਅੱਧੀ ਰਾਤ ਚਰਨ ਸਿੰਘ ਨੂੰ ਆਣ ਦਬੋਚਿਆ। ਉਸ ਨੂੰ ਛੱਤ ਨਾਲ ਪੁੱਠਾ ਟੰਗਣ ਤੋਂ ਪਹਿਲਾਂ ਉਸ ਉੱਪਰ ਦੋਸ਼ ਲਾਇਆ ਕਿ ਉਹ ਗੁਰੂ ਗ੍ਰੰਥ ਸਾਹਿਬ ਨੂੰ ਇਕ ਕਿਤਾਬ ਦਸਦਾ ਹੈ ਅਤੇ ਸਕੂਲ ਵਿਚ ਬੱਚਿਆਂ ਨੂੰ ਨਾਸਤਕ ਬਣਾਉਂਦਾ ਹੈ। ਇਸ ਦੇ ਨਾਲ ਹੀ ਉਸ ਨੂੰ ਜਿਉਂਦੇ ਸਾੜ ਦੇਣ ਦੀ ਸਜ਼ਾ ਵੀ ਸੁਣਾ ਦਿਤੀ। ਦੋਹਾਂ ਜੀਆਂ ਨੇ ਬੜੇ ਤਰਲੇ ਕੀਤੇ, ਵਾਸਤੇ ਪਾਏ ਪਰ ਉਹ ਟੱਸ ਤੋਂ ਮੱਸ ਨਾ ਹੋਏ। ਇਕ ਪਾਸੇ ਉਸ ਦੇ ਸਿਰ ਹੇਠਾਂ ਬਾਲਣ ਦੀ ਢੇਰੀ ਲਾ ਦਿਤੀ ਅਤੇ ਦੂਜੇ ਪਾਸੇ ਉਸ ਦੀ ਪਤਨੀ ਨੂੰ ਚਾਹ ਬਣਾਉਣ ਦਾ ਹੁਕਮ ਸੁਣਾ ਦਿਤਾ। ਕੰਬਦੇ ਹੱਥਾਂ ਨਾਲ ਪਤਨੀ ਨੇ ਚਾਹ ਬਣਾਈ ਅਤੇ ਫਿਰ ਗਲ ਵਿਚ ਪੱਲਾ ਪਾ ਕੇ ਪਤੀ ਲਈ ਰਹਿਮ ਦੀ ਭੀਖ ਮੰਗੀ। ਉਨ੍ਹਾਂ ਦੇ ਇਨਕਾਰ ਕਰਨ ਤੇ ਜਪੁਜੀ ਸਾਹਿਬ ਦਾ ਪਾਠ ਪੂਰਾ ਹੋਣ ਤਕ ਦੀ ਮੋਹਲਤ ਮੰਗੀ। ਉਸ ਨੇ ਉੱਚੀ ਆਵਾਜ਼ ਵਿਚ ਇਸ ਆਸ ਨਾਲ ਪਾਠ ਕਰਨਾ ਸ਼ੁਰੂ ਕੀਤਾ ਕਿ ਸ਼ਾਇਦ ਪਾਠ ਸੁਣ ਕੇ ਹੀ ਉਨ੍ਹਾਂ ਦੇ ਹਿਰਦਿਆਂ ਵਿਚ ਰਹਿਮ ਆ ਜਾਵੇ। ਪਰ ਦੁਸ਼ਟਾਂ ਨੂੰ ਨਾ ਰਹਿਮ ਆਉਣਾ ਸੀ ਅਤੇ ਨਾ ਆਇਆ। ਪਾਠ ਦੇ ਭੋਗ ਪੈਣ 'ਤੇ ਉਨ੍ਹਾਂ ਨੇ ਬਾਲਣ ਦੇ ਢੇਰ ਨੂੰ ਲਾਂਬੂ ਲਾ ਦਿਤਾ। ਤੜਫ਼ਦੇ ਚਰਨ ਸਿੰਘ ਨੇ ਹਿੰਮਤ ਕਰ ਕੇ ਇਕ ਵਾਰੀ ਫਿਰ ਜਾਨ ਬਖਸ਼ੀ ਦੀ ਅਤੇ ਉਨ੍ਹਾਂ ਦੀ ਹਰ ਸ਼ਰਤ ਮੰਨਣ ਦੀ ਦੁਹਾਈ ਦਿਤੀ, ਪਰ ਉਨ੍ਹਾਂ ਉਤੇ ਕੋਈ ਅਸਰ ਨਾ ਹੋਇਆ। ਉਸ ਨੂੰ ਪੂਰੀ ਤਰ੍ਹਾਂ ਅੱਗ ਦੇ ਹਵਾਲੇ ਕਰ ਕੇ ਜਿਉਂ ਹੀ ਉਹ ਘਰੋਂ ਨਿਕਲਣ ਲੱਗੇ ਤਾਂ ਪਤਨੀ ਪਾਣੀ ਦੀ ਬਾਲਟੀ ਲੈਣ ਲਈ ਭੱਜੀ। ਖੜਕਾ ਸੁਣ ਕੇ ਜਮਦੂਤ ਵਾਪਸ ਮੁੜੇ ਅਤੇ ਮੱਧਮ ਹੋ ਰਹੀਆਂ ਅੱਗ ਦੀਆਂ ਲਪਟਾਂ ਉਪਰ ਹੋਰ ਨਾੜ ਸੁੱਟ ਦਿਤਾ। ਹੁਣ ਚਰਨ ਸਿੰਘ ਦੀ ਆਵਾਜ਼ ਬੰਦ ਹੋ ਚੁੱਕੀ ਸੀ ਅਤੇ ਪਤਨੀ ਸੁੰਨ ਹੋ ਚੁੱਕੀ ਸੀ। ਅਪਣੇ ਦੋਸਤ ਨੂੰ ਯਾਦ ਕਰਦਿਆਂ ਭਾਵੇਂ ਮੇਰੀਆਂ ਅੱਖਾਂ ਗਿੱਲੀਆਂ ਹੋ ਚੁੱਕੀਆਂ ਹਨ ਅਤੇ ਕੁੱਝ ਹੋਰ ਕਹਿਣ ਦੀ ਹਾਲਤ ਨਹੀਂ ਰਹੀ ਪਰ ਮੈਨੂੰ ਪੂਰੀ ਉਮੀਦ ਹੈ ਕਿ ਉਹ ਜ਼ਰੂਰ ਹੀ ਪਰਮਾਤਮਾ ਦੇ ਚਰਨਾਂ ਵਿਚ ਨਿਵਾਸ ਕਰ ਰਿਹਾ ਹੋਵੇਗਾ।

## ਸੰਪਾਦਕ ਦੀ ਡਾਕ

### ਅਧੂਰਾ ਸੱਚ ਵੀ ਖਤਰਨਾਕ!

ਸੰਪਾਦਕ ਜੀ,

ਇਸ ਵਾਰ ਦੇ 'ਪੰਜਾਬ ਟਾਈਮਜ਼' ਵਿਚ 'ਸਤਲੁਜ' ਫਿਲਮ 'ਤੇ ਲੱਗੇ ਬੈਨ ਬਾਰੇ ਆਮ ਚਰਚਾ ਹੈ। ਕਈ ਇਸ ਬੈਨ ਨੂੰ ਸੱਚ ਦਬਾਉਣ ਦਾ ਯਤਨ ਦੱਸ ਰਹੇ ਹਨ ਅਤੇ ਬਾਕੀ ਕੁਝ ਇਸ 'ਤੇ ਇਤਰਾਜ਼ ਕਰ ਰਹੇ ਹਨ ਕਿ ਇਸ ਵਿਚ ਦਿਖਾਇਆ ਸੱਚ ਇੱਕਤਰਫਾ ਹੈ। ਭਾਵ ਹਕੂਮਤ ਵੱਲੋਂ ਕੀਤਾ ਤਸ਼ੱਦਦ ਤਾਂ ਦਿਖਾ ਦਿੱਤਾ ਪਰ ਇਸ ਤਸ਼ੱਦਦ ਦਾ ਮੁੱਢ ਬੰਨ੍ਹਣ ਵਾਲਾ ਦਹਿਸ਼ਤਗਰਦੀ ਦਾ ਦੌਰ ਲੁਕੋ ਲਿਆ ਗਿਆ। ਜੇਕਰ ਸੱਚ ਸਾਮ੍ਹਣੇ ਲਿਆਉਣਾ ਹੀ ਹੈ ਤਾਂ ਦਹਿਸ਼ਤਗਰਦਾਂ ਵੱਲੋਂ ਕੀਤੇ ਅਣਮਨੁੱਖੀ ਕਾਰੇ ਕਿਉਂ ਨਜ਼ਰ-ਅੰਦਾਜ਼ ਕਰ ਦਿੱਤੇ ਗਏ। ਸੰਪਾਦਕ ਜੀ ਕੁਝ ਸਮਾਂ ਪਹਿਲਾਂ 'ਪੰਜਾਬ ਟਾਈਮਜ਼' ਦੇ ਇੱਕ ਅੰਕ ਵਿਚ ਪੰਜਾਬ ਦੇ ਕਾਲੇ ਦੌਰ ਵੇਲੇ ਦੀ ਇੱਕ ਘਟਨਾ ਦਾ ਜ਼ਿਕਰ ਛਪਿਆ ਸੀ ਜੋ ਇਸ ਘਟਨਾ ਨੂੰ ਨੇੜਿਉਂ ਜਾਨਣ ਵਾਲੇ ਕਿਸੇ ਸੱਜਣ ਨੇ ਲਿਖਿਆ ਸੀ। ਰਾਤ ਵੇਲੇ ਇੱਕ ਘਰ ਵਿਚ ਕੁਝ ਖਾੜਕੂ ਦਾਖਲ ਹੋ ਕੇ ਉਸ ਘਰ ਰਹਿੰਦੇ ਇੱਕ ਮਾਸਟਰ ਨੂੰ ਇਸ ਗੱਲ ਦੀ ਸਜ਼ਾ ਦੇਣਾ ਚਾਹੁੰਦੇ ਹਨ ਕਿ ਉਸ ਮਾਸਟਰ ਨੇ ਗੁਰੂ ਗ੍ਰੰਥ ਸਾਹਿਬ ਨੂੰ ਇੱਕ ਕਿਤਾਬ ਕਿਹਾ ਸੀ। ਮਾਸਟਰ ਦੀ ਘਰਵਾਲੀ ਦੇ ਤਰਲੇ ਅਤੇ ਮਾਸਟਰ ਦੁਆਰਾ ਮਾਫੀ ਮੰਗੇ ਜਾਣ ਦੇ ਬਾਵਜੂਦ ਉਹ ਬੇਰਹਿਮ ਦਹਿਸ਼ਤਗਰਦ ਮਾਸਟਰ ਨੂੰ ਪੱਖੇ ਨਾਲ ਉਲਟਾ ਲਟਕਾ ਸਿਰ ਥੱਲੇ ਅੱਗ ਬਾਲ ਪਤਨੀ ਦੇ ਸਾਮ੍ਹਣੇ ਉਸ ਨੂੰ ਜਿਉਂਦਾ ਸਾੜ ਦਿੰਦੇ ਹਨ। ਹੋ ਸਕੇ ਤਾਂ ਸੰਪਾਦਕ ਜੀ ਉਸ ਲਿਖਤ ਨੂੰ ਦੁਬਾਰਾ ਛਾਪਣ ਦੀ ਖੇਚਲ ਕਰਨਾ ਕਿਉਂਕਿ ਇਹ ਵੀ ਇਸ ਫਿਲਮ ਦਾ ਇੱਕ ਹਿੱਸਾ ਬਣਨੀ ਚਾਹੀਦੀ ਹੈ ਜੋ ਸੱਚ ਨਾਲ ਰੂਬਰੂ ਹੋਣ ਵਾਲਿਆਂ ਲਈ ਬੜੀ ਮਹੱਤਵਪੂਰਣ ਹੋ ਸਕਦੀ ਹੈ। ਪਿੱਛੇ ਜਿਹੇ ਇੱਕ ਸਕੂਲੀ ਬੱਚੇ ਨੇ ਆਪਣੀ ਅਧਿਆਪਕਾ ਨੂੰ ਦੱਸਿਆ ਕਿ ਇੰਦਰਾ ਗਾਂਧੀ ਨੇ ਅਕਾਲ ਤਖ਼ਤ ਢਾਇਆ ਸੀ। ਬੱਚੇ ਨੂੰ ਅਧੂਰੀ ਜਾਣਕਾਰੀ ਦੇ ਕੇ ਅਸੀਂ ਅਗਲੀ ਪੀੜ੍ਹੀ ਦਾ ਕੁਝ ਸੁਆਰ ਨਹੀਂ ਸਕਦੇ ਬਲਕਿ ਵਿਗਾੜਨ ਵੱਲ ਜ਼ਿਆਦਾ ਆਮਾਦਾ ਹਾਂ। ਸੱਚ ਜ਼ਰੂਰ ਸਾਮ੍ਹਣੇ ਆਉਣਾ ਚਾਹੀਦਾ ਹੈ ਪਰ ਅਧੂਰਾ ਅਤੇ ਇੱਕਪਾਸੜ ਨਹੀਂ।

**ਧੰਨਵਾਦ!-ਹਰਜੀਤ ਦਿਉਲ**

# ਮਹਾਨ ਸ਼ਹੀਦ ਜਥੇਦਾਰ ਗੁਰਦੇਵ ਸਿੰਘ ਕਾਉਂਕੇ

ਬਹੁਤ ਦੁੱਖ ਹੁੰਦਾ ਹੈ ਜਦੋਂ ਅੱਜ ਵੀ ਕੁਝ ਚੰਦ ਰਾਜਨੀਤਕ ਆਗੂ ਸੋਸ਼ਲ ਮੀਡੀਆ 'ਤੇ ਇਹ ਬਹਿਸ ਕਰਦੇ ਨਜ਼ਰ ਆਉਂਦੇ ਹਨ ਕਿ ਉਸ ਦੌਰ ਵਿਚ ਕਿੰਨੇ ਸਿੱਖ ਮਾਰੇ ਗਏ ਅਤੇ ਕਿੰਨੇ ਹਿੰਦੂ। ਕੋਈ 25 ਹਜ਼ਾਰ ਦੀ ਗੱਲ ਕਰਦਾ ਹੈ, ਕੋਈ 35 ਹਜ਼ਾਰ ਦੀ। ਇੱਥੋਂ ਤੱਕ ਕਿ ਕੁਝ ਲੋਕ ਇੱਕ ਭਾਈਚਾਰੇ ਨੂੰ ਉਕਸਾਉਣ ਵਾਲੀਆਂ ਅਪੀਲਾਂ ਵੀ ਕਰਦੇ ਹਨ।

ਪਰ ਅਸਲ ਗੱਲ ਅੰਕੜਿਆਂ ਦੀ ਨਹੀਂ ਹੈ। ਅਸਲ ਗੱਲ ਉਸ ਦੌਰ ਦੇ ਦਰਦ, ਤਸ਼ੱਦਦ ਅਤੇ

**ਡਾ. ਕਰਨਵੀਰ ਸਿੰਘ**
**ਫੋਨ: 99145-87904)**

ਮਨੁੱਖੀ ਜਾਨਾਂ ਦੇ ਨੁਕਸਾਨ ਦੀ ਹੈ। ਉਸ ਸਮੇਂ ਹਿੰਸਾ ਦਾ ਸ਼ਿਕਾਰ ਵੱਖ-ਵੱਖ ਧਰਮਾਂ ਅਤੇ ਵਰਗਾਂ ਨਾਲ ਸੰਬੰਧਤ ਲੋਕ ਹੋਏ। ਹਰ ਬੇਕਸੂਰ ਜਾਨ ਕੀਮਤੀ ਸੀ, ਅਤੇ ਹਰ ਪਰਿਵਾਰ ਦਾ ਦੁੱਖ ਇੱਕੋ ਜਿਹਾ ਸੀ।

ਇਹ ਵੀ ਪੰਜਾਬ ਦੀ ਤਾਕਤ ਹੈ ਕਿ ਇੱਥੋਂ ਦੇ ਹਿੰਦੂ, ਸਿੱਖ ਅਤੇ ਹੋਰ ਭਾਈਚਾਰਿਆਂ ਨੇ ਆਪਸੀ ਭਾਈਚਾਰੇ ਦੀ ਪਰੰਪਰਾ ਨੂੰ ਕਾਇਮ ਰੱਖਿਆ। ਪੰਜਾਬ ਦੇ ਲੋਕਾਂ ਨੇ ਵਾਰ-ਵਾਰ ਇਹ ਸਾਬਤ ਕੀਤਾ ਹੈ ਕਿ ਉਨ੍ਹਾਂ ਦੀ ਸਾਂਝ ਇੰਨੀ ਕਮਜ਼ੋਰ ਨਹੀਂ ਕਿ ਕੋਈ ਵੀ ਭੜਕਾਊ ਬਿਆਨ ਦੇ ਕੇ ਉਨ੍ਹਾਂ ਨੂੰ ਇੱਕ-ਦੂਜੇ ਦੇ ਖ਼ਿਲਾਫ਼ ਖੜ੍ਹਾ ਕਰ ਦੇਵੇ।

ਇਸੇ ਸੰਦਰਭ ਵਿਚ ਅਸੀਂ ਪੰਜਾਬ ਦੀ ਇੱਕ ਮਹੱਤਵਪੂਰਨ ਸ਼ਖਸੀਅਤ—ਸ਼੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਕਾਰਜਕਾਰੀ ਜੱਥੇਦਾਰ, ਜੱਥੇਦਾਰ ਗੁਰਦੇਵ ਸਿੰਘ ਕਾਉਂਕੇ ਜੀ—ਬਾਰੇ ਗੱਲ ਕਰਦੇ ਹਾਂ।

ਅਕਾਲ ਤਖ਼ਤ ਸਾਹਿਬ ਦਾ ਜੱਥੇਦਾਰ ਸਿਰਫ਼ ਇੱਕ ਅਹੁਦਾ ਨਹੀਂ, ਸਗੋਂ ਪੰਜਾਬ ਅਤੇ ਸਿੱਖ ਪੰਥ ਲਈ ਬਹੁਤ ਹੀ ਸਤਿਕਾਰਯੋਗ ਜ਼ਿੰਮੇਵਾਰੀ ਹੈ। ਇਸ ਅਹੁਦੇ ਨਾਲ ਜੁੜੀਆਂ ਸ਼ਖਸੀਅਤਾਂ ਦਾ ਸਤਿਕਾਰ ਪੰਜਾਬ ਦੇ ਅਨੇਕਾਂ ਲੋਕ ਕਰਦੇ ਹਨ, ਭਾਵੇਂ ਉਹ ਕਿਸੇ ਵੀ ਜਾਤ ਜਾਂ ਧਰਮ ਨਾਲ ਸੰਬੰਧਤ ਹੋਣ।

ਜੱਥੇਦਾਰ ਸਾਹਿਬ ਨਾਲ ਉਸ ਕਾਲੇ ਦੌਰ ਵਿਚ ਅਣਮਨੁੱਖੀ ਤਸਦੱਦ ਕੀਤਾ ਗਿਆ, 3 ਦਿਨ ਉਲਟਾ ਲਟਕਾ ਕੇ ਰੱਖਿਆ ਗਿਆ, ਜਿਸ ਕਾਰਨ ਸਿਰ ਵਿਚ ਖ਼ੂਨ ਦਾ ਦਬਾਅ ਇਨਾ ਜ਼ਿਆਦਾ ਵੱਧ ਹੋਇਆ ਕਿ ਇਕ ਅੱਖ ਬਾਹਰ ਨਿਕਲ ਗਈ, ਇਨਾ ਜ਼ਿਆਦਾ ਕੁੱਟਿਆ ਗਿਆ ਕਿ ਸਾਰਾ ਸ਼ਰੀਰ ਨੀਲੇ ਰੰਗ ਦਾ ਹੋ ਗਿਆ ਸੀ। ਜਦੋਂ ਬਾਬਾ ਘਾਲਾ ਜੀ ਨੂੰ ਜਦੋਂ ਪਤਾ ਲਗਿਆ, ਉਹ ਪੁਲਿਸ ਸਟੇਸ਼ਨ ਜਾਂਦੇ ਹਨ ਅਤੇ ਅੰਦਰ ਦੇਖਦੇ ਹਨ ਕਿ ਇੱਕ ਵਿਅਕਤੀ ਜ਼ਮੀਨ 'ਤੇ ਬੈਠਾ ਹੈ ਅਤੇ ਉਸਦੇ ਪੈਰ ਕੰਨਾਂ ਨਾ਼ਲ ਲੱਗੇ ਹੋਏ ਹਨ, ਜਦੋਂ ਉਹ ਉੱਥੇ ਪੁੱਛਣ ਦੀ ਕੋਸ਼ਿਸ਼ ਕਰਦੇ ਹਨ, ਉਨ੍ਹਾਂ ਨੂੰ ਪੁਲੀਸ ਸਟੇਸ਼ਨ ਤੋਂ ਬਾਹਰ ਕੱਢ ਦਿੱਤਾ ਜਾਂਦਾ ਹੈ, ਅਤੇ ਉਹ ਜੱਥੇਦਾਰ ਗੁਰਦੇਵ ਸਿੰਘ ਹੁੰਦੇ ਹਨ। ਬਾਅਦ ਵਿਚੋਂ ਉਨ੍ਹਾਂ ਨੂੰ ਸ਼ਹੀਦ ਕਰ ਦਿੱਤਾ ਜਾਂਦਾ ਹੈ, ਅਤੇ ਪੁਲਿਸ ਵਲੋਂ ਉਨ੍ਹਾਂ ਨੂੰ ਭਗੌੜਾ ਦਸਿਆ ਜਾਂਦਾ ਹੈ।

ਜਥੇਦਾਰ ਗੁਰਦੇਵ ਸਿੰਘ ਕਾਉਂਕੇ ਜੀ ਦਾ ਜੀਵਨ ਅਤੇ ਉਨ੍ਹਾਂ ਨਾਲ ਵਾਪਰੀਆਂ ਘਟਨਾਵਾਂ ਪੰਜਾਬ ਦੇ ਇਤਿਹਾਸ ਦਾ ਇੱਕ ਮਹੱਤਵਪੂਰਨ ਅਧਿਆਇ ਹਨ। ਉਨ੍ਹਾਂ ਦੇ ਲਾਪਤਾ ਹੋਣ ਅਤੇ ਮੌਤ ਨਾਲ ਜੁੜੇ ਮਾਮਲੇ ਨੇ ਸਾਲਾਂ ਤੋਂ ਨਿਆਂ, ਜਵਾਬਦੇਹੀ ਅਤੇ ਮਨੁੱਖੀ ਅਧਿਕਾਰਾਂ ਬਾਰੇ ਗੰਭੀਰ ਸਵਾਲ ਖੜ੍ਹੇ ਕੀਤੇ ਹਨ। ਇਸ ਮਾਮਲੇ ਬਾਰੇ ਵੱਖ-ਵੱਖ ਜਾਂਚਾਂ ਅਤੇ ਮਨੁੱਖੀ ਅਧਿਕਾਰ ਸੰਬੰਧੀ ਰਿਪੋਰਟਾਂ ਵਿਚ ਵੀ ਚਰਚਾ ਕੀਤੀ ਗਈ ਹੈ।



### ਬੀ.ਪੀ. ਤਿਵਾੜੀ ਰਿਪੋਰਟ: ਕੀ ਸਾਹਮਣੇ ਆਇਆ?

ਪੰਜਾਬ ਸਰਕਾਰ ਨੇ 1998 ਵਿਚ ਜਥੇਦਾਰ ਗੁਰਦੇਵ ਸਿੰਘ ਕਾਉਂਕੇ ਦੇ ਲਾਪਤਾ ਹੋਣ ਅਤੇ ਕਥਿਤ ਗੈਰ-ਨਿਆਂਇਕ ਹੱਤਿਆ ਦੇ ਦੋਸ਼ਾਂ ਦੀ ਜਾਂਚ ਲਈ ਉਸ ਵੇਲੇ ਦੇ ਐਡੀਸ਼ਨਲ ਡਾਇਰੈਕਟਰ ਜਨਰਲ ਆਫ਼ ਪੁਲਿਸ (ਸਿਕਿਉਰਿਟੀ) ਬੀ.ਪੀ. ਤਿਵਾੜੀ ਨੂੰ ਜਾਂਚ ਸੌਂਪੀ। ਉਨ੍ਹਾਂ ਨੇ 27 ਜੁਲਾਈ 1999 ਨੂੰ ਆਪਣੀ ਰਿਪੋਰਟ ਸਰਕਾਰ ਨੂੰ ਸੌਂਪ ਦਿੱਤੀ।

**ਰਿਪੋਰਟ ਦੇ ਮੁੱਖ ਨੁਕਤੇ:**

- ਰਿਪੋਰਟ ਨੇ ਪੁਲਿਸ ਵੱਲੋਂ ਪੇਸ਼ ਕੀਤੀ ਗਈ ਗ੍ਰਿਫ਼ਤਾਰੀ ਅਤੇ ਹਿਰਾਸਤ ਵਿਚੋਂ ਫ਼ਰਾਰ ਹੋਣ ਦੀ ਕਹਾਣੀ 'ਤੇ ਗੰਭੀਰ ਸਵਾਲ ਉਠਾਏ।
- ਜਾਂਚ ਵਿਚ ਕਿਹਾ ਗਿਆ ਕਿ ਉਪਲਬਧ ਸਬੂਤਾਂ ਦੇ ਆਧਾਰ 'ਤੇ ਇਹ ਸਪੱਸ਼ਟ ਹੁੰਦਾ ਹੈ ਕਿ ਜਥੇਦਾਰ ਕਾਉਂਕੇ ਨੂੰ 25 ਦਸੰਬਰ 1992 ਨੂੰ ਘਰ ਤੋਂ ਪੁਲਿਸ ਹਿਰਾਸਤ ਵਿਚ ਲਿਆ ਗਿਆ ਅਤੇ ਉਹ ਮੁੜ ਘਰ ਨਹੀਂ ਪਰਤੇ।
- ਰਿਪੋਰਟ ਵਿਚ ਪੁਲੀਸ ਵੱਲੋਂ ਗੈਰ-ਕਾਨੂੰਨੀ ਹਿਰਾਸਤ ਅਤੇ ਰਿਕਾਰਡਾਂ ਵਿਚ ਹੇਰਾਫੇਰੀ ਦੇ ਦੋਸ਼ਾਂ ਤਹਿਤ ਐਫ.ਆਈ.ਆਰ. ਦਰਜ ਕਰਨ ਦੀ ਸਿਫ਼ਾਰਸ਼ ਕੀਤੀ ਗਈ ਅਤੇ ਹੋਰ ਅਧਿਕਾਰੀਆਂ ਦੀ ਭੂਮਿਕਾ ਦੀ ਜਾਂਚ ਕਰਨ ਲਈ ਵੀ ਕਿਹਾ ਗਿਆ।
- ਰਿਪੋਰਟ ਨੇ ਇਹ ਵੀ ਦਰਸਾਇਆ ਕਿ ਪੁਲਿਸ ਰਿਕਾਰਡਾਂ ਅਤੇ ਅਧਿਕਾਰੀਆਂ ਦੇ ਬਿਆਨਾਂ ਵਿਚ ਕਈ ਵਿਰੋਧਾਭਾਸ ਸਨ।

**ਰਿਪੋਰਟ ਜਨਤਕ ਕਿਉਂ ਨਹੀਂ ਹੋਈ?**

1999 ਵਿਚ ਸਰਕਾਰ ਨੂੰ ਸੌਂਪੇ ਜਾਣ ਦੇ ਬਾਵਜੂਦ ਇਹ ਰਿਪੋਰਟ ਲੰਬੇ ਸਮੇਂ ਤੱਕ ਜਨਤਕ ਨਹੀਂ ਕੀਤੀ ਗਈ।

ਗੰਭੀਰਤਾ ਨਾਲ ਵਿਚਾਰ ਕਰਨ ਵਾਲਾ ਵਿਸ਼ਾ ਕਿ ਸਾਡੇ ਜੱਥੇਦਾਰ ਸਾਹਿਬ ਦੀ ਇਹ ਰਿਪੋਰਟ ਜਨਤਕ ਕਿਉਂ ਨਹੀਂ ਕੀਤੀ ਗਈ ਅਤੇ ਕੀ ਖ਼ਤਰਾ ਸੀ ਇਸ ਨਾਲ, ਲੋਕਾਂ ਨੂੰ ਇੱਕ ਸ਼ਹੀਦ ਕੀਤੇ ਹੋਏ ਅਕਾਲ ਤਖਤ ਦੇ ਜੱਥੇਦਾਰ ਨੂੰ ਭਗੌੜਾ ਦਸਿਆ ਗਿਆ। ਇਹ ਕਾਲਿਖ ਪੰਜਾਬ ਦੇ ਮੱਥੇ ਉੱਪਰ ਜਾਣ ਬੁੱਝ ਕੇ ਮਲੀ ਗਈ।

ਦਸੰਬਰ 2023 ਵਿਚ ਪੰਜਾਬ ਹਿਊਮਨ ਰਾਈਟਸ ਆਰਗੇਨਾਈਜ਼ੇਸ਼ਨ (PHRO) ਨੇ ਅਤੇ ਜਸਟਿਸ ਅਜੀਤ ਸਿੰਘ ਬੈਂਸ ਅਤੇ ਐਡਵੋਕੇਟ ਸਰਬਜੀਤ ਸਿੰਘ ਵੇਰਕਾ ਇਸ ਰਿਪੋਰਟ ਨੂੰ ਜਨਤਕ ਕੀਤਾ, ਜਿਸ ਤੋਂ ਬਾਅਦ ਇਹ ਵਿਆਪਕ ਚਰਚਾ ਵਿਚ ਆਈ।

**ਮੌਜੂਦਾ ਸਥਿਤੀ**

ਰਿਪੋਰਟ ਸਾਹਮਣੇ ਆਉਣ ਤੋਂ ਬਾਅਦ ਜਥੇਦਾਰ ਕਾਉਂਕੇ ਦੇ ਪਰਿਵਾਰ ਵੱਲੋਂ ਪੁਲਿਸ ਅਧਿਕਾਰੀਆਂ ਖ਼ਿਲਾਫ਼ ਸ਼ਿਕਾਇਤਾਂ ਕੀਤੀਆਂ ਗਈਆਂ ਅਤੇ ਮਾਮਲੇ ਵਿਚ ਕਾਨੂੰਨੀ ਕਾਰਵਾਈ ਦੀ ਮੰਗ ਕੀਤੀ ਗਈ। ਹਾਲਾਂਕਿ, ਇਹ ਮਾਮਲਾ ਅਜੇ ਵੀ ਅਦਾਲਤੀ ਅਤੇ ਜਾਂਚੀ ਪ੍ਰਕਿਰਿਆ ਨਾਲ ਜੁੜਿਆ ਹੋਇਆ ਹੈ ਅਤੇ ਅੰਤਿਮ ਨਿਆਂਇਕ ਨਤੀਜਾ ਅਜੇ ਤੱਕ ਸਾਹਮਣੇ ਨਹੀਂ ਆਇਆ।

ਇਤਿਹਾਸ ਨੂੰ ਜਾਣਨ ਦਾ ਮਕਸਦ ਕਿਸੇ ਭਾਈਚਾਰੇ ਪ੍ਰਤੀ ਨਫ਼ਰਤ ਪੈਦਾ ਕਰਨਾ ਨਹੀਂ, ਸਗੋਂ ਸੱਚ ਨੂੰ ਸਮਝਣਾ, ਪੀੜਤਾਂ ਦੀ ਯਾਦ ਦਾ ਸਤਿਕਾਰ ਕਰਨਾ ਅਤੇ ਇਹ ਯਕੀਨੀ ਬਣਾਉਣਾ ਹੈ ਕਿ ਭਵਿੱਖ ਵਿਚ ਅਜਿਹੀਆਂ ਦੁਖਦਾਈ ਘਟਨਾਵਾਂ ਦੁਬਾਰਾ ਨਾ ਵਾਪਰਨ। ਹੁਣ ਪੰਜਾਬੀਆਂ ਨੂੰ ਸਿਰ ਜੋੜ ਕੇ ਬੈਠਣ ਦੀ ਜਰੂਰਤ ਹੈ।

ਪੰਜਾਬ ਦੀ ਧਰਤੀ ਨੇ ਸਾਨੂੰ ਭਾਈਚਾਰਾ, ਸਾਂਝ ਅਤੇ ਇਨਸਾਨੀਅਤ ਦਾ ਸੰਦੇਸ਼ ਦਿੱਤਾ ਹੈ। ਆਓ, ਅਸੀਂ ਇਤਿਹਾਸ ਨੂੰ ਇਮਾਨਦਾਰੀ ਨਾਲ ਪੜ੍ਹੀਏ, ਸੱਚ ਨੂੰ ਜਾਣੀਏ ਅਤੇ ਨਿਆਂ ਅਤੇ ਆਪਸੀ ਸਤਿਕਾਰ ਦੀ ਸੋਚ ਨੂੰ ਅੱਗੇ ਵਧਾਈਏ।

# ਦੀਵੇ ਦੀ ਲੋਅ ਤੇ ਬ.ਲਦਾ ਲਹੂ

ਬਚਪਨ ਵਿਚ ਸਾਡੇ ਘਰ ਇਕ ਕਾਲੇ ਰੰਗ ਦਾ ਦੀਵਾ ਹੁੰਦਾ ਸੀ। ਇਸਦਾ ਅਕਾਰ ਗੋਲ, ਉਪਰ ਬੱਤੀ ਲਈ ਪਤਲੀ ਨੋਜ਼ਲ ਤੇ ਉਸਦੇ ਵਿਚ ਗਰਾਰੀ ਹੁੰਦੀ ਸੀ, ਜਿਸਨੂੰ ਡੰਡੀ ਵਾਲੀ ਫਿਰਕੀ ਨਾਲ ਘੁਮਾਇਆ ਜਾਂਦਾ ਸੀ ਤਾਂ ਜੋ ਬੱਤੀ ਹੇਠਾਂ ਉਪਰ ਕਰਕੇ ਲੋਅ ਵੱਧ-ਘੱਟ ਕੀਤੀ ਜਾ ਸਕੇ। ਇਸ ਨਾਲ ਲੋੜ ਮੁਤਾਬਕ ਲੋਅ ਕਰਕੇ ਤੇਲ ਬੇਕਾਰ ਬਲਣੋਂ ਬਚਾਇਆ ਜਾ ਸਕਦਾ ਸੀ।

ਬੇਸ਼ਕ ਹੁਣ ਉਹ ਦੀਵਾ ਨਵੇਂ ਘਰ ਦੀ ਭੇਟ ਚੜ੍ਹ ਗਿਆ ਹੈ। ਕਿਉਂਕਿ ਮੇਰੇ ਭਤੀਜੇ ਦੇ ਮਨ ਵਿਚ ਅਮਰੀਕਾ ਦਾ ਭੂਤ ਸਵਾਰ ਹੋ ਗਿਆ ਸੀ ਤੇ ਉਸਦੇ ਮਨ ਵਿਚ ਘਰ ਦੀ ਹਰ ਪੁਰਾਣੀ ਚੀਜ਼ ਦਾ ਮੋਹ ਭੰਗ ਹੋ ਗਿਆ ਸੀ। ਇਸ ਲਈ ਘਰ ਦੀਆਂ ਕਿੰਨੀਆਂ ਹੀ ਯਾਦਾਂ ਉਸਨੇ ਭੰਗ ਦੇ ਭਾਅ ਰੋਲ ਦਿਤੀਆਂ। ਪਰ ਉਹ ਦੀਵਾ ਮੇਰੇ ਮਨ ਵਿਚ ਅੱਜ ਵੀ ਉਸੇ ਤਰ੍ਹਾਂ ਬਲਦਾ ਹੈ, ਜਿਵੇਂ ਕੱਲ੍ਹ ਦੀ ਗੱਲ ਹੋਵੇ।

ਬੇਸ਼ਕ ਉਦੋਂ ਸਾਰੇ ਕੰਮ ਦਿਨੇ-ਦਿਨੇ ਮੁਕਾ ਲਏ ਜਾਂਦੇ, ਫਿਰ ਵੀ ਰਾਤ ਨੂੰ ਘਰੇ ਦੀਵਾ ਜਗਾਉਣਾ ਸ਼ੁਭ ਸਮਝਿਆ ਜਾਂਦਾ

**ਅਵਤਾਰ ਸਿੰਘ (ਪ੍ਰੋ.)**
ਫੋਨ: +91-94175-18384

ਤੇ ਸੌਣ ਵੇਲੇ ਹੀ ਬੁਝਾਇਆ ਜਾਂਦਾ। ਪਰ ਅਸੀਂ ਆਪਣੇ ਸਕੂਲ ਦਾ ਕੰਮ ਵੀ ਇਸ ਦੀਵੇ ਦੀ ਲੋਅ ਵਿਚ ਕਰਦੇ ਸਾਂ ਤੇ ਕਈ ਵਾਰੀ ਕੁਝ ਸੋਚਦੇ ਹੋਏ ਦੇਰ ਤਕ ਇਸਦੀ ਲਾਟ ਵੱਲ ਦੇਖਦੇ ਰਹਿੰਦੇ। ਲਾਟ ਨੂੰ ਲਗਾਤਾਰ ਦੇਖਦੇ ਹੋਏ ਮਨ ਵਿਚ ਵੀ ਇਕ ਲਾਟ ਬਲਣ ਲੱਗ ਪੈਂਦੀ।


ਵੱਡੇ ਹੋਇਆਂ ਪਤਾ ਲੱਗਿਆ ਕਿ ਸਾਡੇ ਪੂਰਵਜ ਰਿਸ਼ੀ-ਮੁਨੀ ਵੀ ਧੂਣੀ ਬਾਲ ਕੇ ਲਗਾਤਾਰ ਅੱਗ ਦੀ ਲਾਟ ਦੇਖਦੇ ਰਹਿੰਦੇ ਸਨ। ਲਾਟ ਨੂੰ ਦੇਖਦਿਆਂ ਉਨ੍ਹਾਂ ਦੇ ਮਨ ਵਿਚ ਵੀ ਇਕ ਲਾਟ ਬਲਣ ਲਗ ਪੈਂਦੀ। ਇਹ ਲਾਟ ਉਹ ਵਿਚਾਰ ਸਨ, ਜਿਨ੍ਹਾਂ ਨੂੰ ਕ੍ਰਿਸ਼ਨ ਦਵਾਇਪਨ ਨੇ ਚਾਰ ਹਿੱਸਿਆਂ ਵਿਚ ਵੰਡਿਆ। ਇਹੀ ਉਹ ਚਾਰ ਵੇਦ ਹਨ, ਜਿਨ੍ਹਾਂ ਦਾ ਜਨਮ ਲਾਟ ਨੂੰ ਲਗਾਤਾਰ ਦੇਖਦੇ ਰਹਿਣ ਨਾਲ ਹੋਇਆ। ਵੇਦ ਬਾਣੀ ਰਿਚਾਵਾਂ ਵਿਚ ਹੈ ਤੇ ਰਿਚਾ ਦਾ ਅਰਥ ਵੀ ਦੀਵੇ ਦੀ ਲੋਅ ਜਾਂ ਲਾਟ ਹੀ ਹੈ।

ਸਾਡੇ ਘਰ ਦਾ ਦੀਵਾ ਸਾਡੀਆਂ ਅੱਖਾਂ ਦਾ ਤਾਰਾ ਸੀ। ਕਿਉਂਕਿ ਜਿੰਨਾ ਲਗਾਤਾਰ ਟਿਕਟਿਕੀ ਲਾ ਕੇ ਅਸੀਂ ਇਸਨੂੰ ਦੇਖਿਆ, ਸ਼ਾਇਦ ਏਨਾ ਹੋਰ ਕੁਝ ਨਹੀਂ ਦੇਖਿਆ। ਕਦੇ-ਕਦੇ ਅਸੀਂ ਵੀ ਆਪਣੇ ਸਕੂਲ ਦਾ ਕੰਮ ਦਿਨ ਵੇਲੇ ਹੀ ਮੁਕਾ ਲੈਂਦੇ ਤੇ ਰਾਤ ਨੂੰ ਅਸੀਂ ਤਿੰਨੇ ਭਾਈ ਆਪਣੇ ਸਿਲੇਬਸ ਦੀਆਂ ਕਿਤਾਬਾਂ ਵਿਚੋਂ ਕੁਝ ਨਾ ਕੁਝ ਪੜ੍ਹ ਕੇ ਪਿਤਾ ਜੀ ਨੂੰ ਸੁਣਾਉਂਦੇ। ਖਾਸ ਤੌਰ ਪਰ ਸਰਦੀਆਂ ਦੀਆਂ ਲੰਮੀਆਂ ਰਾਤਾਂ ਨੂੰ ਸਾਡੇ ਘਰ ਦੇਰ ਤੱਕ ਦੀਵਾ ਬਲਦਾ।

ਜਦ ਮੇਰਾ ਵੱਡਾ ਭਾਈ ਨੌਵੀਂ ਵਿਚ ਸੀ, ਉਸਤੋਂ ਛੋਟਾ ਸੱਤਵੀਂ ਵਿਚ ਤੇ ਮੈਂ ਪੰਜਵੀਂ ਵਿਚ ਸੀ ਤਾਂ ਪੰਜਾਬ ਸਕੂਲ ਸਿੱਖਿਆ ਬੋਰਡ ਨੇ ਉਦੋਂ ਨੌਵੀਂ ਤੇ ਦਸਵੀਂ ਨੂੰ ਗਿਆਨੀ ਭਜਨ ਸਿੰਘ ਦਾ 'ਗਗਨ ਦਮਾਮਾ ਬਾਜਿਓ' ਨਾਵਲ ਲਗਾਇਆ ਹੋਇਆ ਸੀ। ਮੈਨੂੰ ਯਾਦ ਹੈ ਕਿ ਵੱਡੇ ਭਾਈ ਨੇ ਇਹ ਨਾਵਲ ਲਗਾਤਾਰ ਕਈ ਰਾਤਾਂ ਵਿਚ ਪੜ੍ਹ ਕੇ ਸੁਣਾਇਆ ਸੀ। ਅਸਲ ਵਿਚ ਸਾਡੇ ਘਰ ਵਿਚ ਇਹ ਸਾਹਿਤ ਦਾ ਸਹਿਜ ਪਾਠ ਹੀ ਸੀ ਜੋ ਰਾਤ ਪਈ

'ਤੇ ਦੀਵੇ ਦੀ ਲੋਅ ਵਿਚ ਹੁੰਦਾ। ਇਸ ਨਾਵਲ ਦੇ ਪੰਨਾ 54 'ਤੇ ਇਕ ਬਿਰਤਾਂਤ ਅਜਿਹਾ ਹੈ, ਜੋ ਮੈਨੂੰ ਕਦੇ ਨਹੀਂ ਭੁੱਲਿਆ।

ਇਸ ਵਿਚ ਇਕ ਹਿੰਦੂ ਬਾਪ ਹੈ, ਜਿਸਦਾ ਬੇਟਾ ਸਿੱਖ ਹੋ ਕੇ ਜਥੇ ਵਿਚ ਸ਼ਾਮਿਲ ਹੋ ਗਿਆ ਹੈ। ਉਹ ਹਕੂਮਤ ਨਾਲ ਲੜ ਰਿਹਾ ਹੈ ਤੇ ਹਕੂਮਤ ਉਸਦੇ ਮਗਰ ਲੱਗੀ ਹੋਈ ਹੈ। ਉਹ ਅਕਸਰ ਘਰੋਂ ਬਾਹਰ ਰਹਿੰਦਾ ਹੈ। ਇਥੋਂ ਤਕ ਕਿ ਉਹ ਆਪਣੀ ਭੈਣ ਦੇ ਫੇਰਿਆਂ 'ਤੇ ਵੀ ਮਸਾਂ ਪੁੱਜਦਾ ਹੈ। ਬੇਸ਼ਕ ਅਗਲੇ ਦਿਨ




ਉਸਦਾ ਆਪਣਾ ਵਿਆਹ ਸੀ। ਪਰ ਸਵੇਰੇ-ਸਵੇਰੇ ਉਸਨੂੰ ਕਿਸੇ ਮੁਹਿੰਮ ਲਈ ਸੱਦਾ ਆ ਜਾਂਦਾ ਹੈ ਤਾਂ ਉਹ ਚਲਾ ਜਾਂਦਾ ਹੈ। ਫਿਰ ਅਚਾਨਕ ਅਫਵਾਹ ਫੈਲ ਜਾਂਦੀ ਹੈ ਕਿ ਉਸਨੂੰ ਮਾਰ ਦਿਤਾ ਗਿਆ ਹੈ। ਇਹ ਸੁਣ ਕੇ ਬਾਪ ਵਿਚਾਰਾ ਨੀਮ ਪਾਗਲ ਹੋ ਜਾਂਦਾ ਹੈ ਤੇ ਅੱਧੀ ਰਾਤ ਨੂੰ ਉਠ-ਉਠ ਕੇ ਆਪਣੇ ਦਿਲ ਦੇ ਟੁਕੜੇ ਨੂੰ ਅਵਾਜ਼ਾਂ ਮਾਰਨ ਲਗਦਾ ਹੈ।

'ਕਰਤਾਰ ਆ ਗਿਆ ਏਂ, ਪੁੱਤਰ ਆ ਗਿਆ ਏਂ?' ਇਹ ਕਹਿੰਦਾ ਤਾਰਾ ਚੰਦ ਸੁੱਤਾ ਪਿਆ ਉਠ ਬੈਠਾ। ਕੇਸਰੋ ਨੇ ਝਟ-ਪਟ ਉਠ ਕੇ ਦੀਵੇ ਦੀ ਬੱਤੀ ਉਚੀ ਕੀਤੀ ਤੇ ਹੈਰਾਨੀ ਨਾਲ ਪੁੱਛਿਆ, 'ਕੀ ਹੋਇਆ ਜੇ, ਸੁਪਨਾ ਪਏ ਦੇਖਦੇ ਸੀ?'

'ਕਰਤਾਰ ਆ ਗਿਆ ਏ, ਹੈਂ। ਚਲਾ ਚਲਿਆ ਏਂ, ਠਹਿਰ ਤਾਂ ਸਹੀ।' ਇਹ ਕਹਿੰਦਾ ਤਾਰਾ ਚੰਦ ਦਰਵਾਜ਼ੇ ਵੱਲ ਭੱਜਾ। ਡਿਉਢੀ ਦਾ ਸ਼ਤੀਰ ਕੁਝ ਕਮਜ਼ੋਰ ਸੀ ਜਿਸ ਕਾਰਨ ਉਸ ਥੱਲੇ ਥੰਮ੍ਹੀ ਦਿੱਤੀ ਹੋਈ ਸੀ। ਤਾਰਾ ਚੰਦ ਨੇ ਥੰਮ੍ਹੀ ਨੂੰ ਜੱਫਾ ਪਾ ਲਿਆ ਤੇ ਇਹੀ ਕਹੀ ਗਿਆ ਕਿ ਕਰਤਾਰ ਤੈਨੂੰ ਜਾਣ ਨਹੀਂ ਦੇਣਾ, ਹੁਣ ਤੂੰ ਜਾ ਨਹੀਂ ਸਕਦਾ।

ਪਹਿਲਾਂ ਤਾਂ ਕੇਸਰੋ ਨੂੰ ਇਹੀ ਭੁਲੇਖਾ ਰਿਹਾ ਕਿ ਤਾਰਾ ਚੰਦ ਨੇ ਸੁਪਨਾ ਦੇਖਿਆ ਹੈ ਤੇ ਉਸ ਕਾਰਨ ਘਬਰਾ ਉਠੇ ਹਨ ਪਰ ਥੰਮ੍ਹੀ ਨੂੰ ਜੱਫਾ ਪਾਈ ਤਾਰਾ ਚੰਦ ਲਗਾਤਾਰ ਕਹੀ ਗਿਆ ਤੇ ਕੇਸਰੋ ਦੀ ਕਿਸੇ ਗੱਲ ਦਾ ਉਤਰ ਨਾ ਦਿੱਤਾ ਤਾਂ ਉਹਨੂੰ ਸ਼ੱਕ ਪੈ ਗਿਆ ਕਿ ਇਸਦੇ ਦਿਮਾਗ 'ਤੇ ਅਸਰ ਹੋ ਗਿਆ ਹੈ ਤੇ ਹੁਣ ਇਹ ਪਾਗਲ ਹੋ ਗਿਆ ਹੈ।'

ਉਸ ਵੇਲੇ ਬਲਦੇ ਦੀਵੇ ਦੀ ਲੋਅ ਨਾਵਲ ਦੇ ਵਰਕਿਆਂ ਤਕ ਹੀ ਪੁਜਦੀ ਸੀ ਤੇ ਸਾਡੇ ਕੰਨਾਂ ਤਕ ਤਾਂ ਸਿਰਫ ਨਾਵਲ ਦਾ ਬਿਰਤਾਂਤ ਹੀ ਪੁਜਦਾ, ਜਿਸਨੂੰ ਸੁਣ ਕੇ ਮੇਰੇ ਮਨ ਵਿਚ ਇਸ ਤਰ੍ਹਾਂ ਦੇ ਬਿੰਬ ਬਣਦੇ, ਜਿਵੇਂ ਮੇਰੇ ਸਾਹਮਣੇ ਫਿਲਮ ਚੱਲਦੀ



ਹੋਵੇ। ਅਜ ਤਕ ਯਾਦ ਹੈ, ਜਿਸ ਦਿਨ ਵੱਡੇ ਭਾਈ ਨੇ ਉਕਤ ਬਿਰਤਾਂਤ ਪੜ੍ਹਿਆ ਸੀ, ਉਦੋਂ ਅਸੀਂ ਸਾਰੇ ਹੀ ਰੋ ਰਹੇ ਸਾਂ। ਪਿਤਾ ਜੀ ਦੀ ਉਦਾਸੀ, ਮਾਂ ਦੀਆਂ ਸਿਸਕੀਆਂ, ਵੱਡੇ ਭਾਈ ਦੇ ਥਿੜਕਦੇ ਬੋਲ ਤੇ ਸਾਡੀ ਛੋਟੇ ਦੋ ਭਰਾਵਾਂ ਦੀ ਚੁੱਪ ਦੱਸਦੀ ਕਿ ਦਰਦ ਕੀ ਹੁੰਦਾ ਹੈ ਤੇ ਦੁਖਾਂਤ ਕਿਸਨੂੰ ਕਹਿੰਦੇ ਹਨ। ਅਸੀਂ ਸਦਮੇ ਦੇ ਅਹਿਸਾਸ ਵਿਚ ਡੁੱਬ ਜਾਂਦੇ।

ਇਸ ਨਾਵਲ ਵਿਚੋਂ ਅਜਿਹੇ ਬਿਰਤਾਂਤ ਪੜ੍ਹਦਿਆਂ ਵੱਡੇ ਭਾਈ ਦੇ ਸਾਹ ਤੇਜ਼ ਹੋ ਜਾਂਦੇ ਤਾਂ ਦੀਵਾ ਬੁਝਣ ਨੂੰ ਕਰਦਾ। ਇਸ ਤਰ੍ਹਾਂ ਲਗਦਾ ਜਿਵੇਂ ਦੀਵੇ ਕੋਲੋਂ ਵੀ ਇਹ ਬਿਰਤਾਂਤ ਸੁਣਿਆ ਨਾ ਜਾ ਰਿਹਾ ਹੋਵੇ। ਮੈਨੂੰ ਤਾਂ ਇੰਜ ਲੱਗਣ ਲੱਗ ਪੈਂਦਾ, ਜਿਵੇਂ ਦੀਵੇ ਦੀ ਲੋਅ ਗਿਆਨੀ ਭਜਨ ਸਿੰਘ ਆਪ ਹੀ ਹੋਵੇ ਤੇ ਉਹੀ ਸਾਨੂੰ ਆਪਣਾ ਨਾਵਲ ਪੜ੍ਹ ਕੇ ਸੁਣਾ ਰਿਹਾ ਹੋਵੇ ਤੇ ਅਕਹਿ ਦਰਦ ਕਾਰਣ ਉਸਤੋਂ ਵੀ ਪੜ੍ਹਿਆ ਨਾ ਜਾ ਰਿਹਾ ਹੋਵੇ। ਮੇਰੇ ਲਈ ਦੀਵੇ ਦੀ ਲੋਅ, ਗਿਆਨੀ ਭਜਨ ਸਿੰਘ ਤੇ ਆਪਣੇ ਵੱਡੇ ਭਾਈ ਵਿਚ ਫਰਕ ਕਰਨਾ ਮੁਸ਼ਕਲ ਹੋ ਜਾਂਦਾ। ਕਿਉਂਕਿ ਇਸ ਨਾਵਲ ਵਿਚ ਅਜਿਹੇ ਅਨੇਕ ਵਾਕਿਆਤ ਹਨ, ਜਿਥੇ ਸਾਹ ਰੁਕ ਜਾਂਦਾ ਹੈ, ਅੱਖਾਂ ਅੱਗੇ ਹਨੇਰਾ ਛਾ ਜਾਂਦਾ ਹੈ, ਕੰਨ ਸੁਣਨਾ ਬੰਦ ਕਰ ਦਿੰਦੇ ਹਨ, ਮਨ ਸੁੰਨ ਹੋ ਜਾਂਦਾ ਤੇ ਤਨ ਦਾ ਪਤਾ ਹੀ ਨਹੀਂ ਲਗਦਾ ਕਿ ਹੈ ਵੀ!

ਗਿਆਨੀ ਭਜਨ ਸਿੰਘ ਦੇ ਸਾਰੇ ਨਾਵਲ ਇਤਿਹਾਸ ਨਾਲ ਸਬੰਧਤ ਹਨ। ਇਸ ਨਾਵਲ ਵਿਚ ਉਸਨੇ ਇਤਿਹਾਸ ਦੇ ਉਸ ਦੌਰ ਨੂੰ ਚਿਤਰਿਆ ਹੈ, ਜਦ ਮੁਗਲ ਹਕੂਮਤ ਸਿਖਾਂ ਦਾ ਨਾਮੋ ਨਿਸ਼ਾਨ ਮੇਟ ਦੇਣਾ ਚਾਹੁੰਦੀ ਸੀ। ਕਿਉਂਕਿ ਸਿੱਖ ਉਦੋਂ ਮੁਗਲ ਹਕੂਮਤ ਦੇ ਵਿਰੁੱਧ ਮਨੁਖਤਾ ਦੀ ਲੜਾਈ ਲੜ ਰਹੇ ਸਨ। ਹੋ ਸਕਦਾ ਹੈ ਸਿਖ ਸੱਚ-ਮੁੱਚ ਹੀ ਖਤਮ ਹੋ ਜਾਂਦੇ, ਜੇ ਉਦੋਂ ਹਿੰਦੂ ਸਮਾਜ ਆਪਣੇ ਪਰਿਵਾਰ ਵਿਚ ਵੱਡੇ ਬੇਟੇ ਨੂੰ ਸਿਖ ਬਣਾਉਣ ਦੀ ਪਿਰਤ ਨਾ ਪਾਉਂਦਾ।

ਇਸ ਨਾਵਲ ਵਿਚ ਦੱਸਿਆ ਹੈ ਕਿ ਜਦ ਹਿੰਦੂ ਪਰਿਵਾਰ ਆਪਣੇ ਬੱਚੇ ਨੂੰ ਸਿੱਖ ਬਣਾ ਦਿੰਦੇ ਸਨ ਤਾਂ ਉਨ੍ਹਾਂ ਨਾਲ ਕੀ ਗੁਜ਼ਰਦੀ ਸੀ। ਇਕ ਆਪਣੇ ਬੱਚੇ ਦਾ ਦੁਖ ਤੇ ਦੂਜੀ ਹਕੂਮਤ ਦੀ ਤੱਦੀ ਸਹਿਣੀ ਪੈਂਦੀ। ਇਥੋਂ ਤਕ ਕਿ ਹਕੂਮਤ ਵਲੋਂ ਉਸ ਪਰਿਵਾਰ ਦੇ ਘਰਾਂ ਦਾ ਨੁਕਸਾਨ ਕੀਤਾ ਜਾਂਦਾ, ਬਜ਼ੁਰਗਾਂ ਦੀ ਬੇਹੁਰਮਤੀ ਤੇ ਨੌਜਵਾਨ ਧੀਆਂ-ਭੈਣਾਂ ਤੇ ਨੂਹਾਂ ਦੀ ਸ਼ਰੇਆਮ ਪੱਤ ਰੋਲੀ ਜਾਂਦੀ।

ਨਾਵਲ ਪੜ੍ਹਦਿਆਂ ਇਤਿਹਾਸ ਦੇ ਉਸ ਮਾਰੂ ਦੌਰ ਵਿਚ ਸਿੱਖਾਂ ਦੀ ਹਾਲਤ ਦਾ ਇਥੋਂ ਪਤਾ ਲਗਦਾ ਹੈ ਕਿ ਜਦ ਤਾਰਾ ਚੰਦ ਆਪਣੀ ਧੀ ਦੀ ਡੋਲੀ ਤੋਰਨ ਲੱਗੇ ਕੁੜਮ ਨੂੰ ਕਹਿੰਦਾ ਹੈ ਕਿ ਸਵੇਰੇ ਇਨ੍ਹਾਂ ਨੂੰ ਜਲਦੀ ਭੇਜ ਦੇਣਾ ਤਾਂ ਜੋ ਬੇਟੇ ਦੀ ਬਰਾਤ ਸਮੇਂ ਸਿਰ ਤੁਰ ਸਕੇ ਤਾਂ ਕੁੜਮ ਹੈਰਾਨ ਹੋ ਕੇ ਪੁੱਛਦਾ ਹੈ, 'ਸਿੱਖ ਦਾ ਵਿਆਹ ਕਰਨਾ ਜੇ!' ਇਹ ਵਾਕੰਸ਼ ਦੱਸਦਾ ਹੈ ਕਿ ਉਸ ਵੇਲੇ ਸਿਖ ਦੇ ਵਿਆਹ ਦਾ ਕੀ ਅਰਥ ਸੀ।

ਪੰਜਵੀ ਵਿਚ ਪੜ੍ਹਦਿਆਂ ਰਾਤ ਦੇ ਹਨੇਰੇ ਵਿਚ ਸੁਣੇ ਅਤੇ ਕਲਪਣਾ ਦੀ ਅੱਖ ਨਾਲ ਦੇਖੇ ਹੋਏ ਇਸ ਨਾਵਲ ਦੇ ਭਾਵ ਮੇਰੇ ਦਿਲ ਵਿਚ ਛੁਪੇ ਹੋਏ ਹਨ। ਜਦ ਕੋਈ ਮੂਰਖ ਸਿੱਖ ਮਿਹਣੇ ਮਾਰਦਾ ਹੈ ਕਿ ਸਿੱਖਾਂ ਨੇ ਹਿੰਦੂਆਂ ਦੀਆਂ ਇੱਜ਼ਤਾਂ ਬਚਾਈਆਂ ਤਾਂ ਮੈਂ ਸੋਚਦਾ ਹੈ ਕਿ ਜੇ ਹਿੰਦੂ ਪਰਿਵਾਰ ਦਾ ਬੱਚਾ ਸਿੱਖ ਬਣ ਕੇ ਆਪਣੇ ਮਾਂ ਬਾਪ ਦੀ ਇੱਜ਼ਤ ਤੇ ਆਪਣੀ ਧੀ-ਭੈਣ ਦੀ ਪੱਤ ਬਚਾਉਂਦਾ ਸੀ ਤਾਂ ਕੀ ਉਹ ਆਪਣੇ ਪਰਿਵਾਰ 'ਤੇ ਅਹਿਸਾਨ ਕਰਦਾ ਸੀ? ਉਹ ਸਿਖ ਕਿਤੇ ਅੱਜ ਹੋਣ ਤਾਂ ਮਿਹਣੇ ਮਾਰਨ ਵਾਲਿਆਂ ਨੂੰ ਲੱਖ-ਲੱਖ ਲਾਹਣਤਾਂ ਪਾਉਣ ਤੇ ਆਪਣੇ ਨੇੜੇ ਨਾ ਆਉਣ ਦੇਣ।

ਕਿਉਂਕਿ ਉਸ ਵੇਲੇ ਜੋ ਅਹਿਸਾਨ ਹਿੰਦੂ ਸਮਾਜ ਨੇ ਕੀਤਾ ਹੈ ਉਸਦਾ ਦੇਣਾ ਤਾਂ ਦਿੱਤਾ ਹੀ ਨਹੀਂ ਜਾ ਸਕਦਾ। ਉਨ੍ਹਾਂ ਨੇ ਉਸ ਵੇਲੇ ਆਪਣੇ ਬੱਚਿਆਂ ਨੂੰ ਸਿੱਖ ਬਣਾਇਆ, ਜਦ ਸਿੱਖਾਂ ਦੇ ਸਿਰਾਂ ਦੇ ਮੁੱਲ ਪੈਂਦੇ ਸਨ। ਇਸ ਲਈ ਮਿਹਣੇ ਮਾਰਨ ਵਾਲੇ ਲੋਕਾਂ ਨੂੰ ਗਿਆਨੀ ਭਜਨ ਸਿੰਘ ਦਾ ਇਹ ਨਾਵਲ ਪੜ੍ਹਨਾ ਚਾਹੀਦਾ ਹੈ। ਫਿਰ ਪਤਾ ਲੱਗੇਗਾ ਕਿਸਨੇ ਕਿਸ ਦੀ ਇੱਜ਼ਤ ਬਚਾਈ। ਉਸ ਸਮੇਂ ਸਿੱਖ ਬਣਨ ਤੇ ਅੱਜ ਸਿੱਖ ਬਣਨ ਵਿਚ ਜ਼ਮੀਨ ਅਸਮਾਨ ਦਾ ਫਰਕ ਹੈ। ਜੇ ਉਸ ਸਮੇਂ ਹਿੰਦੂ ਪਰਿਵਾਰ ਆਪਣੇ ਬੱਚਿਆਂ ਨੂੰ ਸਿੱਖ ਨਾ ਬਣਾਉਂਦੇ ਤਾਂ ਇਤਿਹਾਸ ਹੋਰ ਹੋਣਾ ਸੀ।

ਜਦ ਮੈਂ ਅੱਜ ਆਪਣੇ ਘਰ ਬਲਦੇ ਦੀਵੇ ਦੀ ਲੋਅ ਨੂੰ ਯਾਦ ਕਰਦਾ ਹਾਂ ਤਾਂ ਮੈਂ ਸੋਚਦਾ ਹਾਂ ਕਿ ਉਹ ਲਾਟ ਸੱਚ ਦੀ ਹੈ, ਜਿਸਦੀ ਲੋਅ ਵਿਚ ਸੱਚ ਸਮਝ ਆਉਂਦਾ ਹੈ। ਇਸ ਲੋਅ ਦਾ ਕੋਈ ਧਰਮ ਨਹੀਂ ਤੇ ਨਾ ਹੀ ਕੋਈ ਜਾਤ ਜਾਂ ਗੋਤ ਹੈ। ਇਹ ਮਨੁਖਤਾ ਦਾ ਸੱਚ ਹੈ, ਜਿਸ ਵਿਚ ਮਨੁਖਤਾ ਨੇ ਆਪਣਾ ਲਹੂ ਬਾਲਿਆ ਤੇ ਮਨੁਖਤਾ ਦਾ ਲਹੂ ਨਾ ਕਿਸੇ ਨੂੰ ਮਿਹਣੇ ਮਾਰਦਾ ਨਾ ਸੁਣਦਾ ਹੈ।

## ਕਾਵਿ-ਕਿਆਰੀ

### *ਦਰਦੀਲੀ ਦਾਸਤਾਂ*

ਨਾ ਖੱਟਿਆ ਕੁਝ ਬੇਲਿਹਾਜ਼ ਜੱਗ ਅੰਦਰ,
ਬੱਸ ਬੰਦਾ ਖੁਦੀ ਦਾ ਹੀ ਭਰਮ ਪਾਲਦਾ ਰਿਹਾ।

ਗੱਲ ਤਾਂ ਮੁਕਾ ਦਿੰਦੇ ਨੇ ਲਿਆ ਕੇ ਨਸੀਬ 'ਤੇ,
ਕੋਈ ਐਸ਼ ਕਰਦਾ ਕੋਈ ਜਫ਼ਰ ਜਾਲਦਾ ਰਿਹਾ।

ਡੋਲ੍ਹਦਾ ਰਿਹਾ ਪਸੀਨਾ ਸਿਖਰ ਦੁਪਹਿਰ ਕੋਈ,
ਸੜਦਾ ਟਿੱਬਿਆਂ ਵਿਚ ਮੌਤ ਨੂੰ ਭਾਲਦਾ ਰਿਹਾ।

ਮਿਲੀ ਕੀਮਤ ਨਾ ਫਸਲ ਦੀ ਜਦੋਂ ਮੰਡੀ ਅੰਦਰ,
ਪੀ ਕੇ ਖੂਨ ਦੇ ਹੰਝੂ ਵਕਤ ਟਾਲਦਾ ਰਿਹਾ।

ਲੁੱਟਦਾ ਬੰਦਾ ਹੈ ਪਰ ਗਿਲਾ ਕਰੇ ਰੱਬ ਉਤੇ,
ਭੰਬਲਭੂਸੇ ਵਿਚ ਹੀ ਡੰਗ ਸਾਰਦਾ ਰਿਹਾ।

ਤੰਗੀਆਂ ਤੁਰਸ਼ੀਆਂ ਵਿਚ ਸਾਰੀ ਜੂਨ ਲੰਘੀ,
ਫ਼ੋਕੀ ਟੋਹਰ 'ਚ ਫੁੰਕਾਰੇ ਜੱਟ ਮਾਰਦਾ ਰਿਹਾ।

ਰਹਿੰਦੀ ਗਿੱਲਤ ਗਾਲ'ਤੀ ਲੰਡੂ ਗੀਤਕਾਰਾਂ,
ਨੱਚਦਾ ਨਸ਼ੇ 'ਚ ਲਲਕਾਰੇ ਮਾਰਦਾ ਰਿਹਾ।

ਖਰਚੇ ਵਧਾਏ ਵਿਆਹਾਂ ਦੀ ਝੂਠੀ ਸ਼ਾਨ ਖਾਤਿਰ,
ਕਰਜ਼ਾ ਸ਼ਾਹਾਂ-ਬੈਂਕਾਂ ਦਾ 'ਵਾਜਾਂ ਮਾਰਦਾ ਰਿਹਾ।

ਅੱਜਕਲ੍ਹ ਅੰਧੇ ਤੋਂ ਵੱਧ ਕਿਸਾਨ ਕੰਗਾਲ ਹੋਏ ਨੇ,
ਬੇੜਾ ਆਰ ਦਾ ਰਿਹਾ ਨਾ ਬੇੜਾ ਪਾਰ ਦਾ ਰਿਹਾ।

ਵੋਟਾਂ ਨੇੜੇ ਆਈਆਂ ਨੇਤਾ ਹੁਣ ਲਾਣ ਕੁੰਡੀਆਂ,
ਸੁਣ ਕੇ ਝੂਠੇ ਲਾਰੇ ਸਦਾ ਛਾਲਾਂ ਮਾਰਦਾ ਰਿਹਾ।

ਵੋਟ ਦੇਣ ਵੇਲੇ ਨਾ ਸੋਚੇ ਨਾ ਵਿਚਾਰ ਕਰੇ ਕਦੇ,
ਅੰਨ੍ਹੇਵਾਹ ਜਾਤ-ਪਾਤ ਧਰਮ ਪਾਲਦਾ ਰਿਹਾ।

ਪੰਜ ਸਾਲ ਬਾਅਦ ਆਉਂਦੇ ਖਸਮ ਨਵੇਂ,
ਬਣ ਕੇ ਸ਼ਾਤਰ ਨਵੇਂ ਮੁੱਦੇ ਉਭਾਰਦਾ ਰਿਹਾ।

ਸਮਝ ਸਕਿਆ ਨਾ ਚਾਲ ਭੋਲਾ ਬਾਦਸ਼ਾਹ,
ਪਾ ਵੋਟਾਂ ਚੰਗੇ ਭਵਿੱਖ ਨੂੰ 'ਵਾਜਾਂ ਮਾਰਦਾ ਰਿਹਾ।

*-ਸੇਵਾ ਸਿੰਘ 'ਨੂਰਪੁਰੀ'*

---

### *ਸਤਲੁਜ*

ਕੁੱਝ ਸੱਚ ਕਦੇ ਸਾਹਮਣੇ ਨਾ ਆਵਣ
ਜੇ ਕੋਈ ਪਰਦਾ ਪਾਸੇ ਕਰ ਨਾ ਦਿਖਾਵੇ
ਸਤਲੁੱਜ ਨੂੰ ਦੇਖ ਕੇ ਰੌਂਗਟੇ ਖੜ੍ਹ ਗਏ
ਸਮਝ ਇਹ ਹੁਣ ਹਰ ਬਾਸ਼ਿੰਦੇ ਨੂੰ ਆਵੇ।

ਜਸਵੰਤ ਸਿੰਘ ਜੀ ਨੇ ਪਰਵਾਹ ਨਾ ਕਰਦੇ ਹੋਏ
ਹਜ਼ਾਰਾਂ ਅਣਪਛਾਤਿਆਂ ਲਈ ਕੱਲੇ ਹੀ ਤੁਰੇ,
ਇੰਨ੍ਹਾ ਤਾਕਤਵਰ, ਨਾਮੁਰੀਦਾਂ ਭੈੜਿਆਂ ਦੇ ਕਰਕੇ
ਮੁੜ ਵਾਪਸ ਆਪਣੇ ਪਰਿਵਾਰ ਵੱਲ ਨਾ ਮੁੜੇ।

ਬਥੇਰੀਆਂ ਤਾਕਤਾਂ ਨੇ ਇਸ ਸੱਚ ਨੂੰ ਹਨੇਰੇ ਵਿਚ
ਰੱਖਣ ਦੀ ਕੋਸ਼ਿਸ਼ ਤੇ ਬਾਖੂਬੀ ਕਰਨ ਦੀ ਕੀਤੀ,
ਪਰ ਅੱਜ ਦੇ ਨੌਜੁਆਨ ਤੇ ਸੋਸ਼ਲ ਮੀਡੀਆ ਕਰਕੇ
ਜਗ ਸਾਹਮਣੇ ਆ ਗਈ ਓਹ 95 ਦੀ ਆਪ-ਬੀਤੀ।

ਕਲਾਕਾਰਾਂ ਨੇ ਹਾਲਾਤਾਂ ਦਾ ਜਾਮਾ ਪਾਕੇ ਜੋ ਸਭਨੂੰ
ਸੱਚ ਦਾ ਰੂਪ ਦਿਖਾਇਆ ਹੈ ਅੱਜ ਦੇ ਸਮੇਂ ਵਿਚ,
ਹੁਣ ਨਹੀਂ ਲੱਗਦਾ ਓਹਨਾ ਕਾਤਲਾਂ ਦੇ ਪਰਿਵਾਰਾਂ ਨੂੰ
ਕੋਈ ਨਾ ਬਿਠਾਉ ਤੇ ਨਾ ਨਿਭਾਉ ਕਿਸੇ ਸੱਥ ਵਿਚ।

ਨਹੀਂ ਰੀਸਾਂ ਦਿਲਜੀਤ ਸਿਆਂ ਤੇਰੀ ਵੇ ਸ਼ੇਰਾ
ਸੱਚੀ ਰੌਂਗਟੇ ਖੜ੍ਹ ਉੱਤੋਂ ਅੱਖਾਂ ਨਮ ਕਰ ਗਿਆ,
ਤੇਰੀ ਪਛਾਣ ਯਾਰਾ ਰਹਿੰਦੀ ਦੁਨੀਆ ਤੱਕ ਦੀ
ਧਰੂਵ ਤਾਰੇ ਵਰਗਾ ਆਹੁਦਾ ਤੇਰਾ ਚੜ ਗਿਆ।

ਇਹ ਕੱਲੇ ਤਰਨ-ਤਾਰਨ ਤੇ ਹਰੀਕੇ ਦਾ ਹੀ ਨਹੀਂ
ਸਗੋਂ ਸਿਸਟਮ ਦਾ ਵੀ ਸੱਚ ਸਾਹਮਣੇ ਆਇਆ,
ਜੇ ਉਸ ਵੇਲੇ ਸੋਸ਼ਲ ਮੀਡੀਆ ਜਾਂ ਸਤਰਕਤਾ ਹੁੰਦੀ
ਤਾਂ ਓਹ ਨਾ ਹੁੰਦਾ ਜਿੰਨੇ ਹੋਕੇ ਕਹਿਰ ਮਚਾਇਆ।

ਜੇ ਕਿਤੋਂ ਸਿੱਖਣ ਨੂੰ ਮਿਲੇ ਤਾਂ ਜ਼ਰੂਰ ਸਿੱਖੋ
ਕੋਈ ਮੁੱਲ ਨਹੀਂ ਹੈ ਇਸ ਸਿਖਲਾਈ ਦਾ,
ਚੀਜ਼ਾਂ ਨੂੰ ਦੇਖ ਕੇ ਵੀ ਸਿੱਖਿਆ ਜਾ ਸਕਦਾ
ਜ਼ਰੂਰੀ ਨਹੀਂ ਹਰ ਵੇਲੇ ਠੋਕਰ ਖਾਈ ਦਾ।

ਦਿਲੋਂ, ਕਲਮ ਰਾਹੀਂ ਜਿੱਥੇ ਸ਼ੁਕਰਾਨਾ ਕਰਦਾ
ਓਥੇ ਪੰਜਾਬ ਦੇ ਨੌਜੁਆਨਾਂ ਨੂੰ ਸਲਾਹ ਦੇਵੇ,
ਨਸ਼ਿਆਂ 'ਤੋਂ ਬਚੋ ਤੇ ਮਿਹਨਤ ਸਿਰੇ ਦੀ ਕਰੋ
ਤਾਂ ਜੋ ਕਿਸੇ ਵੀ ਪੁੱਤ ਲਈ ਮਾਂ-ਪਿਓ ਨਾ ਰੋਵੇ

ਇੱਕ ਗੱਲ ਸਮਝ ਦੇ ਪਰੇ ਜਿਹੀ ਲੱਗੇ ਸਭ ਨੂੰ
ਕੀ ਸਰਕਾਰਾਂ ਨੇ ਇਸ 'ਤੇ ਪਾਬੰਦੀ ਕਿਉਂ ਲਾਈ,
ਹੋਰਨਾਂ ਵਿਚ ਤਾਂ ਗੰਦ-ਮੰਦ ਤੇ ਮਾਰ ਕੁੱਟ ਦਿਖਾਂਦੇ
ਇਸ ਨੇ ਤਾਂ ਵਕਤ ਨਾਲ ਦੱਬੀ ਪੀੜ੍ਹ ਸਾਂਵੇਂ ਆਈ।

ਇਹ ਕੱਲੀ ਫਿਲਮ ਨਹੀਂ ਇੱਕ ਬਿਰਤਾਂਤ ਹੈ
ਜਿੰਨ੍ਹੇ ਪਤਾ ਨਹੀਂ ਕਿੰਨ੍ਹਾਂ ਸਮਾਂ ਲੰਘਾਇਆ,
ਹਰ ਆਮ ਮਨੁੱਖ ਦੀ ਹੋਂਦ ਵਿਚ ਆਉਣ ਲਈ
ਸਬਰ ਦਾ ਬੰਨ੍ਹ ਟੁੱਟ ਕੇ ਹੁਣ ਹੜ੍ਹ ਲਿਆਇਆ।

*-ਅਵਤਾਰ ਸਿੰਘ ਢਿੱਲੋਂ (ਅੰਬਰਸਰੀਆ)*

---

### *Messi, Messi ਆ*


ਖਰਾ ਫੋਰਡ ਟਰੈਕਟਰ ਵੀ, ਪਰ ਧੱਕੜ, ਮੈਸੀ ਆ
ਬੜੇ ਸਟਾਰ ਹੋਏ, ਪਰ Messi, Messi ਆ
ਅੱਖ ਬਾਜ਼ਾਂ ਵਰਗੀ ਆ
ਵਾਂਗ ਹਿਰਨਾਂ, ਭੱਜਦਾ ਏ
ਜਾ ਵਾਂਗ ਗੋਲੀਆਂ ਦੇ
ਹਿੱਕਾਂ ਵਿੱਚ, ਵੱਜਦਾ ਏ
ਕੰਮ ਖਿੱਚੀ ਫਿਰਦਾ ਏ
ਲੋਹੇ ਦੀ, ਚੈਸੀ ਆ
ਅੰਤ ਮੈਰਾਡੋਨਾ ਸੀ
ਪਰ Messi, Messi ਆ।
ਅੱਥਰਾ ਘੋੜਾ ਏ
ਇਹ ਲੰਬੀਆਂ ਰੇਸਾਂ ਦਾ
ਉਹਦੇ 'ਤੇ ਅਸਰ ਨਹੀਂ
ਕੋਈ ਉਮਰ ਵਰੇਸਾਂ ਦਾ
ਲੰਬਾ ਚਿਰ, ਤਣੇ ਰਹਿਣਾ
ਇਹ ਸੌਖਾ ਨੀ ਹੁੰਦਾ
ਸਦਾ ਟੌਪਰ, ਬਣੇ ਰਹਿਣਾ
ਕਦੇ ਸੌਖਾ ਨੀ ਹੁੰਦਾ
ਜੁੱਸੇ ਵਿਚ ਜੋਸ਼ ਉਹਦੇ
ਪੈਰਾਂ ਵਿਚ ਜਾਦੂ ਏ
ਸਦਾ ਐਟੀਆਂ 'ਤੇ
ਉਹ ਰਹਿੰਦਾ, ਦਾਬੂ ਏ
Soccer ਦੀ ਦੁਨੀਆ ਦਾ
ਉਹ Goat ਕਹਾਉਂਦਾ ਏ
ਜਰਸੀ, ਦਸ ਨੰਬਰ ਦੀ
ਉਹ ਤਾਂਹੀ ਪਾਉਂਦਾ ਏ
ਉਹ ਉੱਡਣੇ ਨਾਗ ਜਿਹਾ
ਬੜਾ ਅਟੈਕੀ ਆ।
ਪੈਲੇ ਵੀ ਵਧੀਆ ਸੀ, ਪਰ Messi, Messi ਆ
ਅੰਤ ਰਿਨਾਲਡੋ ਏ, ਪਰ Messi, Messi ਆ

*-ਕੁਲਵੀਰ ਸਿੰਘ ਡਾਨਸੀਵਾਲ*

# ਇਹੁ ਜਨਮੁ ਤੁਮਹਾਰੇ ਲੇਖੇ !

## ਕਿਸ਼ਤ - 18

**ਪੰਜਾਬੀ ਸਾਹਿਤ ਨੂੰ ਕਨਦਾਰ ਤੇ ਯਾਦਗਾਰੀ ਕਹਾਣੀਆਂ ਅਤੇ ਇਕ ਨਿੱਗਰ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਦੇਣ ਵਾਲੇ ਪਿੰਡ ਪਿਥੋ ਦੇ ਜੰਮਪਲ ਅਤੇ ਆਪਣੀ ਬਹੁਤੀ ਹਯਾਤੀ ਮੁਲਕ ਦੀ ਰਾਜਧਾਨੀ ਦਿੱਲੀ ਵਿਚ ਲੰਘਾਉਣ ਵਾਲੇ ਮਿਸਾਲੀ ਲਿਖਾਰੀ ਗੁਰਬਚਨ ਸਿੰਘ ਭੁੱਲਰ ਦਾ ਪੰਜਾਬੀ ਸਾਹਿਤ ਜਗਤ ਵਿਚ ਆਪਣਾ ਰੰਗ ਹੈ। ਉਨ੍ਹਾਂ ਆਪਣੇ ਪਲੇਠੇ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਨਾਲ ਇਕੋ ਡਗੇ 'ਤੇ ਪਿੰਡ ਲੁੱਟਣ ਵਰਗਾ ਕ੍ਰਿਸ਼ਮਾ ਵੀ ਕੀਤਾ ਹੈ। ਇਸ ਨਾਵਲ (ਜੋ ਅੰਮ੍ਰਿਤਾ ਪ੍ਰੀਤਮ ਦੇ ਜੀਵਨ 'ਤੇ ਆਧਾਰਿਤ ਹੈ) ਨਾਲ ਉਨ੍ਹਾਂ ਸਾਹਿਤਕ ਹਲਕਿਆਂ ਵਿਚ ਵਾਹਵਾ ਹਲਚਲ ਮਚਾਈ ਸੀ। ਨਾਵਲ ਦੀ 18ਵੀਂ ਕਿਸ਼ਤ 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਹਾਜ਼ਰ ਹੈ। -ਸੰਪਾਦਕ**




ਲਹਿਰਾਂ ਨਿਹਾਰ ਰਹੀ ਜਗਦੀਪ ਨੇ ਬਾਕੀ ਸਾਰੀਆਂ ਗੱਲਾਂ ਛੱਡ ਕੇ ਸੋਢੀ ਦੀ ਆਖ਼ਰੀ ਗੱਲ ਨਾਲ ਸੁਖ ਦਾ ਲੰਮਾ ਸਾਹ ਲਿਆ! ਉਹਨੇ ਦੂਰੋਂ ਉਠੀ ਪਹਿਲੀਆਂ ਲਹਿਰਾਂ ਤੋਂ ਕੁਝ ਉਚੇਰੀ ਇਕ ਲਹਿਰ ਉਤੇ ਨਜ਼ਰ ਟਿਕਾਈ ਤੇ ਫ਼ੈਸਲਾ ਕੀਤਾ, ਸ਼ੁੱਕਰਵਾਰ ਨੂੰ ਜਦੋਂ ਜਾਵੇਗੀ, ਉਹ ਚੋਪੜਾ ਜੀ ਵਰਗੇ ਪਾਰਖੂ ਵਾਸਤੇ ਆਪਣੀ ਕਹਾਣੀ 'ਤੂੰ ਹੀ ਤਾਂ ਹੈਂ' ਲੈ ਕੇ ਜਾਵੇਗੀ। ਨਾਲੇ ਹਿੰਦੀ ਵਿਚ ਅਨੁਵਾਦ ਹੋ ਕੇ ਨਾਂ ਹੋਰ ਵੀ ਸੋਹਣਾ ਹੋ ਜਾਵੇਗਾ, 'ਯਿਹ ਹਲਕੀ ਰੌਸ਼ਨੀ'। ਮੇਰੀ ਇਹ ਕਹਾਣੀ ਸੋਢੀ ਦੀ 'ਮੋਹੇ ਅੰਗ ਲਗਾ ਲੋ' ਤੋਂ ਕਿਸੇ ਵੀ ਤਰ੍ਹਾਂ ਘੱਟ ਨਹੀਂ ਹੋਣ ਲੱਗੀ! ਮਾਪੇ, ਸਹੁਰੇ, ਪਤੀ, ਔਲਾਦ, ਰਿਸ਼ਤੇਦਾਰੀਆਂ, ਦੋਸਤੀਆਂ, ਸਮਾਜ...ਸਮੇਂ-ਸਮੇਂ ਅਨੇਕ ਲਛਮਣ-ਕਾਰਾਂ ਵਿਚ ਘਿਰੀ ਰਹੀ ਇਕ ਇਸਤਰੀ ਅੰਗਿਆਰ ਵਾਂਗ ਮਘਦੀ ਜਵਾਨੀ ਦੀ ਥਾਂ ਗਿੱਲੀ ਲੱਕੜ ਵਾਂਗ ਬੁਝ-ਬੁਝ, ਬਲ-ਬਲ, ਧੂੰਆਂ ਛੱਡ-ਛੱਡ ਧੁਖਦੀ ਜਵਾਨੀ ਭੋਗ ਕੇ



ਗੁਰਬਚਨ ਸਿੰਘ ਭੁੱਲਰ
ਫੋਨ:+91 8076363058
bhullargs@gmail.com

ਤੀਹਵਿਆਂ ਵਿਚ ਪਹੁੰਚਦੀ ਹੈ ਤਾਂ ਸਭ ਬੰਧਨ, ਸਭ ਲਛਮਣਕਾਰਾਂ, ਸਭ ਸੰਕੋਚਾਂ ਤਿਆਗ ਕੇ ਮੁਕਤ ਹੋਣ ਵਾਸਤੇ ਸੰਘਰਸ਼ ਕਰਦੀ ਹੈ ਤੇ...। ਤੇ ਐਨ ਇਸ ਮੌਕੇ ਉਸ ਲਹਿਰ ਨੇ ਸਾਹਿਲ ਨੂੰ ਪ੍ਰਾਪਤ ਕਰ ਲਿਆ! ਉਹਨੂੰ ਫੁਰਨਾ ਫੁਰਿਆ, ਕਿਉਂ ਨਾ ਇਸ ਕਹਾਣੀ ਦੀ ਫ਼ਿਲਮ ਦੀ ਨਾਇਕਾ ਉਹ ਆਪ ਬਣੇ! ਪਰਦੇ ਉੱਤੇ ਤੇ ਲੋਕਾਂ ਦੇ ਦਿਲਾਂ ਉੱਤੇ ਰਾਜ ਕਰ ਰਹੀਆਂ ਅਨੇਕ ਹੀਰੋਇਨਾਂ ਨਾਲੋਂ ਉਹ ਅੱਜ ਵੀ ਵੱਧ ਖ਼ੂਬਸੂਰਤ ਦਿਸਦੀ ਹੈ। ਤੀਹਵਿਆਂ ਨੂੰ ਪਾਰ ਕਰ ਰਹੀ ਹੋਣ ਦੇ ਬਾਵਜੂਦ ਕੋਈ ਉਹਨੂੰ ਤੀਹ ਨੂੰ ਢੁੱਕੀ ਨਹੀਂ ਸੀ ਕਹਿ ਸਕਦਾ! ਫੇਰ ਕਹਾਣੀ ਦੀ ਨਾਇਕਾ ਹੈ ਵੀ ਇਸੇ ਉਮਰ ਦੀ। ਇਸ ਫ਼ਿਲਮ ਦੀ ਤੀਹਵਿਆਂ ਨੂੰ ਪੁੱਜੀ ਹੀਰੋਇਨ ਲਈ ਕੋਈ ਸੋਲਾਂ ਸਾਲ ਦੀ ਕੁੜੀ ਥੋੜ੍ਹੋ ਪਸੰਦ ਕੀਤੀ ਜਾਵੇਗੀ!

ਉਹਨੇ ਨਜ਼ਰ ਫੇਰ ਦੂਰ ਸਮੁੰਦਰ ਦੇ ਅੰਦਰ ਟਿਕਾਈ। ਸ਼ਾਇਦ ਸਮੇਂ ਦਾ, ਸੂਰਜ ਦਾ ਕੋਈ ਹਿਸਾਬ ਸੀ, ਸਮੁੰਦਰ ਦੇ ਵਿਚਕਾਰੋਂ, ਜਿਥੇ ਕਿਤੇ ਮਿਥਿਹਾਸਕ ਮੰਥਨ ਸਮੇਂ ਸੁਮੇਰ ਪਰਬਤ ਦੀ ਮਧਾਣੀ ਟਿਕੀ ਹੋਵੇਗੀ, ਪਹਿਲੀਆਂ ਸਭ ਲਹਿਰਾਂ ਤੋਂ ਉੱਚੀ ਇਕ ਲਹਿਰ ਉੱਠੀ ਤੇ ਸਾਹਿਲ ਵੱਲ, ਭਾਵ ਉਹਦੇ ਪੈਰਾਂ ਵੱਲ ਵਧਣ ਲੱਗੀ। ਲੱਗਿਆ ਜਿਵੇਂ ਡੂੰਘੇ ਪਾਣੀਆਂ ਵਿਚੋਂ ਲਹਿਰ ਨਾ ਉੱਠੀ ਹੋਵੇ, ਸਾਹਿਰ ਬਾਹਰ ਆਇਆ ਹੋਵੇ। ਜਾਗਦੇ ਸੁਪਨਿਆਂ ਵਿਚ ਗੁਆਚੀ ਨੂੰ ਉਸ ਉੱਚੀ ਲਹਿਰ ਦੇ ਵਧਦੇ ਆਉਣ ਦਾ ਪਤਾ ਓਦੋਂ ਲੱਗਿਆ ਜਦੋਂ ਉਹ ਪੈਰਾਂ ਹੇਠ ਆ ਵਿਛੀ। ਸਾਹਿਰ ਦੀ ਬੰਬਈ, ਬੰਬਈ ਦਾ ਸਮੁੰਦਰ, ਸਮੁੰਦਰ ਦੇ ਕੰਢੇ ਦਾ ਕਾਵਿਕ ਮਾਹੌਲ! ਇਹ ਕਿਵੇਂ ਹੋ ਸਕਦਾ ਸੀ, ਸਾਹਿਰ ਯਾਦ ਨਾ ਆਉਂਦਾ। ਚਰਨਜੀਤ ਵੀ ਭਾਵੇਂ ਉਸ ਨੂੰ ਦੋਸਤ ਕਬੂਲ ਕਰ ਚੁੱਕਿਆ ਹੋਣ ਦਾ ਦਾਅਵਾ ਕਰਦਾ ਸੀ, ਜਗਦੀਪ ਤਾਂ ਵੀ ਸਾਹਿਰ ਨੂੰ ਮਿਲਣ ਦੀ ਇੱਛਾ ਦੱਸ ਕੇ ਉਸ ਨੂੰ ਕਿਸੇ ਭਰਮ ਵਿਚ ਨਹੀਂ ਸੀ ਪਾਉਣਾ ਚਾਹੁੰਦੀ। ਉਹਨੇ ਸੋਚਿਆ, ਕੀ ਪਤਾ ਇਸ ਲਹਿਰ ਵਾਂਗ ਕਦੀ ਸਾਹਿਰ ਵੀ ਅਚਾਨਕ ਉਸ ਦੀ ਕਾਇਆ ਨੂੰ ਆ ਛੋਹੇ! ਉਹਨੇ ਉਮੀਦ ਦੀ ਬੱਤੀ ਉਗਾਸੀ, ਯਾਦ ਤਾਂ ਮੈਂ ਵੀ ਸਾਹਿਰ ਨੂੰ ਜ਼ਰੂਰ ਆਉਂਦੀ ਹੋਵਾਂਗੀ! ਮਨ ਦੇ ਕਾਗ਼ਜ਼ ਉੱਤੇ ਰਚਨਾ ਹੋਣ ਲੱਗੀ:

ਲਾਟ ਉੱਠੀ ਹੋਊ ਜਲ ਚੜ੍ਹੇ ਹੋਣਗੇ।
ਨੈਣ ਉਹਦੇ ਵੀ ਮੁੜ ਮੁੜ ਭਰੇ ਹੋਣਗੇ।
ਮੇਰੇ ਸੁਫ਼ਨੇ 'ਚ ਲੁਕ ਲੁਕ ਕੇ ਜਗਦਾ ਸੀ ਜੋ
ਮੇਰੀ ਮਿੱਟੀ ਨੂੰ ਅਸਮਾਨ ਲਗਦਾ ਸੀ ਜੋ
ਕੀ ਪਤਾ ਸੀ ਕਿ ਇਕ ਓਸ ਤਾਰੇ ਬਿਨਾਂ
ਮੋਤੀ ਚੁੰਨੀ 'ਤੇ ਸੈਆਂ ਜੜੇ ਹੋਣਗੇ।
ਐਸੀ ਮਜਲਸ ਵੀ ਇਕ ਦਿਨ ਸਜੇਗੀ ਜ਼ਰੂਰ
ਅਰਸ਼ ਖ਼ੁਦ ਆਏਗਾ ਮੇਦਨੀ ਦੇ ਹਜ਼ੂਰ
ਮੇਰੀ ਮਿੱਟੀ ਦਾ ਖਿੰਡਿਆ ਹੋਊ ਚਾਨਣਾ
ਤਾਰੇ ਬੰਨ੍ਹ ਕੇ ਕਤਾਰਾਂ ਖੜ੍ਹੇ ਹੋਣਗੇ।

ਚਰਨਜੀਤ ਪਤਾ ਨਹੀਂ ਕਿੰਨਾ ਕੁ ਤੁਰ ਕੇ, ਸਾਹ ਚੜ੍ਹਾਈਂ ਆ ਰਿਹਾ ਸੀ। ਕਹਾਣੀ ਵਾਲੀ ਗੱਲ ਸਾਂਝੀ ਕੀਤੀ ਤਾਂ ਉਹ ਬੋਲਿਆ, 'ਤੇਰਾ ਸੋਚਣਾ ਠੀਕ ਹੈ। ਕਰ ਲਈਂ ਉਸ ਦਿਨ ਚੋਪੜਾ ਜੀ ਨਾਲ ਗੱਲ। ਨਾਲੇ ਸੋਢੀ ਦੇ ਕਹਿਣ ਵਾਂਗ ਇਥੇ ਏਨੀ ਛੇਤੀ ਨਤੀਜੇ ਨਹੀਂ ਨਿਕਲਦੇ ਹੁੰਦੇ। ਵਿਹਲੀ ਕੀ ਕਰੇਂਗੀ, ਹੁਣ ਸਫ਼ਰ ਠੀਕ ਸ਼ੁਰੂ ਹੋ ਗਿਆ ਹੈ ਤਾਂ ਕੁਝ ਨਵਾਂ ਵੀ ਲਿਖ, ਹੋਰ ਗੀਤ, ਹੋਰ ਗ਼ਜ਼ਲਾਂ ਤੇ ਹੋਰ ਕਹਾਣੀਆਂ। ਚੋਪੜੇ ਦੀਆਂ ਫ਼ਿਲਮਾਂ ਨੇਚੁਰਲੀ ਭਾਵੇਂ ਹੁੰਦੀਆਂ ਤਾਂ ਕਮਰਸ਼ੀਅਲ ਹੀ ਨੇ ਪਰ ਉਹਨਾਂ ਵਿਚ ਆਰਟ ਦਾ ਰੰਗ ਜ਼ਰੂਰ ਹੁੰਦਾ ਹੈ।'

ਉਹ ਮੁਸਕਰਾਈ, 'ਇਕ ਗ਼ਜ਼ਲ ਦੇ ਕੁਝ ਸ਼ਿਅਰ ਤਾਂ ਹੁਣੇ-ਹੁਣੇ ਫੁਰੇ ਨੇ। ਘਰ ਚੱਲ ਕੇ ਪੂਰੀ ਕਰ ਕੇ ਸੁਣਾਵਾਂਗੀ।'

ਸ਼ੁੱਕਰਵਾਰ ਨੂੰ ਚੋਪੜਾ ਜੀ ਨੇ ਉਹਨਾਂ ਦਾ ਓਨਾ ਹੀ ਨਿੱਘਾ ਸਵਾਗਤ ਕੀਤਾ ਜਿੰਨਾ ਸੋਢੀ ਨਾਲ ਗਿਆਂ ਦਾ ਕੀਤਾ ਸੀ। ਗੀਤ ਤੇ ਗ਼ਜ਼ਲ ਦਾ ਤਰਜਮਾ ਹੋ ਕੇ ਆ ਗਿਆ ਸੀ। ਲਫ਼ਾਫ਼ਾ ਦੇ ਕੇ ਉਹ ਕਹਿਣ ਲੱਗੇ, 'ਮੈਂ ਕਾਹਲੀ-ਕਾਹਲੀ ਨਜ਼ਰ ਮਾਰੀ ਹੈ। ਤੁਹਾਨੂੰ ਦੱਸਿਆ ਸੀ, ਸਾਡੀ ਯੂਨਿਟ ਪਰਸੋਂ ਸਾਊਥ ਜਾ ਰਹੀ ਹੈ। ਵਾਪਸ ਆ ਕੇ ਧਿਆਨ ਨਾਲ ਪੜ੍ਹਾਂਗਾ। ਇਸ ਦੌਰਾਨ ਤੁਸੀਂ ਦੇਖ ਲਵੋ। ਤਰਜਮੇ ਬਾਰੇ ਕੋਈ ਸੁਝਾਅ ਹੋਵੇ, ਉਹ ਵੀ ਨੋਟ ਕਰ ਰੱਖਣਾ। ਤਰਜਮੇ ਵਾਲੇ ਨਾਲ ਵਿਚਾਰ ਕਰ ਲਵਾਂਗੇ। ਦੇਖਦੇ ਹਾਂ, ਅਗਲੀ ਫ਼ਿਲਮ ਵਿਚ ਕੀ ਗੁੰਜਾਇਸ਼ ਨਿੱਕਲਦੀ ਹੈ।'

ਜਗਦੀਪ ਨੇ ਹਿੰਮਤ ਕੀਤੀ, 'ਚੋਪੜਾ ਜੀ, ਦੇਖਣ ਵਾਲੀ ਕੋਈ ਗੱਲ ਨਹੀਂ, ਗੁੰਜਾਇਸ਼ ਤਾਂ ਤੁਸੀਂ ਕੱਢਣੀ ਹੀ ਕੱਢਣੀ ਹੈ!'

ਉਹ ਹੱਸੇ, 'ਸਭ ਠੀਕ ਹੋ ਜਾਵੇਗਾ। ਤੁਸੀਂ ਕੋਈ ਬੇਗਾਨੇ ਥੋੜ੍ਹੇ ਹੋ!' ਨਾਲ ਹੀ ਉਹਨਾਂ ਨੇ ਘੜੀ ਦੇਖੀ ਤੇ ਘੰਟੀ ਵਜਾਈ ਤੋਂ ਹਾਜ਼ਰ ਹੋਏ ਸਹਾਇਕ ਨੂੰ ਪੁੱਛਿਆ, 'ਬਈ, ਉਹ ਅਸ਼ਵਨੀ ਵਾਲੇ ਕਾਗਜ਼ ਸ਼ਰਮਾ ਨੂੰ ਭੇਜੇ ਕਿ ਨਹੀਂ?'

'ਜੀ ਕਾਗਜ਼ ਤਾਂ ਆਏ ਪਏ ਨੇ', ਸਹਾਇਕ ਨੇ ਦੱਸਿਆ, 'ਤੁਸੀਂ ਦਸ ਮਿੰਟ ਲਾ ਕੇ ਇਕ ਨਜ਼ਰ ਮਾਰ ਲੈਂਦੇ, ਮੈਂ ਫੇਰ ਹੀ ਸ਼ਰਮਾ ਨੂੰ ਭੇਜਦਾ।'

ਜਗਦੀਪ ਤੇ ਚਰਨਜੀਤ ਨੇ ਖੜ੍ਹੇ ਹੋ ਕੇ ਆਗਿਆ ਮੰਗੀ ਤਾਂ ਚੋਪੜਾ ਜੀ ਵੀ ਖੜ੍ਹੇ ਹੋ ਗਏ, 'ਮਾਫ਼ ਕਰਨਾ, ਸਾਡਾ ਧੰਦਾ ਹੀ ਅਜਿਹਾ ਸਿਰਦਰਦੀ ਵਾਲਾ ਹੈ। ਕੰਮ ਘੱਟ ਨਿੱਬੜਦਾ ਹੈ, ਰੁਝੇਵਾਂ ਤੇ ਰੌਲਾ ਬਹੁਤਾ ਰਹਿੰਦਾ ਹੈ। ਤੁਹਾਡੇ ਵਰਗਾ ਜਾਂ ਸੋਢੀ ਜੀ ਵਰਗਾ ਆਪਣਾ ਤਾਂ ਕੋਈ-ਕੋਈ ਆਉਂਦਾ ਹੈ, ਵਾਧੂ ਦੇ ਤੇਤੀ ਸੌ ਬੰਦਿਆਂ ਨਾਲ ਵਾਹ ਪੈਂਦਾ ਹੈ।... ਠੀਕ ਹੈ, ਇਹ ਬਣ ਰਹੀ ਫ਼ਿਲਮ ਰਿਲੀਜ਼ ਹੋਣ ਪਿੱਛੋਂ ਸਿਰਦਰਦ ਦੀਆਂ ਗੋਲੀਆਂ ਖਾ ਕੇ ਦੋ-ਚਾਰ ਦਿਨ ਚੈਨ ਨਾਲ ਸੌਂ ਲਵਾਂ, ਫੇਰ ਸੋਚਾਂਗੇ ਅਗਲੀ ਫ਼ਿਲਮ ਬਾਰੇ ਕੁਛ। ਉਹਦੀ ਕਹਾਣੀ ਤਾਂ ਪਾਸ ਹੋ ਚੁੱਕੀ ਹੈ। ਡਾਇਆਲਾਗ-ਰਾਈਟਰ ਨੇ ਕੰਮ ਸ਼ੁਰੂ ਕਰ ਦਿੱਤਾ ਹੈ। ਗੀਤਾਂ ਵਾਸਤੇ ਢੁਕਵੀਆਂ ਸਿਚੂਏਸ਼ਨਾਂ ਵੀ ਡਿਸਕਸ ਕਰ ਲਈਆਂ ਗਈਆਂ ਨੇ। ਵਾਪਸ ਆ ਕੇ ਦੇਖਦੇ ਹਾਂ, ਜੇ ਤੁਹਾਡੇ ਗੀਤ-ਗ਼ਜ਼ਲਾਂ ਮਿਊਜ਼ਿਕ ਵਾਲਿਆਂ ਤੋਂ ਪਾਸ ਹੋ ਜਾਣ, ਫੇਰ ਸਟੋਰੀ ਡੀਪਾਰਟਮੈਂਟ ਨੂੰ ਦੇਵਾਂਗੇ, ਦੇਖਣ, ਕਿਸ ਗੀਤ-ਗ਼ਜ਼ਲ ਦਾ ਕਿਥੇ ਫਿੱਟ ਹੋਣਾ ਮੁਮਕਿਨ ਹੈ। ਧੀਰਜ ਰੱਖਣਾ ਪਵੇਗਾ, ਸਾਡੇ ਕੰਮ ਮਹੀਨਿਆਂ-ਬੱਧੀ, ਕਈ ਵਾਰ ਤਾਂ ਸਾਲਾਂ-ਬੱਧੀ ਲਟਕਦੇ ਰਹਿੰਦੇ ਨੇ। ਪਰ ਕੋਈ ਗੱਲ ਨਹੀਂ, ਆਖ਼ਰ ਦੇਰ-ਸਵੇਰ ਹੋ ਹੀ ਜਾਂਦੇ ਨੇ। ਰਹੀ ਕਹਾਣੀ ਦੀ ਗੱਲ। ਨਾਂ ਤੋਂ ਹੀ ਉਸ ਦੇ ਖ਼ੂਬਸੂਰਤ ਹੋਣ ਦਾ ਪਤਾ ਲਗਦਾ ਹੈ। ਵਾਪਸ ਆ ਕੇ ਅਗਲੀ ਫ਼ਿਲਮ ਵਾਸਤੇ ਯੂਨਿਟ ਨਾਲ ਉਹ ਵੀ ਵਿਚਾਰਦੇ ਹਾਂ।'

ਰਾਹ ਵਿਚ ਉਹ ਦੋਵੇਂ ਆਮ ਜਿਹੀਆਂ ਗੱਲਾਂ ਕਰਦੇ ਰਹੇ, ਚੋਪੜਾ ਜੀ ਨਾਲ ਹੋਈ ਗੱਲਬਾਤ ਬਾਰੇ ਕੁਛ ਨਾ ਬੋਲੇ। ਇਹ ਵੀ ਡਰ ਸੀ, ਉਹ ਗੱਲ ਛੇੜਿਆਂ ਬਥੇਰੇ ਫ਼ਿਲਮੀ ਸਟਰਗਲਰ ਢੋ ਕੇ ਉਹਨਾਂ ਦੀਆਂ ਪਰੇਸ਼ਾਨੀਆਂ ਸੁਣ ਚੁੱਕਿਆ ਪੰਜਾਬੀ ਟੈਕਸੀ ਡਰਾਈਵਰ ਆਪਣਾ ਗਿਆਨ ਨਾ ਘੋਟਣ ਲੱਗ ਪਵੇ। ਕਮਰੇ ਵਿਚ ਪਹੁੰਚਦਿਆਂ ਹੀ ਜਗਦੀਪ ਨੇ ਪਰਸ ਮੇਜ਼ ਉੱਤੇ ਸੁੱਟਿਆ ਤੇ ਦੀਵਾਨ ਉੱਤੇ ਲੰਮੀ ਪੈ ਗਈ, 'ਜੀਤੀ, ਪਾਣੀ ਦੇ।' ਖ਼ਾਲੀ ਗਲਾਸ ਵਾਪਸ ਫੜਾਉਂਦਿਆਂ ਉਹਨੇ ਪਰੇਸ਼ਾਨੀ ਸਾਂਝੀ ਕੀਤੀ, 'ਜੀਤੀ, ਇਹ ਤਾਂ ਮਾਮਲਾ ਅਦਾਲਤਾਂ ਨਾਲੋਂ ਵੀ ਅੱਗੇ ਹੈ, ਮਹੀਨਿਆਂ ਦੀਆਂ ਕੀ, ਵਰ੍ਹਿਆਂ ਦੀਆਂ ਤਰੀਕਾਂ ਪੈਂਦੀਆਂ ਲਗਦੀਆਂ ਨੇ।'

ਪਰੇਸ਼ਾਨ ਚਰਨਜੀਤ ਵੀ ਸੀ, 'ਬੰਬਈ ਤੋਂ ਦੂਰ ਬੈਠੇ ਲੋਕ ਹੋਰ ਤਰ੍ਹਾਂ ਸੋਚਦੇ ਨੇ, ਇਥੇ ਤਾਂ ਕਹਾਣੀ ਹੀ ਹੋਰ ਹੈ! ਕੁਛ ਤਾਂ ਪਤਾ ਸੀ ਪਰ ਇਹ ਤਾਂ ਨਿਰਾਲੀ ਹੀ ਦੁਨੀਆ ਨਿੱਕਲੀ! ਚੱਲ, ਦੇਖਦੇ ਹਾਂ। ਚੋਪੜਾ ਜੀ ਦੇ ਆਉਣ ਤੱਕ ਤਾਂ ਉਡੀਕਣਾ ਹੀ ਪਵੇਗਾ।... ਜੱਗ, ਦਿਲ ਛੱਡਿਆਂ ਕੁਛ ਨਹੀਂ ਬਣਦਾ ਹੁੰਦਾ। ਇਕੋ ਰਾਹ ਹੈ ਆਪਣੇ ਸਾਹਮਣੇ, ਚੋਪੜਾ ਜੀ ਦੀ ਉਡੀਕ। ਅੱਜ ਆਰਾਮ ਕਰ ਕੇ ਕੁਛ ਸਹਿਜ ਹੋ। ਕੱਲ੍ਹ ਤੋਂ ਕਮਰਕਸੇ ਕਰਦੇ ਹਾਂ। ਇਸ ਸਮੇਂ ਦਾ ਲਾਹਾ ਲੈ ਕੇ ਤੂੰ ਨਵੀਂ ਕਹਾਣੀ, ਨਵੇਂ ਗੀਤ, ਨਵੀਆਂ ਗ਼ਜ਼ਲਾਂ ਲਿਖ ਤੇ ਮੈਂ ਹੋਰ ਫ਼ਿਲਮਾਂ ਵਾਲਿਆਂ ਨੂੰ ਮਿਲਦਾ ਹਾਂ। ਨਾਲੇ ਮੇਰੇ ਗਿਆਂ ਤੈਨੂੰ ਲਿਖਣ ਵਾਸਤੇ ਇਕਾਂਤ ਮਿਲ ਜਾਣੀ ਹੈ। ਇਕੋ ਉਮੀਦ ਨਾਲ ਬੱਝੇ ਰਹਿਣ ਨਾਲੋਂ ਹੋਰ ਥਾਂਈਂ ਵੀ ਕੋਸ਼ਿਸ਼ ਕਰਦੇ ਹਾਂ। ਠੀਕ ਹੈ, ਚੋਪੜੇ ਦਾ ਵੱਡਾ ਪ੍ਰੋਡਕਸ਼ਨ ਹਾਊਸ ਹੈ, ਸੋਢੀ ਰਾਹੀਂ ਕੁਛ ਜਾਣ-ਪਛਾਣ ਵੀ ਬਣ ਗਈ ਹੈ ਪਰ ਬੰਬਈ ਵਿਚ ਇਹ ਇਕੱਲੇ ਥੋੜ੍ਹੇ ਨੇ, ਸਾਰੀ ਬੰਬਈ ਫ਼ਿਲਮਾਂ ਵਾਲਿਆਂ ਦੀ ਭਰੀ ਪਈ ਹੈ। ਹੋਰ ਇਥੇ ਹੈ ਕੀ।'

ਸ਼ਾਮੀਂ ਸੋਢੀ ਨੂੰ ਚੋਪੜਾ ਜੀ ਦਾ ਫ਼ੋਨ ਆ ਗਿਆ। ਉਹਨਾਂ ਨੇ ਜਗਦੀਪ ਦੇ ਆਉਣ ਬਾਰੇ ਤੇ ਅਗਲੇਰੀ ਫ਼ਿਲਮ ਵਾਸਤੇ ਕਹਾਣੀ ਦੇਣ ਦੀ ਉਹਦੀ ਚਾਹ ਬਾਰੇ ਦੱਸਿਆ ਤਾਂ ਸੋਢੀ ਨੇ ਉਹ ਗੱਲ ਆਪ ਹੀ ਪੁੱਛ ਲਈ ਜਿਸ ਬਾਰੇ ਉਹਨਾਂ ਨੇ ਫ਼ੋਨ ਕੀਤਾ ਸੀ—ਗੀਤਾਂ ਤੇ ਗ਼ਜ਼ਲਾਂ ਦੇ ਤਰਜਮੇ ਦਾ ਕੀ ਬਣਿਆ? ਉਹ ਬੋਲੇ, 'ਸੋਢੀ ਜੀ, ਮੈਂ ਅਜੇ ਜਗਦੀਪ ਨੂੰ ਇਹ ਨਹੀਂ ਦੱਸਿਆ ਕਿ ਮੈਂ ਤਰਜਮਾ ਨੌਸ਼ਾਦ ਜੀ ਨੂੰ ਦਿਖਾ ਲਿਆ ਹੈ। ਉਹ ਚਮਕਦੇ-ਲਿਸ਼ਕਦੇ ਫ਼ਿਲਮੀ ਕੈਰੀਅਰ ਦੀ ਇੱਛਾ ਨਾਲ ਬੰਬਈ ਆਉਂਦੇ ਅੱਲ੍ਹੜ ਮੁੰਡੇ-ਕੁੜੀਆਂ ਵਾਲੀਆਂ ਆਸਾਂ ਲੈ ਕੇ ਆਈ ਹੈ। ਮੇਰੀ ਸੱਚ ਦੱਸਣ ਦੀ ਹਿੰਮਤ ਨਹੀਂ ਹੋਈ। ਕੋਈ ਨਵਾਂ ਕੁੜੀ-ਮੁੰਡਾ ਹੁੰਦਾ, ਮੈਂ ਜ਼ਰੂਰ ਸਮਝਾਉਣ ਦੀ ਕੋਸ਼ਿਸ਼ ਕਰਦਾ। ਯਾਰ, ਸੋਢੀ ਜੀ, ਉਹ ਸਿਆਣੀ ਔਰਤ ਹੈ ਤੇ ਆਪਣੀ ਵੱਡੀ ਲੇਖਿਕਾ ਹੈ। ਤੁਸੀਂ ਮੀਆਂ ਜੀ ਦੇ ਕੰਮ ਕਰਨ ਦੇ ਤਰੀਕੇ ਨੂੰ ਤਾਂ ਜਾਣਦੇ ਹੀ ਹੋ। ਸੰਗੀਤ ਦੇ ਤਾਂ ਮਹਾਂਗੁਰੂ ਹਨ ਹੀ, ਸਾਹਿਤ ਦੀ ਵੀ ਬੜੀ ਬਰੀਕ ਸਮਝ ਹੈ। ਆਪ ਖ਼ੂਬਸੂਰਤ ਗੀਤ-ਗ਼ਜ਼ਲਾਂ ਲਿਖਦੇ ਰਹੇ ਨੇ। ਇਹ ਤਾਂ ਸੰਗੀਤ ਤੋਂ ਵਿਹਲ ਨਾ ਮਿਲਣ ਕਰਕੇ ਕਲਮ ਰੱਖਣੀ ਪਈ, ਨਹੀਂ ਤਾਂ ਚੋਟੀ ਦੇ ਸ਼ਾਇਰਾਂ ਵਿਚ ਨਾਂ ਹੁੰਦਾ। ਇਕ-ਇਕ ਲਫ਼ਜ਼ ਨੂੰ ਲੈ ਕੇ ਗੀਤਕਾਰ ਨਾਲ ਬੈਠਕਾਂ ਕਰਦੇ ਰਹਿਣਗੇ। ਕੋਈ-ਕੋਈ ਲਫ਼ਜ਼ ਤਾਂ ਦਰਜਨ-ਦਰਜਨ ਵਾਰ ਬਦਲਵਾ ਕੇ ਦੇਖਦੇ ਨੇ। ਮਾੜਾ-ਮੋਟਾ ਗੀਤਕਾਰ ਉਹਨਾਂ ਦੇ ਸੰਗੀਤਕ ਜਲਾਲ ਦੀ ਤਾਬ ਹੀ ਨਹੀਂ ਝਲਦਾ! ਜਿੰਨੀ ਦੇਰ ਗੱਲ ਨਾ ਬਣੇ, ਨਾ ਚੈਨ ਲੈਣ ਤੇ ਨਾ ਅਗਲੇ ਨੂੰ ਲੈਣ ਦੇਣ, ਨਾ ਆਪ ਸੌਣ, ਨਾ ਅਗਲੇ ਨੂੰ ਸੌਣ ਦੇਣ!...'

ਸੋਢੀ ਨੇ ਟੋਕ ਕੇ ਕਿਹਾ, 'ਮੀਆਂ ਜੀ ਦੀ ਲਗਨ ਦਾ, ਸੰਗੀਤ ਨਾਲ ਇਕਮਿਕਤਾ ਤੇ ਇਕਸੁਰਤਾ ਦਾ ਤਾਂ ਕੋਈ ਜਵਾਬ ਹੀ ਨਹੀਂ। ਕੀ ਬੋਲੇ ਉਹ ਤਰਜਮਾ ਦੇਖ ਕੇ?'

ਚੋਪੜਾ ਜੀ ਕਹਿਣ ਲੱਗੇ, 'ਦੇਖੋ ਸੋਢੀ ਜੀ, ਆਪਣੀਆਂ ਉਮਰਾਂ ਇਹਨਾਂ ਹੀ ਝੰਜਟਾਂ ਵਿਚ ਤਾਂ ਬੀਤੀਆਂ ਨੇ। ਕਹਾਣੀ ਦਾ ਤਰਜਮਾ ਤਾਂ ਨਿਭ ਜਾਂਦਾ ਹੈ। ਇਹ ਵੀ ਚਲਦਾ ਹੈ ਕਿ ਜੇ ਗੱਲ ਪਸੰਦ ਨਹੀਂ, ਕੱਟ ਦਿਉ, ਜਿਥੇ ਕੁਛ ਹੋਰ ਚਾਹੀਦਾ ਹੈ, ਪਾ ਦਿਉ। ਪਰ ਪੋਇਟਰੀ ਵਿਚ ਇਹ ਮੁਮਕਿਨ ਨਹੀਂ। ਇਸੇ ਕਰਕੇ ਤਰਜਮਾ ਤਸੱਲੀਬਖ਼ਸ਼ ਨਹੀਂ ਹੁੰਦਾ। ਫੇਰ ਗੀਤ ਕਿੰਨਾ ਹੀ ਖ਼ੂਬਸੂਰਤ ਹੋਵੇ ਪਰ ਜੇ ਸਾਹਿਤਕ ਹੈ ਤਾਂ ਫ਼ਿਲਮ ਦੇ ਕਿਸ ਕੰਮ। ਫ਼ਿਲਮੀ ਗੀਤ ਅਲਹਿਦਾ ਕਿਸਮ ਦੇ, ਹੌਲੇ-ਫੁੱਲ ਹੁੰਦੇ ਨੇ। ਇਸੇ ਕਰਕੇ ਫ਼ਿਲਮੀ ਗੀਤਕਾਰ ਵੀ ਅਲਹਿਦਾ ਹੀ ਹੁੰਦੇ ਨੇ। ਸਾਹਿਤਕ ਨਜ਼ਰੀਏ ਤੋਂ ਦੇਖੋ, ਪੰਜਾਬੀ ਵਿਚ ਉਹਦੇ ਗੀਤ ਕਾਫ਼ੀ ਚੰਗੇ ਤੇ ਗ਼ਜ਼ਲਾਂ ਕਾਫ਼ੀ ਅੱਛੀਆਂ ਨੇ, ਪਰ ਤਰਜਮੇ ਨੇ ਉਹ ਅਸਰ ਰਹਿਣ ਹੀ ਨਹੀਂ ਦਿੱਤਾ! ਤਰਜਮਾ ਹੋ ਕੇ ਫ਼ਿਲਮ ਦੇ ਕਿਸੇ ਕੰਮ ਦਾ ਨਹੀਂ ਰਹਿ ਗਿਆ।'

ਸੋਢੀ ਨੇ ਸਹਿਮਤੀ ਪਰਗਟਾਈ, 'ਗ਼ਜ਼ਲ ਦਾ ਤਰਜਮਾ ਤਾਂ ਹੋਰ ਵੀ ਮੁਸ਼ਕਿਲ ਹੈ, ਬਲਕਿ ਨਾਮੁਮਕਿਨ ਹੈ।'

'ਇਕ ਗ਼ਜ਼ਲ ਤਾਂ ਪੰਜਾਬੀ ਵਿਚ ਬੇਹੱਦ ਖ਼ੂਬਸੂਰਤ ਹੈ। ਮਕਤਾ ਹੀ ਕਮਾਲ ਹੈ, 'ਹੋਈ ਦਸਤਕ, ਮੈਂ ਦਰ ਖੋਲ੍ਹੇ ਮੇਰੇ ਸਾਹਵੇਂ ਖੜ੍ਹਾ ਸੀ ਤੂੰ, ਚੁਫ਼ੇਰੇ ਰਾਤ ਸੀ ਸੰਘਣੀ ਤੇ 'ਕੱਲਾ ਜਗ ਰਿਹਾ ਸੀ ਤੂੰ।' ਮੀਆਂ ਜੀ ਨੇ ਪਹਿਲਾਂ ਪੰਜਾਬੀ ਵਿਚ ਮਕਤਾ ਸੁਣਿਆ ਤੇ ਬੋਲੇ, ਖ਼ੂਬ ਹੈ ਚੋਪੜਾ ਜੀ, ਵਾਹ! ਫੇਰ ਕਹਿੰਦੇ, ਔਰ ਵਕਤ ਤਬ ਹੀ ਲਗਾਏਂਗੇ, ਪਹਿਲੇ ਇਸੀ ਕਾ ਤਰਜਮਾ ਸੁਨਾਈਏ। ਤੁਹਾਨੂੰ ਪਤਾ ਹੀ ਹੈ, ਹੱਥ ਗੱਲਾਂ ਕਰਦਿਆਂ ਵੀ ਹਾਰਮੋਨੀਅਮ ਉੱਤੇ ਰਖਦੇ ਨੇ...'

ਸੋਢੀ ਹੱਸਿਆ, 'ਮੀਆਂ ਜੀ ਸੋਚਦੇ ਨੇ, ਉਹਨਾਂ ਦੇ ਹਾਰਮੋਨੀਅਮ ਤੋਂ ਹੱਥ ਚੁੱਕਿਆਂ ਕਿਤੇ ਸੰਗੀਤ ਦੋ ਘੜੀਆਂ ਚੈਨ ਨਾ ਲੈ ਲਵੇ!'

ਚੋਪੜਾ ਜੀ ਵੀ ਹੱਸ ਪਏ, 'ਬਿਲਕੁਲ ਠੀਕ ਬੁੱਝਿਆ ਤੁਸੀਂ! ਖ਼ੈਰ, ਮਕਤਾ ਸੁਣਿਆ, ਦਸਤਕ ਹੁਈ, ਮੈਂ ਦਰ ਖੋਲਾ, ਰੂਬਰੂ ਮੇਰੇ ਖੜ੍ਹਾ ਥਾ ਤੂ, ਕਾਲੀ ਰਾਤ ਥੀ ਫ਼ੈਲੀ ਹੁਈ, ਬਸ ਜਲ ਰਹਾ ਥਾ ਤੂ। ਮੀਆਂ ਜੀ ਨੇ ਹਾਰਮੋਨੀਅਮ ਪਰੇ ਕੀਤਾ ਤੇ ਮੱਥੇ ਤਿਊੜੀ ਪਾ ਕੇ ਬੋਲੇ, ਚੋਪੜਾ ਜੀ, ਇਤਨਾ ਬਾਕਮਾਲ ਤਰਜਮਾ ਸੁਨਾਨੇ ਕੇ ਲੀਏ ਬਹੁਤ-ਬਹੁਤ ਸ਼ੁਕਰੀਆ! ਆਪ ਕੇ ਸਾਹਮਨੇ ਦੋ ਰਾਸਤੇ ਹੈਂ। ਯਾ ਤੋ ਆਪ ਨਯਾ ਤਜਰਬਾ ਕੀਜੀਏ, ਪੰਜਾਬੀ ਲੜਕੀ ਕਾ ਕਰੈਕਟਰ ਲੀਜੀਏ ਔਰ ਵੁਹ ਯਿਹ ਗ਼ਜ਼ਲ ਪੰਜਾਬੀ ਮੇਂ ਹੀ ਗਾਏ। ਅਗਰ ਆਪ ਨੇ ਯਿਹ ਤਰਜਮਾ ਜ਼ਰੂਰ ਇਸਤੇਮਾਲ ਕਰਨਾ ਹੈ ਤੋ ਏਕ ਭੁਤੀਆ ਫ਼ਿਲਮ ਬਨਾਈਏ। ਉਸ ਮੇਂ ਇਸ ਕੇ ਲੀਏ ਮਾਹੌਲ ਬੜ੍ਹੀਆ ਰਹੇਗਾ। ਕਾਲੀ ਸਿਆਹ ਰਾਤ ਹੈ। ਅਚਾਨਕ ਦਰਵਾਜ਼ੇ ਪੇ ਦਸਤਕ ਹੋਤੀ ਹੈ, ਟਿਕ-ਟਿਕ-ਟਿਕ! ਫਿਰ ਹੋਤੀ ਹੈ, ਠੱਕ-ਠੱਕ-ਠੱਕ! ਏਕ ਵਾਰ ਫਿਰ ਹੋਤੀ ਹੈ, ਥੱਪ-ਥੱਪ-ਥੱਪ! ਔਰ ਡਰੀ-ਸਹਿਮੀ ਹੀਰੋਇਨ ਦਰਵਾਜ਼ਾ ਖੋਲ੍ਹਤੀ ਹੈ। ਆਗੇ ਘੋਰ ਅੰਧੇਰੇ ਮੇਂ ਖੜ੍ਹਾ ਹੀਰੋ ਜਲ ਰਹਾ ਹੈ। ਹਾਂ ਏਕ ਬਾਤ ਔਰ, ਹੀਰੋ ਕੇ ਦੋ ਦਾਂਤ ਭੀ ਲੰਬੇ ਲਗਵਾ ਲੀਜੀਏ। ਔਰ ਮੈਂ ਡਰਾਵਨਾ ਬੈਕਗਰਾਊਂਡ ਮਿਊਜ਼ਿਕ ਦੂੰਗਾ, ਪਾਂ-ਪਉਂ-ਪਾਂ-ਪਉਂ!... ਰੁਕ ਕੇ ਬੋਲੇ, ਕਿਆ ਚੋਪੜਾ ਜੀ, ਕਭੀ ਗੀਤੋਂ ਔਰ ਗ਼ਜ਼ਲੋਂ ਕਾ ਭੀ ਤਰਜਮਾ ਹੁਆ ਹੈ! ਏਕ ਅੱਛੀ-ਭਲੀ ਖ਼ੂਬਸੂਰਤ ਗ਼ਜ਼ਲ ਕਾ ਹੁਲੀਆ ਖ਼ਰਾਬ ਕਰ ਕੇ ਰੱਖ ਦੀਆ। ਅਰੇ ਭਾਈ, ਹੈਰਾਨੀ ਹੈ, ਆਪ ਕੈਸੇ ਭੂਲ ਗਏ, ਹਰ ਜ਼ਬਾਨ ਕੇ ਲਫ਼ਜ਼ੋਂ ਕੀ ਏਕ ਅਪਨੀ ਮੌਸੀਕੀ ਹੋਤੀ ਹੈ ਜੋ ਉਸੀ ਜ਼ਬਾਨ ਮੇਂ ਵਜੂਦ ਮੇਂ ਆਤੀ ਹੈ। ਤਰਜਮੇ ਮੇਂ ਜ਼ੋਰ ਲਗਾ ਕਰ ਢੂੰਡੇ ਗਏ ਲਫ਼ਜ਼ ਵੋਹ ਲੈਅ, ਵੋਹ ਸੁਰ, ਵੋਹ ਤਾਲ ਕੈਸੇ ਪੈਦਾ ਕਰੇਂਗੇ ਜੋ ਓਰਿਜਨਲ ਮੇਂ ਪੈਦਾ ਹੋਤਾ ਹੈ? ਔਰ ਫਿਰ ਉਰਦੂ-ਹਿੰਦੀ ਮੇਂ ਓਰਿਜਨਲ ਲਿਖਨੇ ਵਾਲੇ ਕਿਆ ਸਭ ਅੱਲਾ ਕੋ ਪਿਆਰੇ ਹੋ ਗਏ ਹੈਂ? ਸ਼ਾਇਰ ਤੋ ਚਾਹੇਗਾ ਹੀ, ਕੈਸੇ ਭੀ ਹੋ, ਕੁਛ ਬਨ ਜਾਏ, ਮਗਰ ਮੇਰੇ ਪਾਸ ਆਨੇ ਸੇ ਪਹਿਲੇ ਆਪ ਕੋ ਤੋ ਸੋਚ ਲੇਨਾ ਚਾਹੀਏ ਥਾ! ਕੋਈ ਪਹਿਲੀ ਵਾਰ ਫ਼ਿਲਮ ਬਨਾਨੇ ਚਲੇ ਹੈਂ ਆਪ!...ਲਉ ਸੋਢੀ ਜੀ, ਮੀਆਂ ਜੀ ਤੋਂ ਮਾਫ਼ੀ ਮੰਗ ਕੇ ਜਾਨ ਬਚਾਈ।'

ਸੋਢੀ ਜੀ ਨੇ ਰਾਹ ਪੁੱਛਿਆ, 'ਹੁਣ ਫੇਰ?'

'ਤੁਸੀਂ ਕਹਾਣੀ ਲੇਖਕ ਹੋ, ਇਸ ਤੋਂ ਅੱਗੇ ਦੀ ਕਹਾਣੀ ਤੁਸੀਂ ਲਿਖੋ। ਮਤਲਬ, ਮੈਨੂੰ ਇਸ ਮੁਸ਼ਕਿਲ ਵਿਚ ਨਾ ਪਾਉ, ਮੇਰਾ ਮਤਲਬ ਹੈ, ਮੈਨੂੰ ਏਸ ਝੰਜਟ ਤੋਂ ਬਚਾਉ। ਤੁਸੀਂ ਕਿਵੇਂ ਵੀ ਗੱਲ ਅੱਗੇ ਪਾ ਦਿਉ। ਮੇਰੇ ਸਾਊਥ ਗਏ ਹੋਣ ਦਾ ਬਹਾਨਾ ਤਾਂ ਹੈ ਹੀ। ਸੱਚ ਦੱਸਣਾ ਕੀ ਕੋਈ ਜ਼ਰੂਰੀ ਹੈ! ਬੱਸ ਆਪਣੀਆਂ ਕਹਾਣੀਆਂ ਵਾਂਗ ਕੋਈ ਖ਼ੂਬਸੂਰਤ ਜਿਹਾ ਕਲਾਈਮੈਕਸ ਸੋਚੋ ਕਿ ਉਹ ਦਿਲਾਂ ਵਿਚ ਉਮੀਦ ਲੈ ਕੇ ਦਿੱਲੀ ਦੀਆਂ ਟਿਕਟਾਂ ਲੈ ਲੈਣ! ਸੋਢੀ ਜੀ, ਮੇਰਾ ਇਹ ਕੰਮ ਕਰ ਦਿਉ, ਤੁਹਾਡਾ ਬਹੁਤ-ਬਹੁਤ ਸ਼ੁਕਰੀਆ! ਮੈਨੂੰ ਉਹਨਾਂ ਦੀਆਂ ਨਜ਼ਰਾਂ ਵਿਚ ਬੁਰਾ ਪੈਣ ਤੋਂ ਬਚਾਉ।' ਤੇ ਚੋਪੜਾ ਜੀ ਨੇ ਫ਼ੋਨ ਰੱਖ ਦਿੱਤਾ।

ਜਗਦੀਪ ਨੇ ਨਵੀਂ ਕਹਾਣੀ ਲਿਖਣੀ ਸ਼ੁਰੂ ਕਰ ਦਿੱਤੀ। ਪਹਿਲਾਂ ਵਾਂਗ ਨਿਰੋਲ ਸਾਹਿਤਕ ਰਚਨਾ ਕਰਦੇ ਜਾਣ ਦੀ ਥਾਂ ਹੁਣ ਉਹ ਫ਼ਿਲਮੀ ਪਰਦੇ ਦਾ ਵੀ ਧਿਆਨ ਰੱਖ ਰਹੀ ਸੀ। ਸਹਿਜਤਾ ਦੇ ਨਾਲ ਹੀ ਕੁਛ ਕੰਮ ਸੋਚ ਤੋਂ ਵੀ ਲੈਣਾ ਪੈ ਰਿਹਾ ਸੀ। ਮਿਹਨਤ ਤਾਂ ਕੁਛ ਵਧੇਰੇ ਹੋ ਰਹੀ ਸੀ ਪਰ ਫਲ ਤਾਂ ਮਿਹਨਤ ਨੂੰ ਹੀ ਲੱਗਣਾ ਸੀ! ਚਰਨਜੀਤ ਹਰ ਰੋਜ਼ ਨਿੱਕਲ ਤੁਰਦਾ। ਚਿੱਤਰਕਾਰ ਵਜੋਂ ਉਹਦਾ ਨਾਂ ਕੋਈ ਏਨਾ ਤਾਂ ਬਣਿਆ ਨਹੀਂ ਸੀ ਕਿ ਸੁਣਨ ਵਾਲੇ ਦੇ ਚੇਤੇ ਵਿਚੋਂ ਜਾਗ ਪਵੇ। ਜੇ ਕਿਸੇ ਫ਼ਿਲਮ ਵਾਲੇ ਕੋਲ ਮਿਲਣ ਦੀ ਫ਼ੁਰਸਤ ਹੁੰਦੀ, ਮਿਲ ਲੈਂਦਾ, ਨਹੀਂ ਤਾਂ ਰੁਝੇਵੇਂ ਦਾ ਬਹਾਨਾ ਲਾ ਕੇ ਫੇਰ ਆਉਣ ਵਾਸਤੇ ਆਖ ਦਿੰਦਾ। ਜੇ ਕੋਈ ਮਿਲਦਾ ਵੀ, ਉਹ ਲਗਭਗ ਉਹੋ ਹੀ ਗੱਲਾਂ ਕਰਦਾ ਜੋ ਚੋਪੜਾ ਜੀ ਨੇ ਕੀਤੀਆਂ ਸਨ, ਅਗਲੀ ਫ਼ਿਲਮ, ਅਗਲੇਰੀ ਫ਼ਿਲਮ, ਸਟੋਰੀ ਡਿਪਾਰਟਮੈਂਟ, ਮਿਊਜ਼ਿਕ ਡਿਪਾਰਟਮੈਂਟ, ਵਗੈਰਾ ਵਗੈਰਾ। ਹੁਣ ਇਸ ਵਿਚ ਆਰਟ ਡਿਪਾਰਟਮੈਂਟ ਦਾ ਵਾਧਾ ਹੋ ਗਿਆ ਸੀ। ਚਰਨਜੀਤ ਨੂੰ ਲੱਗਿਆ, ਇਕੱਲੇ ਗੀਤਾਂ, ਗ਼ਜ਼ਲਾਂ, ਕਹਾਣੀਆਂ ਉੱਤੇ ਨਿਰਭਰ ਰਹਿਣਾ ਠੀਕ ਨਹੀਂ, ਨਾਲੋ-ਨਾਲ ਆਰਟ ਦੇ ਹੱਥ-ਪੈਰ ਵੀ ਮਾਰਨੇ ਚਾਹੀਦੇ ਨੇ। ਚੋਪੜਾ ਜੀ ਕੋਲ ਤਾਂ ਉਸ ਨੇ ਜਗਦੀਪ ਕਾਰਨ ਗੱਲ ਛੇੜਨੀ ਵਾਜਬ ਨਹੀਂ ਸੀ ਸਮਝੀ। ਉਹ ਉਹਦੇ ਸੁਭਾਅ ਨੂੰ ਚੰਗੀ ਤਰ੍ਹਾਂ ਜਾਣਦਾ ਸੀ ਤੇ ਪ੍ਰਤੀਕਰਮ ਦੀ ਕਲਪਨਾ ਕਰ ਸਕਦਾ ਸੀ। ਰੱਬ ਨਾ ਕਰੇ, ਫ਼ਿਲਮੀ ਦੁਨੀਆ ਦੀ ਆਮ ਰੀਤ ਵਾਂਗ ਜੇ ਆਖ਼ਰ ਨੂੰ ਚੋਪੜੇ ਕੋਲ ਕੰਮ ਨਾ ਬਣਿਆ, ਉਸ ਨੇ ਕਹਿਣਾ ਹੈ, ਤੇਰੇ ਪਾਏ ਆਰਟ ਦੇ ਘਚੋਲੇ ਕਾਰਨ ਮੇਰੇ ਗੀਤ-ਕਹਾਣੀਆਂ ਵੀ ਵਿਚੇ ਰਹਿ ਗਏ। ਹੁਣ ਉਹ ਇਕੱਲਾ ਹੋਣ ਕਰਕੇ ਦੋਵੇਂ ਗੱਲਾਂ ਕਰ ਸਕਦਾ ਸੀ।

ਇਕ-ਦੋ ਫ਼ਿਲਮੀ ਚੱਕਰ ਕੱਢ ਕੇ ਉਹ ਕਿਸੇ ਮਿਊਜ਼ੀਅਮ ਜਾਂ ਆਰਟ ਗੈਲਰੀ ਚਲਿਆ ਜਾਂਦਾ। ਸਭ ਤੋਂ ਚੰਗੀ ਗੱਲ ਇਹ ਸੀ ਕਿ ਬੰਬਈ ਵਿਚ ਅਨੇਕ ਪ੍ਰਮੁੱਖ ਚਿੱਤਰਕਾਰ ਰਹਿੰਦੇ ਸਨ ਜਿਨ੍ਹਾਂ ਨੂੰ ਮਿਲਣ ਦਾ ਇਹ ਵਧੀਆ ਮੌਕਾ ਸੀ। ਉਹਨਾਂ ਦਾ ਰਵਈਆ ਫ਼ਿਲਮੀ ਲੋਕਾਂ ਤੋਂ ਬਿਲਕੁਲ ਉਲਟ ਸੀ। ਉਹ ਕਿਸੇ ਉਭਰਦੇ ਚਿੱਤਰਕਾਰ ਨੂੰ ਤਾਂ ਕੀ, ਸਾਧਾਰਨ ਕਲਾ-ਪ੍ਰੇਮੀ ਤੇ ਦਰਸ਼ਕ ਨੂੰ ਮਿਲ ਕੇ ਵੀ ਖ਼ੁਸ਼ ਹੁੰਦੇ ਸਨ। ਚਰਨਜੀਤ ਦੀਆਂ ਗੱਲਾਂ ਵਿਚ ਪ੍ਰਤਿਭਾ ਦੀਆਂ ਪੈੜਾਂ ਦੇਖ ਕੇ ਤਾਂ ਉਹ ਕਲਾ ਬਾਰੇ ਡੂੰਘੀ ਤੇ ਫ਼ੈਲਵੀਂ ਚਰਚਾ ਕਰਨ ਲੱਗ ਪੈਂਦੇ। ਹੋਰ ਨਹੀਂ ਤਾਂ ਏਨੇ ਪ੍ਰਤਿਭਾਸ਼ਾਲੀ ਚਿੱਤਰਕਾਰਾਂ, ਜਿਨ੍ਹਾਂ ਵਿਚੋਂ ਕਈ ਤਾਂ ਸੰਸਾਰ-ਪ੍ਰਸਿੱਧ ਸਨ, ਦੀਆਂ ਗੱਲਾਂ ਨਾਲ ਉਹਦੀ ਸਕੂਲਿੰਗ ਹੀ ਹੋ ਰਹੀ ਸੀ। ਅਜਿਹਾ ਮੌਕਾ ਕਿਸੇ ਨੂੰ ਕਦੋਂ ਮਿਲਦਾ ਹੈ! ਉਹ ਆਪਣੀ ਕਿਸਮਤ ਨੂੰ ਸਲਾਹੁੰਦਾ। ਪਰ ਜਗਦੀਪ ਤੋਂ ਉਹ ਓਹਲਾ ਹੀ ਰਖਦਾ। ਉਹਨੇ ਕਹਿਣਾ ਸੀ, ਤੂੰ ਕਿਸੇ ਫ਼ਿਲਮ ਵਿਚ ਮੇਰੀ ਗੀਤ-ਕਹਾਣੀ ਵਾਸਤੇ ਰਾਹ ਖੋਲ੍ਹਣ ਜਾਂਦਾ ਹੈਂ ਕਿ ਆਰਟ ਗੈਲਰੀਆਂ ਦੀਆਂ ਸੈਰਾਂ ਤੇ ਆਰਟਿਸਟਾਂ ਨਾਲ ਮੁਲਾਕਾਤਾਂ ਕਰਨ ਜਾਂਦਾ ਹੈਂ! ਜੇ ਕਿਸੇ ਦਿਨ ਅਜਿਹਾ ਕੋਈ ਰੁਝੇਵਾਂ ਨਾ ਹੁੰਦਾ, ਹਮੇਸ਼ਾ ਬਾਂਹਾਂ ਖੋਲ੍ਹ ਕੇ ਮਿਲਣ ਵਾਲਾ ਦੋਸਤ ਸਮੁੰਦਰ ਤਾਂ ਹੈ ਹੀ ਸੀ।

###

# ਗੁਰੂ ਗੋਬਿੰਦ ਸਿੰਘ ਜੀ ਦੀ ਰਾਏ ਕਲ੍ਹਾ ਨੂੰ ਬਖ਼ਸ਼ਿਸ਼ –'ਗੰਗਾ ਸਾਗਰ'


ਜ਼ਿਲ੍ਹਾ ਲੁਧਿਆਣਾ ਦੀ ਜਗਰਾਉਂ ਤਹਿਸੀਲ ਵਿਚ (ਲੁਧਿਆਣਾ ਤੋਂ 37 ਕਿਲੋਮੀਟਰ ਦੂਰ) ਇਕ ਨਗਰ ਰਾਇਕੋਟ ਹੈ। ਇਹ ਨਗਰ ਸੰਨ 1648 ਵਿਚ ਰਾਇ ਅਹਿਮਦ ਨੇ ਆਬਾਦ ਕੀਤਾ ਸੀ। ਰਾਇ ਅਹਿਮਦ ਦਾ ਵੱਡਾ ਵਡੇਰਾ ਤੁਲਸੀ ਰਾਮ ਰਾਜਪੂਤ ਤੋਂ ਮੁਸਲਮਾਨ ਬਣ ਗਿਆ ਸੀ; ਉਸ ਨੂੰ ਸ਼ੇਖ਼ ਚੱਕੂ ਵੀ ਕਹਿੰਦੇ ਸਨ। ਰਾਇ ਅਹਿਮਦ ਦੀ ਕੁਲ ਵਿਚੋਂ ਰਾਇ ਕਮਾਲ-ਉਦ-ਦੀਨ ਨੇ ਜਗਰਾਉਂ ਪਿੰਡ ਆਬਾਦ ਕੀਤਾ ਸੀ। ਇਸ ਦਾ ਪੁੱਤਰ ਕਲ੍ਹਾ ਰਾਇ ਸੰਨ 1705 ਵਿਚ ਰਾਇਕੋਟ ਰਿਆਸਤ ਦਾ ਮਾਲਕ ਸੀ। ਇਕ ਪੁਰਾਣੇ ਸੋਮੇ ਮੁਤਾਬਿਕ ਰਾਇ ਕਲ੍ਹਾ ਦੀ ਬੇਟੀ ਦੀ ਸ਼ਾਦੀ ਕੋਟਲਾ ਨਿਹੰਗ ਖ਼ਾਨ ਦੇ ਭਾਈ ਨਿਹੰਗ

ਡਾ. ਹਰਜਿੰਦਰ ਸਿੰਘ ਦਿਲਗੀਰ

ਖ਼ਾਨ ਦੇ ਬੇਟੇ ਆਲਮ ਖ਼ਾਨ ਨਾਲ ਹੋਈ ਸੀ। ਨਿਹੰਗ ਖ਼ਾਨ ਅਤੇ ਉਸ ਦੇ ਸਾਰੇ ਰਿਸ਼ਤੇਦਾਰ ਛੇਵੇਂ ਪਾਤਸ਼ਾਹ ਦੇ ਸਮੇਂ ਤੋਂ ਹੀ ਗੁਰੂ ਸਾਹਿਬਾਨ ਦੇ ਸਾਦਿਕ ਸਨ। ਰਾਇ ਕਲ੍ਹਾ ਦਾ ਗੁਰੂ ਜੀ ਨਾਲ ਪਹਿਲਾ ਮੇਲ 3 ਮਈ 1694 ਦੇ ਦਿਨ ਨਿਹੰਗ ਖ਼ਾਨ ਦੇ ਬੇਟੇ ਆਲਮ ਖ਼ਾਨ ਦੀ ਰਾਇ ਕਲ੍ਹਾ ਦੀ ਬੇਟੀ ਨਾਲ ਮੰਗਣੀ ਦੀ ਰਸਮ ਕੋਟਲਾ ਨਿਹੰਗ ਖ਼ਾਨ ਵਿਚ ਹੋਈ ਸੀ।

ਗੁਰੂ ਗੋਬਿੰਦ ਸਿੰਘ ਜੀ 5 ਤੇ 6 ਦਸੰਬਰ 1705 ਦੀ ਅੱਧੀ ਰਾਤ ਨੂੰ ਅਨੰਦਪੁਰ ਛੱਡਣ ਮਗਰੋਂ ਸਭ ਤੋਂ ਪਹਿਲਾਂ ਕੋਟਲਾ ਨਿਹੰਗ ਖ਼ਾਨ ਵਿਚ ਰਹੇ ਸਨ। ਇਸ ਮਗਰੋਂ ਉਹ ਚਮਕੌਰ ਤੇ ਮਾਛੀਵਾੜਾ ਤੋਂ ਦੀਨਾ ਕਾਂਗੜ ਜਾਂਦੇ ਹੋਏ 17 ਦਸੰਬਰ 1705 ਦੇ ਦਿਨ ਲੰਮਾ ਜੱਟਪੁਰਾ ਪੁੱਜੇ ਸਨ। ਇੱਥੇ ਰਾਇ ਕਲ੍ਹਾ ਅਤੇ ਉਸ ਦਾ ਦਾਮਾਦ ਆਲਮ ਖ਼ਾਨ (ਕੋਟਲਾ ਨਿਹੰਗ ਵਾਲਾ) ਗੁਰੂ ਜੀ ਨੂੰ ਆ ਕੇ ਮਿਲੇ। ਰਾਏ ਕਲ੍ਹਾ ਗੁਰੂ ਜੀ ਨੂੰ ਆਪਣੇ ਮਹਿਲ ਵਿਚ ਲੈ ਗਿਆ ਸੀ। ਇੱਥੋਂ ਉਸ ਨੇ ਆਪਣੇ ਸਾਥੀ ਨੂਰਾ ਮਾਹੀ ਨੂੰ 'ਸੀਹਰੰਦ' (ਹੁਣ ਸਰਹੰਦ) ਭੇਜ ਕੇ ਮਾਤਾ ਗੁਜਰੀ ਅਤੇ ਬੱਚਿਆਂ ਦੀ ਸ਼ਹੀਦੀ ਅਤੇ ਟੋਡਰ ਮੱਲ ਦੇ ਪਰਿਵਾਰ ਵੱਲੋਂ ਉਨ੍ਹਾਂ ਦਾ ਸਸਕਾਰ ਕੀਤੇ ਜਾਣ ਦੀ ਖ਼ਬਰ ਦੀ ਤਸਦੀਕ ਕਰਵਾਈ ਸੀ। ਗੁਰੂ ਜੀ ਦੋ ਦਿਨ ਉੱਥੇ ਰਹੇ ਸਨ। ਮਾਤਾ ਜੀ ਅਤੇ ਬੱਚਿਆਂ ਦੀ ਸ਼ਹੀਦੀ ਦੀ ਖ਼ਬਰ ਸੁਣਨ ਮਗਰੋਂ ਗੁਰੂ ਜੀ ਨੇ ਇਕ ਕਾਹੀ ਦਾ ਬੂਟਾ ਉਖੇੜਦਿਆਂ ਕਿਹਾ ਸੀ ਕਿ ਤੁਰਕਾਂ ਨੇ ਬਹੁਤ ਜ਼ੁਲਮ ਕੀਤਾ ਹੈ, ਹੁਣ ਇਨ੍ਹਾਂ ਦੇ ਰਾਜ ਦੀ ਜੜ੍ਹ ਪੁੱਟੀ ਜਾਏਗੀ। ਇਹ ਜ਼ੁਲਮ ਦਾ ਰਾਜ ਬਹੁਤੀ ਦੇਰ ਨਹੀਂ ਰਹੇਗਾ। ਇਹ ਸੁਣ ਕੇ ਰਾਇ ਕਲ੍ਹਾ ਨੇ ਕਿਹਾ ਸੀ ਕਿ ਮੈਂ ਵੀ ਤਾਂ ਤੁਰਕ ਹਾਂ। ਇਸ 'ਤੇ ਗੁਰੂ ਜੀ ਨੇ ਉਸ ਨੂੰ ਆਪਣੀ ਤਲਵਾਰ ਬਖ਼ਸ਼ ਕੇ ਆਖਿਆ ਸੀ ਕਿ ਜਦ ਤਕ ਇਹ ਤੁਹਾਡੇ ਕੋਲ ਮਹਿਫ਼ੂਜ਼ ਰਹੇਗੀ ਪੰਥ ਤੁਹਾਡੀ ਹਿਫ਼ਾਜ਼ਤ ਕਰਦਾ ਰਹੇਗਾ। ਮਗਰੋਂ ਇਸ ਪਰਿਵਾਰ ਤੋਂ ਇਹ ਤਲਵਾਰ ਲੁਧਿਆਣਾ ਦੇ ਅੰਗ੍ਰੇਜ਼ ਡਿਪਟੀ ਕਮਿਸ਼ਨਰ ਨੇ ਲੈ ਲਈ ਸੀ ਅਤੇ ਉਹ ਇੰਗਲੈਂਡ ਲੈ ਗਿਆ ਸੀ। ਇਕ ਰਿਵਾਇਤ ਮੁਤਾਬਿਕ ਇਹ ਤਲਵਾਰ ਗੁਰਦੁਆਰਾ ਸਿਰੋਪਾਉ ਸਾਹਿਬ ਨਾਭਾ ਵਿਚ ਰਹੀ ਸੀ। ਹੁਣ ਇਸ ਤਲਵਾਰ ਦਾ ਕੋਈ ਪਤਾ ਨਹੀਂ ਚਲਦਾ।

ਗੁਰੂ ਜੀ 19 ਦਸੰਬਰ 1705 ਦੀ ਸਵੇਰ ਨੂੰ ਰਾਇਕੋਟ ਤੋਂ ਚੱਲੇ ਸਨ। ਜਾਣ ਤੋਂ ਪਹਿਲਾਂ ਉਨ੍ਹਾਂ ਨੇ ਰਾਇ ਕਲ੍ਹਾ ਨੂੰ ਇਕ ਲੋਟਾ (ਜਿਸ ਨੂੰ ਮਗਰੋਂ 'ਗੰਗਾ ਸਾਗਰ' ਕਹਿਣ ਲਗ ਪਏ ਸਨ) ਵੀ ਬਖ਼ਸ਼ਿਸ਼ ਕੀਤਾ ਸੀ। ਇਹ ਗੰਗਾ ਸਾਗਰ ਤ੍ਰਿਪੁਰਾ ਦੇ ਰਾਜਾ ਰਤਨ ਰਾਇ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ 12 ਅਕਤੂਬਰ 1680 ਦੇ ਦਿਨ ਚੱਕ ਨਾਨਕੀ (ਅਨੰਦਪੁਰ) ਵਿਚ ਭੇਟ ਕੀਤਾ ਸੀ। ਇਸ ਵਿਚ 288 ਛੇਕ ਹਨ। ਇਸ ਵਿਚ ਪਾਈ ਕੋਈ ਤਰਲ ਚੀਜ਼ ਡੁਲ੍ਹਦੀ ਨਹੀਂ, ਪਰ ਇਸ ਵਿਚ ਰੇਤ ਪਾਉਣ ਨਾਲ ਕਿਰ ਜਾਂਦੀ ਹੈ। ਇਹ ਕੋਈ ਜਾਦੂ ਨਹੀਂ ਬਲਕਿ ਇਸ ਨੂੰ ਬਣਾਉਣ ਵਾਲਿਆਂ ਦੀ ਸਨਅਤਕਾਰੀ (ਇੰਜਨੀਅਰਿੰਗ ਕਲਾ) ਦਾ ਵੱਡਾ ਕਮਾਲ ਹੈ। ਗੁਰੂ ਜੀ ਨੇ ਰਾਇ ਕਲ੍ਹਾ ਨੂੰ ਇਕ ਰੀਹਲ (ਜਿਸ 'ਤੇ ਕੁਰਾਨ ਜਾਂ ਕੋਈ ਵੀ ਪੋਥੀ ਰੱਖ ਕੇ ਪੜ੍ਹੀ ਜਾਂਦੀ ਹੈ) ਵੀ ਬਖ਼ਸ਼ਿਸ਼ ਕੀਤੀ ਸੀ (ਇਸ ਰੀਹਲ ਦਾ ਵੀ ਕੋਈ ਪਤਾ ਨਹੀਂ ਲਗਦਾ)। ਰਾਇਕੋਟ ਵਿਚ ਗੁਰੂ ਗੋਬਿੰਦ ਸਿੰਘ ਜੀ ਦੀ ਯਾਦ ਵਿਚ 'ਗੁਰਦੁਆਰਾ ਟਾਹਲੀਆਣਾ ਸਾਹਿਬ' ਬਣਿਆ ਹੋਇਆ ਹੈ। ਉਸ ਤੋਂ ਇਲਾਵਾ ਇੱਥੇ 'ਗੁਰਦੁਆਰਾ ਜੜ੍ਹ ਪੁੱਟੀ ਸਾਹਿਬ' ਵੀ ਬਣੇ



ਹੋਏ ਹਨ।

ਸੰਨ 1947 ਵਿਚ ਰਾਏ ਕਲ੍ਹਾ ਦਾ ਪਰਿਵਾਰ ਪਾਕਿਸਤਾਨ ਚਲਾ ਗਿਆ ਸੀ। ਉਹ ਗੰਗਾ ਸਾਗਰ ਨੂੰ ਆਪਣੇ ਨਾਲ ਨਗਰ ਚੀਚਾ ਵਤਨੀ ਲੈ ਗਏ ਸਨ। ਕਿਉਂਕਿ ਇਸ ਪਰਿਵਾਰ ਦੇ ਮੁਖੀ ਛੇਤੀ ਚੜ੍ਹਾਈ ਕਰ ਗਏ ਸਨ ਇਸ ਕਰ ਕੇ ਗੰਗਾ ਸਾਗਰ ਲੋਕਾਂ ਨੂੰ ਦਿਖਾਇਆ ਨਾ ਜਾ ਸਕਿਆ। ਕਈ ਸਾਲ ਮਗਰੋਂ ਜਦੋਂ ਇਸ ਪਰਿਵਾਰ ਦੇ ਰਾਏ ਅਜ਼ੀਜ਼ ਉੱਲਾ ਖ਼ਾਨ ਵੱਡੇ ਹੋਏ ਤਾਂ ਉਨ੍ਹਾਂ ਨੇ ਬੜੀ ਇਹਤਿਆਤ ਨਾਲ ਸੰਭਾਲ ਕੇ ਅਤੇ ਛੁਪਾ ਕੇ ਰੱਖੇ ਹੋਏ 'ਗੰਗਾ ਸਾਗਰ' ਦੀ ਇਤਲਾਹ ਸਿੱਖਾਂ ਨੂੰ ਦਿੱਤੀ। ਮਗਰੋਂ ਰਾਏ ਅਜ਼ੀਜ਼ ਉੱਲਾ ਖ਼ਾਨ, ਜੋ ਇਕ ਵਾਰ ਪਾਕਿਸਤਾਨ ਵਿਚ ਮੈਂਬਰ ਪਾਰਲੀਮੈਂਟ ਵੀ ਬਣੇ ਸਨ, ਗੰਗਾ ਸਾਗਰ ਨੂੰ ਆਪਣੇ ਨਾਲ ਸਰੀ (ਕੈਨੇਡਾ) ਲੈ ਗਏ ਅਤੇ ਇਕ ਬੈਂਕ ਦੇ ਲਾਕਰ ਵਿਚ ਰਖਵਾ ਦਿੱਤਾ। ਉਹ ਸਾਲ ਵਿਚ ਕਈ ਵਾਰ ਸਿੱਖਾਂ ਵਾਸਤੇ ਇਸ ਦਾ ਜਲੌ (ਨੁਮਾਇਸ਼) ਕਰਦੇ ਹਨ ਅਤੇ ਸੰਗਤਾਂ ਦੀ ਫ਼ੁਰਮਾਇਸ਼ 'ਤੇ ਦੂਜੇ ਮੁਲਕਾਂ ਵਿਚ ਲੈ ਜਾਂਦੇ ਹਨ। ਇਹ ਗੰਗਾ ਸਾਗਰ 25 ਜੁਲਾਈ ਸੰਨ 1994 ਦੇ ਦਿਨ ਇੰਗਲੈਂਡ ਵਿਚ ਲਿਜਾਇਆ ਗਿਆ ਸੀ (ਉਸ ਮਗਰੋਂ ਵੀ ਗੰਗਾ ਸਾਗਰ ਇੰਗਲੈਂਡ ਵਿਚ ਲਿਜਾਇਆ ਗਿਆ ਸੀ)। ਫਿਰ 18 ਦਸੰਬਰ 2004 (1947 ਤੋਂ 57 ਸਾਲ ਮਗਰੋਂ) ਦੇ ਦਿਨ ਇਹ ਅੰਮ੍ਰਿਤਸਰ ਲਿਜਾਇਆ ਗਿਆ ਸੀ ਅਤੇ ਪੰਜਾਬ ਤੇ ਦਿੱਲੀ ਵਾਸੀਆਂ ਨੂੰ ਵੀ ਦਿਖਾਇਆ ਗਿਆ ਸੀ। 19 ਜੂਨ 2026 ਦੇ ਦਿਨ ਇਹ ਯੂਰਪ ਦੇ ਮੁਲਕ ਨਾਰਵੇ ਦੀ ਰਾਜਧਾਨੀ ਓਸਲੋ ਵਿਚ ਵੀ ਲਿਜਾਇਆ ਗਿਆ ਸੀ ਤੇ 21 ਜੂਨ ਤਕ ਉੱਥੇ ਰਿਹਾ ਸੀ।

ਇੱਥੇ ਇਕ ਸਵਾਲ ਕੀਤਾ ਜਾ ਸਕਦਾ ਹੈ ਕਿ ਜੇ ਸਿੱਖੀ ਵਿਚ ਸਿਰਫ਼ ਸ਼ਬਦ, ਗੁਰਬਾਣੀ ਅਤੇ ਗੁਰੂ ਦੀ ਸਿਖਿਆ ਦੀ ਅਹਮੀਅਤ ਹੈ ਤਾਂ 'ਗੰਗਾ ਸਾਗਰ' ਦੀ ਕੀ ਥਾਂ ਹੈ? ਇਸ ਵਿਚ ਕੋਈ ਸ਼ੱਕ ਨਹੀਂ ਕਿ ਸਿੱਖੀ ਵਿਚ ਗੁਰਬਾਣੀ ਪੜ੍ਹਨ, ਸਮਝਣ ਅਤੇ ਉਸ ਮੁਤਾਬਿਕ ਜ਼ਿੰਦਗੀ ਜੀਣਾ ਹੀ ਮੁਖ ਗੱਲ ਹੈ। ਪਰ ਇਸ ਦੇ ਨਾਲ ਨਾਲ ਸਿੱਖ ਤਵਾਰੀਖ਼ ਅਤੇ ਗੁਰੂ ਜੀ ਅਤੇ ਸਿੱਖ ਤਵਾਰੀਖ਼ ਨਾਲ ਸਬੰਧਤ ਚੀਜ਼ਾਂ ਵੀ ਸਾਡਾ ਖ਼ਜ਼ਾਨਾ ਹਨ। ਸਾਡੇ ਵਾਸਤੇ ਸ਼ਬਦ (ਗੁਰਬਾਣੀ) ਹੀ ਸਭ ਕੁਝ ਹੈ, ਪਰ ਸਾਡੇ ਗੁਰਦੁਆਰੇ ਵੀ ਸਾਡੀ ਤਵਾਰੀਖ਼ ਹਨ। ਜਿੱਥੇ ਜਿੱਥੇ ਗੁਰੂ ਸਾਹਿਬ ਰਹੇ ਉਹ ਵੀ ਸਾਡਾ ਕੌਮੀ ਖ਼ਜ਼ਾਨਾ ਹਨ। ਗੁਰੂ ਗ੍ਰੰਥ ਸਾਹਿਬ ਤਾਂ ਹਰ ਥਾਂ ਮੌਜੂਦ ਹੈ ਤੇ ਸ਼ਬਦ (ਗੁਰਬਾਣੀ) ਹੀ ਸਭ ਕੁਝ ਹੈ। ਪਰ ਅਸੀਂ ਨਾਨਕਾਣਾ, ਕਰਤਾਰਪੁਰ, ਅੰਮ੍ਰਿਤਸਰ, ਅਨੰਦਪੁਰ, ਪਾਉਂਟਾ, ਨੰਦੇੜ ਜਾਂਦੇ ਹਾਂ ਕਿਉਂਕਿ ਉਹ ਸਾਡੀ ਤਵਾਰੀਖ਼ ਹਨ, ਗੁਰੂ ਜੀ ਦੀਆਂ ਯਾਦਗਾਰਾਂ ਹਨ।

ਇੰਞ ਹੀ ਅਸੀਂ ਗੁਰੂ ਸਾਹਿਬ ਦੇ ਸ਼ਸ਼ਤਰ ਸੰਭਾਲ ਕੇ ਰੱਖੇ ਹਨ, ਪੁਰਾਣੀਆਂ ਪੋਥੀਆਂ, ਗੁਟਕੇ, ਬਸਤਰ, ਜੋੜੇ ਅਤੇ ਹੋਰ ਕਈ ਚੀਜ਼ਾਂ ਸੰਭਾਲ ਕੇ ਰੱਖੀਆਂ ਹੋਈਆਂ ਹਨ। ਆਪਣੇ ਗੁਰੂਆਂ ਦੀ ਤਵਾਰੀਖ਼ ਦੀਆਂ ਯਾਦਗਾਰੀ ਚੀਜ਼ਾਂ ਸਾਡਾ ਅਨਮੋਲ ਖ਼ਜ਼ਾਨਾ ਹਨ। ਸ਼ੁਕਰ ਇਹ ਹੈ ਕਿ ਇਨ੍ਹਾਂ ਵਿਚੋਂ (ਗੰਗਾ ਸਾਗਰ ਵਾਂਙ) ਕਈ ਚੀਜ਼ਾਂ ਸੰਭਾਲੀਆਂ ਪਈਆਂ ਹਨ। ਜੇ ਕਿਤੇ ਕਾਰ ਸੇਵਾ ਵਾਲਿਆਂ ਦੇ ਹੱਥ ਆ ਜਾਂਦੀਆਂ ਤਾਂ ਪਤਾ ਨਹੀਂ ਇਨ੍ਹਾਂ ਨਾਲ ਕੀ ਸਲੂਕ ਹੁੰਦਾ? ਸ਼ੁਕਰ ਇਹ ਹੈ ਕਿ ਸਾਡੇ ਕੋਲ ਕੁਝ ਅਜਾਇਬ ਘਰ ਕਾਇਮ ਹਨ ਜਿਨ੍ਹਾਂ ਵਿਚ ਗੁਰੂ ਸਾਹਿਬਾਨ ਦੀਆਂ ਨਿਸ਼ਾਨੀਆਂ ਸੰਭਾਲੀਆਂ ਪਈਆਂ ਹਨ।

ਉਂਞ ਇਸ ਵਿਚ ਵੀ ਕੋਈ ਸ਼ੱਕ ਨਹੀਂ ਕਿ ਬਹੁਤ ਸਾਰੀਆਂ ਨਕਲੀ ਚੀਜ਼ਾਂ ਵੀ ਹਨ ਜਿਨ੍ਹਾਂ ਨੂੰ ਗੁਰੂ ਜੀ ਦੀਆਂ ਕਹਿ ਕੇ ਲੋਕਾਂ ਤੋਂ ਚੜ੍ਹਾਵਾ ਇਕੱਠਾ ਕੀਤਾ ਜਾ ਰਿਹਾ ਹੈ, ਜਿਵੇਂ: ਗੁਰੂ ਹਰਿਗੋਬਿੰਦ ਸਾਹਿਬ ਦੇ 52 ਕਲੀਆਂ ਵਾਲੇ ਦੋ ਚੋਗੇ ਹਨ, ਉਚ ਦਾ ਪੀਰ ਵਾਲੇ ਬਸਤਰ ਦੋ ਜਗਹ ਪਏ ਹਨ, ਡੇਰਾ ਬਾਬਾ ਨਾਨਕ ਵਿਚ ਵੀ ਇਕ ਚੋਲਾ ਪਿਆ ਹੋਇਆ ਹੈ। ਇੰਞ ਹੀ ਕਈ ਥਾਂ ਮਾਲਾ ਪਈਆਂ ਹਨ (ਹਾਲਾਂਕਿ ਗੁਰੂ ਜੀ ਮਾਲਾ ਤੇ ਤਸਬੀ ਨੂੰ ਰੱਦ ਕਰਦੇ ਹਨ) ਜਿਨ੍ਹਾਂ ਨੂੰ ਗੁਰੂ ਸਾਹਿਬਾਨ ਦੀਆਂ ਮਾਲਾ ਕਹਿ ਕੇ ਰੱਖਿਆ ਹੋਇਆ ਹੈ ਤੇ ਕਈ ਹੋਰ ਨਕਲੀ ਚੀਜ਼ਾਂ।

ਸਿੱਖ ਰਾਏ ਅਜ਼ੀਜ਼ ਉੱਲਾ ਖ਼ਾਨ ਪਰਿਵਾਰ ਦੇ ਸ਼ੁਕਰਗੁਜ਼ਾਰ ਹਨ ਕਿ ਉਨ੍ਹਾਂ ਨੇ ਸਾਡਾ ਖ਼ਜ਼ਾਨਾ ਸੰਭਾਲ ਕੇ ਰੱਖਿਆ ਹੋਇਆ ਹੈ ਅਤੇ ਜਦੋਂ ਉਨ੍ਹਾਂ ਨੂੰ ਵੇਖਣ ਵਾਸਤੇ ਸਾਡਾ ਚਿੱਤ ਕਰੇ ਲੈ ਕੇ ਹਾਜ਼ਰ ਹੋ ਜਾਂਦੇ ਹਨ।

***ਲੇਖਕ ਬਾਰੇ:***

***ਡਾਇਰੈਕਟਰ: ਗੁਰੂ ਨਾਨਕ ਰੀਸਰਚ ਇੰਸਟੀਚਿਊਟ (ਬ੍ਰਿਮਿੰਘਮ, ਇੰਗਲੈਂਡ)***

***ਸਾਬਕਾ ਡਾਇਰੈਕਟਰ: ਸਿੱਖ ਹਿਸਟਰੀ ਰੀਸਰਚ ਬੋਰਡ (ਸ਼੍ਰੋਮਣੀ ਗੁ. ਪ੍ਰ.ਕਮੇਟੀ)***

# ਸੋਲੀਹੁੱਲ ਕੌਂਸਲ ਦਾ ਪਹਿਲਾ ਸਿੱਖ ਮੇਅਰ – ਸਰਦੂਲ ਸਿੰਘ ਮਾਰਵਾ

ਬਰਤਾਨੀਆ ਦੇ ਇਤਿਹਾਸ ਵਿਚ ਗੋਰਿਆਂ ਦੀ ਸੰਘਣੀ ਆਬਾਦੀ ਵਾਲੇ ਇਲਾਕੇ ਦੀ ਕੌਂਸਲ ਸੋਲੀਹੁੱਲ ਦਾ ਪਹਿਲੀ ਵਾਰ ਸਰਦੂਲ ਸਿੰਘ ਮਾਰਵਾ ਮੇਅਰ ਬਣਿਆ ਹੈ। ਜ਼ਿੰਦਗੀ ਜਦੋ-ਜਹਿਦ ਤੇ ਮਿਹਨਤ ਦਾ ਦੂਜਾ ਨਾਮ ਹੈ। ਅਨੇਕਾਂ ਰੁਕਾਵਟਾਂ ਅਤੇ ਸਮੱਸਿਆਵਾਂ ਹੋਣ ਦੇ ਬਾਵਜੂਦ ਜਦੋ-ਜਹਿਦ ਅਤੇ ਮਿਹਨਤ ਕਰਨ ਵਾਲਾ ਵਿਅਕਤੀ ਸਫਲਤਾ ਦੀਆਂ ਬੁਲੰਦੀਆਂ 'ਤੇ ਪਹੁੰਚ ਜਾਂਦਾ ਹੈ। ਬਰਤਾਨੀਆ ਦੇ ਬਰਮਿੰਘਮ ਇਲਾਕੇ ਵਿਚ ਰਹਿਣ ਵਾਲਾ ਸਰਦੂਲ ਸਿੰਘ ਮਾਰਵਾ ਜਦੋ-ਜਹਿਦ ਦੀ ਭੱਠੀ ਵਿਚੋਂ ਨਿਕਲਿਆ ਖ਼ਰਾ ਸੋਨਾ ਹੈ, ਜਿਹੜਾ ਆਪਣੀ ਮਿਹਨਤ ਦੇ ਸਦਕੇ ਗੋਰਿਆਂ ਦੀ ਵਸੋਂ ਵਾਲੇ ਵੈਸਟ ਮਿਡਲੈਂਡ



**ਉਜਾਗਰ ਸਿੰਘ**
**ਫੋਨ: 94178-13072**

ਇਲਾਕੇ ਵਿਚ ਸੋਲੀਹੁੱਲ ਕੌਂਸਲ ਦਾ ਸਰਬਸੰਮਤੀ ਨਾਲ ਮੇਅਰ ਚੁਣਿਆ ਗਿਆ ਹੈ। ਪੰਜਾਬੀਆਂ ਦਾ ਇਹ ਖ਼ਾਸ ਗੁਣ ਹੈ, ਜਿਥੇ ਵੀ ਪਰਵਾਸ ਕਰਕੇ ਜਾਂਦੇ ਹਨ, ਉਥੇ ਹੀ ਆਪਣੀ ਸਫਲਤਾ ਦੇ ਝੰਡੇ ਗੱਡ ਦਿੰਦੇ ਹਨ। ਸੰਸਾਰ ਦਾ ਕੋਈ ਅਜਿਹਾ ਦੇਸ਼ ਨਹੀਂ ਜਿੱਥੇ ਪੰਜਾਬੀ ਨਾ ਪਹੁੰਚੇ ਹੋਣ, ਪਹੁੰਚੇ ਹੀ ਨਹੀਂ ਸਗੋਂ ਪੰਜਾਬੀਆਂ ਦਾ ਨਾਮ ਰੌਸ਼ਨ ਕਰ ਦਿੱਤਾ, ਖਾਸ ਤੌਰ 'ਤੇ ਸਿੱਖਾਂ ਦੀ ਪਛਾਣ ਮਿਹਨਤੀ, ਉਦਮੀ, ਧਰਮ-ਨਿਰਪੱਖ, ਇਨਸਾਫ ਪਸੰਦ, ਕਿਰਤ ਕਰੋ ਤੇ ਵੰਡ ਛਕੋ ਦੇ ਮੁੱਦਈ ਅਤੇ ਸਰਬੱਤ ਦੇ ਭਲੇ ਦੇ ਪਹਿਰੇਦਾਰ ਵਜੋਂ ਸਥਾਪਤ ਕਰ ਦਿੱਤੀ। ਪੰਜਾਬੀਆਂ ਦਾ ਰਾਮਗੜ੍ਹੀਆ ਭਾਈਚਾਰਾ ਮਿਹਨਤੀ ਤੇ ਹੁਨਰਮੰਦ ਹੈ। ਉਨ੍ਹਾਂ ਨੇ ਆਪਣੀ ਕਾਬਲੀਅਤ ਨਾਲ ਸੰਸਾਰ ਵਿਚ ਆਪਣੇ ਕਾਰੋਬਾਰ ਸਥਾਪਤ ਕਰਕੇ ਹਰ ਦੇਸ਼ ਦੀ ਆਰਥਿਕਤਾ ਨੂੰ ਭਰਵਾਂ ਹੁੰਗਾਰਾ ਦਿੱਤਾ ਹੈ। ਮਾਨਵਤਾ ਦੀ ਸੇਵਾ ਵਿਚ ਵਰਣਨਯੋਗ ਯੋਗਦਾਨ ਪਾਇਆ ਹੈ ਅਤੇ ਸਿੱਖੀ ਸੋਚ ਦੇ ਝੰਡੇ ਨੂੰ ਬੁਲੰਦ ਕੀਤਾ ਹੈ। ਇੱਥੇ ਹੀ ਬਸ ਨਹੀਂ ਪੰਜਾਬੀਆਂ ਨੇ ਤਾਂ ਪਰਵਾਸ ਵਿਚ ਸਮਾਜ ਸੇਵਾ ਤੋਂ ਲੈ ਕੇ ਕਾਰੋਬਾਰ ਦੇ ਹਰ ਖੇਤਰ ਵਿਚ ਮੱਲਾਂ ਮਾਰੀਆਂ ਹਨ। ਅਮਰੀਕਾ, ਕੈਨੇਡਾ, ਬਰਤਾਨੀਆ, ਆਸਟਰੇਲੀਆ, ਨਿਊਜ਼ੀਲੈਂਡ, ਜਰਮਨ, ਹਾਲੈਂਡ, ਅਫਰੀਕਾ, ਸਮੁੱਚਾ ਯੂਰਪ ਅਤੇ ਸਿੰਘਾਪੁਰ ਦੀ ਸਿਆਸਤ ਵਿਚ ਇਤਨੇ ਸਰਗਰਮ ਹਨ ਕਿ ਉਹ ਉਥੋਂ ਦੀ ਸਿਆਸਤ ਵਿਚ ਉਚ ਅਹੁਦੇ ਪ੍ਰਾਪਤ ਕਰਕੇ ਦੇਸ਼ ਦੀ ਤਰੱਕੀ ਵਿਚ ਅਹਿਮ ਭੂਮਿਕਾ ਨਿਭਾ ਰਹੇ ਹਨ। ਬਰਤਾਨੀਆ ਵਿਚ ਤਾਂ ਇੱਕ ਭਾਰਤੀ/ਪੰਜਾਬੀ ਮੂਲ ਦਾ ਰਿਸ਼ੀ ਸੁਨਕ ਪ੍ਰਧਾਨ ਮੰਤਰੀ ਵੀ ਰਿਹਾ ਹੈ। ਇਸ ਸਮੇਂ ਅੱਧਾ ਦਰਜਨ ਹਾਊਸ ਆਫ ਕਾਮਨਜ਼ ਦੇ ਮੈਂਬਰ ਹਨ। ਲਗਪਗ ਬਰਤਾਨੀਆ ਦੀ ਹਰ ਪਾਰਟੀ ਵਿਚ ਪੰਜਾਬੀਆਂ ਦੀ ਸ਼ਮੂਲੀਅਤ ਹੈ। ਇਸ ਸਮੇਂ ਬਰਤਾਨੀਆ ਦੀਆਂ ਸਥਾਨਕ ਸੰਸਥਾਵਾਂ ਵਿਚ ਕਈ ਪੰਜਾਬੀ ਮੇਅਰ ਹਨ। ਇਨ੍ਹਾਂ ਵਿਚ ਸਰਦੂਲ ਸਿੰਘ ਮਾਰਵਾ ਵੀ ਸ਼ਾਮਲ ਹੋ ਗਏ ਹਨ, ਜਿਹੜੇ 27 ਮਈ 2026 ਨੂੰ ਸੋਲੀਹੁੱਲ ਦੇ ਸਰਬਸੰਮਤੀ ਨਾਲ ਪਹਿਲੇ ਸਿੱਖ ਮੇਅਰ ਮੇਅਰ ਚੁਣੇ ਗਏ। ਉਹ ਰਾਮਗੜ੍ਹੀਆ ਭਾਈਚਾਰੇ ਨਾਲ ਸੰਬੰਧਤ ਹਨ। ਸਿੰਘ ਮਾਰਵਾ ਨੂੰ ਬਰਤਾਨੀਆ ਦੇ 99.99 ਫ਼ੀਸਦੀ ਅੰਗਰੇਜ਼ਾਂ (ਗੋਰਿਆਂ) ਦੀ ਆਬਾਦੀ ਵਾਲੇ ਵੈਸਟ ਮਿਡਲੈਂਡ ਇਲਾਕੇ ਦੀਆਂ 7 ਕੌਂਸਲਾਂ ਵਿਚੋਂ ਇੱਕ ਵੱਡੇ ਮਹੱਤਵਪੂਰਨ ਸ਼ਹਿਰ ਸੋਲੀਹੁੱਲ ਦੀ ਕੌਂਸਲ ਦੇ 51 ਮੈਂਬਰਾਂ ਨੇ ਨਿਰਵਿਰੋਧ ਮੇਅਰ ਚੁਣ ਲਿਆ। ਉਸਦੀ ਸਰਬਸੰਮਤੀ ਨਾਲ ਹੋਈ ਚੋਣ ਤੋਂ ਸਾਬਤ ਹੁੰਦਾ ਹੈ ਕਿ ਸ. ਮਾਰਵਾ ਹਰ ਸਮੁਦਾਇ ਵਿਚ ਕਿਤਨੇ ਹਰਮਨ-ਪਿਆਰੇ ਹਨ। ਇਸ ਤੋਂ ਪਹਿਲਾਂ ਉਹ 1984 ਵਿਚ ਬਰਮਿੰਘਮ ਸ਼ਹਿਰ ਦੇ ਕੌਂਸਲਰ ਚੁਣੇ ਗਏ ਸਨ। ਉਸ ਸਮੇਂ ਉਸਨੇ ਸਿੱਖ ਧਰਮ ਦੀ ਮਾਨਵਤਾ ਦੀ ਬਰਾਬਰਤਾ ਦੀ ਵਿਚਾਰਧਾਰਾ 'ਤੇ ਅਧਾਰਤ ਬਰਤਾਨੀਆ ਦੀ ਸੰਸਦ ਵਿਚ ਨਸਲੀ ਭੇਦਭਾਵ ਦੇ ਵਿਸ਼ੇ 'ਤੇ ਭਾਸ਼ਣ ਦਿੱਤਾ ਸੀ, ਜਿਸ ਕਰਕੇ ਉਨ੍ਹਾਂ ਦੀ ਹਰਮਨ-ਪਿਆਰਤਾ ਵਿਚ ਵਿਲੱਖਣ ਵਾਧਾ ਹੋਇਆ ਸੀ।

ਸਰਦੂਲ ਸਿੰਘ ਮਾਰਵਾ ਦਾ ਜਨਮ 1947 ਵਿਚ ਪਿਤਾ ਅਜੀਤ ਸਿੰਘ ਦੇ ਘਰ ਮਾਤਾ ਪ੍ਰਕਾਸ਼ ਕੌਰ ਦੀ ਕੁੱਖੋਂ ਪੰਜਾਬ ਦੇ ਜਲੰਧਰ ਜ਼ਿਲ੍ਹੇ ਦੇ ਬੰਗਾ ਨੇੜੇ ਝੰਡੇਰ ਪਿੰਡ ਵਿਚ ਹੋਇਆ। ਉਹ ਬਚਪਨ ਵਿਚ ਹੀ ਹੁਸ਼ਿਆਰ ਬੱਚਾ ਸੀ। ਉਸ ਨੇ ਸੱਤਵੀਂ ਤੱਕ ਦੀ ਪੜ੍ਹਾਈ ਚਰਨ ਕੰਵਲ ਖਾਲਸਾ ਹਾਈ ਸਕੂਲ ਬੰਗਾ ਤੋਂ ਪ੍ਰਾਪਤ ਕੀਤੀ। ਆਪਣੇ ਸੁਨਹਿਰੇ



ਭਵਿਖ ਲਈ 1960 ਵਿਚ ਆਪਣੇ ਮਾਤਾ-ਪਿਤਾ ਨਾਲ ਬਰਤਾਨੀਆ ਆ ਗਏ ਅਤੇ ਇੱਥੇ ਸੈਕੰਡਰੀ ਤੱਕ ਦੀ ਸਿੱਖਿਆ ਪ੍ਰਾਪਤ ਕਰਨ ਤੋਂ ਬਾਅਦ ਚਾਨਸ ਟੈਕਨੀਕਲ ਕਾਲਜ ਵਿਚੋਂ ਇਲੈਕਟ੍ਰੀਕਲ ਇੰਜਨੀਅਰਿੰਗ ਦੀ ਡਿਗਰੀ ਪ੍ਰਾਪਤ ਕੀਤੀ। ਇਸਤੋਂ ਬਾਅਦ ਡਿਪਲੋਮਾ ਇਨ ਐਜੂਕੇਸ਼ਨ ਐਂਡ ਕੰਪਿਊਟਰ ਹਾਰਡਵੇਅਰ ਟੈਕਨੀਸ਼ੀਅਨ ਹੈਂਡਜ਼ਵਰਥ ਕਾਲਜ ਤੋਂ ਪਾਸ ਕੀਤਾ। ਉਨ੍ਹਾਂ ਦਾ ਵਿਆਹ ਸਤਨਾਮ ਕੌਰ ਨਾਲ ਹੋਇਆ, ਜੋ ਐਲ ਐਲ ਬੀ ਹਨ। ਉਨ੍ਹਾਂ ਦੇ ਤਿੰਨ ਲੜਕੇ ਹਨ, ਜਿਹੜੇ ਆਪੋ ਆਪਣੇ ਕੰਮਾਂ ਵਿਚ ਸੈਟਲ ਹਨ।

ਸ. ਮਰਵਾਹਾ ਨੇ ਆਪਣੀ ਪੜ੍ਹਾਈ ਮੁਕੰਮਲ ਕਰਨ ਤੋਂ ਬਾਅਦ ਰਾਜਨੀਤੀ ਵਿਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ ਸੀ। ਉਹ ਕੰਜ਼ਰਵੇਟਿਵ ਪਾਰਟੀ ਦੇ ਮੈਂਬਰ ਬਣ ਗਏ। ਉਨ੍ਹਾਂ ਸਖ਼ਤ ਮਿਹਨਤ ਅਤੇ ਸਮਾਜ ਸੇਵਾ ਕੀਤੀ, ਜਿਸਦੇ ਸਿੱਟੇ ਵਜੋਂ 1982 ਵਿਚ ਬਰਮਿੰਘਮ ਸ਼ਹਿਰ ਦੇ ਕਾਊਂਸਲਰ ਬਣ ਗਏ ਅਤੇ ਇਸ ਅਹੁਦੇ 'ਤੇ 1988 ਤੱਕ ਰਹੇ। ਇਸ ਸਮੇਂ ਦੌਰਾਨ ਆਪਣੀ ਮਿਹਨਤ, ਲਗਨ, ਦ੍ਰਿੜ੍ਹਤਾ ਅਤੇ ਦੂਰ ਅੰਦੇਸ਼ੀ ਨਾਲ ਉਨ੍ਹਾਂ ਕਈ ਸੀਨੀਅਰ ਜ਼ਿੰਮੇਵਾਰੀਆਂ ਨਿਭਾਈਆਂ, ਜਿਨ੍ਹਾਂ ਵਿਚ ਨਸਲੀ ਸੰਬੰਧਾਂ ਅਤੇ ਸਮਾਨ ਅਵਸਰ ਕਮੇਟੀ ਦੇ ਚੇਅਰਮੈਨ ਅਤੇ ਮਨੋਰੰਜਨ ਸੇਵਾਵਾਂ ਕਮੇਟੀ ਦੇ ਚੇਅਰਮੈਨ ਦੀਆਂ ਸੇਵਾਵਾਂ ਵੀ ਸ਼ਾਮਲ ਹਨ। ਇਸ ਤੋਂ ਇਲਾਵਾ ਯੋਜਨਾ ਕਮੇਟੀ ਤਕਨੀਕੀ ਸੇਵਾਵਾਂ ਕਮੇਟੀ ਅਤੇ ਵਾਤਾਵਰਨ ਰਾਜ ਸਕੱਤਰ ਦੀ ਪ੍ਰਧਾਨਗੀ ਵਾਲੀ ਅੰਦਰੂਨੀ ਸ਼ਹਿਰ ਭਾਈਵਾਲੀ ਕਮੇਟੀ ਵਿਚ ਵੀ ਸੇਵਾ ਨਿਭਾਈ ਹੈ। ਇਨ੍ਹਾਂ ਸਿਆਸੀ ਸਰਗਰਮੀਆਂ ਕਰਕੇ ਸਰਦੂਲ ਸਿੰਘ ਦੇ ਵਿਅਕਤਿਤਵ ਵਿਚ ਨਿਖ਼ਾਰ ਆਇਆ। ਉਹ ਆਪਣੇ ਪੇਸ਼ੇਵਰ ਕੈਰੀਅਰ ਵਿਚ ਇਲੈਕਟ੍ਰੀਕਲ ਇੰਡਸਟਰੀ ਵਿਚ ਕੰਮ ਕਰਦੇ ਰਹੇ ਅਤੇ ਬਾਅਦ ਵਿਚ ਐਚ ਐਮ ਪੀ ਬਰਮਿੰਘਮ ਵਿਚ ਕੰਮ ਕੀਤਾ। ਆਪਣੇ ਕੈਰੀਅਰ ਦੇ ਨਾਲ ਹੀ ਉਨ੍ਹਾਂ ਜਨਤਕ ਸੇਵਾ, ਸਮਾਨਤਾ ਅਤੇ ਭਾਈਚਾਰਕ ਸ਼ਮੂਲੀਅਤ ਪ੍ਰਤੀ ਵਚਨਬੱਧਤਾ ਵਿਕਸਤ ਕੀਤੀ। ਸਰਦੂਲ ਸਿੰਘ ਮਾਰਵਾ ਨੇ 1982 ਤੋਂ 1989 ਤੱਕ ਬਰਮਿੰਘਮ 31 ਪੁਲਿਸ ਸਲਾਹਕਾਰ ਕਮੇਟੀ ਦੀ ਪ੍ਰਧਾਨਗੀ ਕੀਤੀ ਅਤੇ ਹੈਂਡਸਵਰਥ ਦੰਗਿਆਂ ਤੋਂ ਬਾਅਦ ਭਾਈਚਾਰਕ ਸ਼ਮੂਲੀਅਤ ਵਿਚ ਸ਼ਾਮਲ ਰਹੇ। ਉਨ੍ਹਾਂ ਸਪੋਰਟਸ ਕੌਂਸਲ ਬਰਮਿੰਘਮ ਦੇ ਵਾਈਸ ਚੇਅਰਪਰਸਨ ਵਜੋਂ ਵੀ ਸੇਵਾ ਨਿਭਾਈ, ਜਿਸ ਨਾਲ ਨੌਜਵਾਨਾਂ ਵਿਚ ਖੇਡਾਂ ਅਤੇ ਮਨੋਰੰਜਨ ਸਰਗਰਮੀਆਂ ਵਿਚ ਵਧੇਰੇ ਭਾਗੀਦਾਰੀ ਨੂੰ ਉਤਸ਼ਾਹਤ ਕਰਨ ਵਿਚ ਮਦਦ ਮਿਲੀ। ਇਸੇ ਤਰ੍ਹਾਂ ਸਰਦੂਲ ਸਿੰਘ ਮਾਰਵਾ ਹੋਰ ਬਹੁਤ ਸਾਰੀਆਂ ਕਮੇਟੀਆਂ ਦੇ ਚੇਅਰਮੈਨ ਤੇ ਮੈਂਬਰ ਰਹੇ, ਜਿਨ੍ਹਾਂ ਵਿਚ ਸਮਾਨਤਾ ਅਤੇ ਜਨਤਕ ਸੇਵਾ, ਕਮਿਊਨਿਟੀ ਰਿਲੇਸ਼ਨਜ਼ ਕੌਂਸਲ ਬਰਮਿੰਘਮ, ਬਰਮਿੰਘਮ ਏਰੀਆ ਹੈਲਥ ਅਥਾਰਟੀ, ਵੈਸਟ ਬਰਮਿੰਘਮ ਹੈਲਥ ਅਥਾਰਟੀ, ਬਰਮਿੰਘਮ ਸਿਵਿਕ ਹਾਊਸਿੰਗ ਐਸੋਸੀਏਸ਼ਨ, ਕੰਜ਼ਰਵੇਸ਼ਨ ਐਡਵਾਈਜ਼ਰੀ ਕਮੇਟੀ ਬਰਮਿੰਘਮ ਅਤੇ ਇਲੈਕਟ੍ਰੀਕਲ, ਇਲੈਕਟਰਾਨਿਕ ਟੈਲੀਕਮਿਊਨੀਕੇਸ਼ਨ ਅਤੇ ਪਲੰਬਿੰਗ ਯੂਨੀਅਨ ਲਈ ਰਾਸ਼ਟਰੀ ਕਮੇਟੀ ਸ਼ਾਮਲ ਹਨ। ਉਹ ਵੈਸਟ ਮਿਡਲੈਂਡਜ਼ ਕੇਬਲ ਕਮਿਊਨੀਕੇਸ਼ਨਜ਼ ਦੇ ਸੰਸਥਾਪਕ ਬੋਰਡ ਮੈਂਬਰ ਵੀ ਸਨ, ਜੋ ਵੈਸਟ ਮਿਡਲੈਂਡਜ਼ ਵਿਚ ਕੇਬਲ ਸੇਵਾਵਾਂ ਪ੍ਰਦਾਨ ਕਰਨ ਵਾਲੀਆਂ ਪਹਿਲੀਆਂ ਕੰਪਨੀਆਂ ਵਿਚੋਂ ਇੱਕ ਸੀ। ਉਹ 2023 ਵਿਚ ਸੋਲੀਹੁੱਲ ਮੈਟਰੋਪੋਲੀਟਨ ਬੋਰੋ ਕੌਂਸਲ ਲਈ ਚੁਣੇ ਗਏ ਸਨ, ਮੋਨਕਸਪਾਥ ਅਤੇ ਹਿੱਲਫੀਲਡ ਵਾਰਡ ਨਾਲ ਸੇਂਟ ਅਲਫੇਜ ਦੀ ਨੁਮਾਇੰਦਗੀ ਕਰਦੇ ਰਹੇ। ਉਨ੍ਹਾਂ ਲਾਇਸੈਂਸਿੰਗ ਕਮੇਟੀ ਦੇ ਚੇਅਰਮੈਨ, ਯੋਜਨਾ ਕਮੇਟੀ, ਪੁਲਿਸ ਅਤੇ ਅਪਰਾਧ ਪੈਨਲ, ਚਿਲਡਰਨ ਸਰਵਿਸਜ਼ ਐਂਡ ਐਜੂਕੇਸ਼ਨ ਸਕਰੂਟਨੀ ਬੋਰਡ, ਸੋਲੀਹੁੱਲ ਸਕੂਲਜ਼ ਫੋਰਮ, ਆਰਥਿਕ ਵਿਕਾਸ ਅਤੇ ਪ੍ਰਬੰਧਨ ਵਿਕਾਸ ਸਕਰੂਟਨੀ ਬੋਰਡ ਅਤੇ ਸਟਰਾਂਗਰ ਕਮਿਊਨਿਟੀਜ਼ ਐਂਡ ਨੇਬਰਹੁਡ ਸਰਵਿਸਜ਼ ਸਕਰੂਟਨੀ ਬੋਰਡ ਵਿਚ ਸੇਵਾ ਨਿਭਾਈ। ਉਨ੍ਹਾਂ ਦੀਆਂ ਲੋਕ ਸੇਵਾਵਾਂ ਕਰਕੇ 1990 ਵਿਚ ਮਹਾਰਾਣੀ ਐਲਿਜ਼ਾਬੈਥ ਨੇ ਸਨਮਾਨਤ ਕੀਤਾ ਸੀ। ਸਰਦੂਲ ਸਿੰਘ ਮਾਰਵਾ 1995 ਤੋਂ 2019 ਤੱਕ ਜਸਟਿਸ ਆਫ ਦਾ ਪੀਸ ਦੀਆਂ ਸੇਵਾਵਾਂ ਵੀ ਨਿਭਾਉਂਦੇ ਰਹੇ। ਉਹ ਆਪਣੀ ਸਾਰੀ ਜ਼ਿੰਦਗੀ ਸਭਿਆਚਾਰਕ ਅਤੇ ਸਿਰਜਣਾਤਮਕ ਗਤੀਵਿਧੀਆਂ ਵਿਚ ਵੀ ਸਰਗਰਮੀ ਨਾਲ ਹਿੱਸਾ ਲੈਂਦੇ ਰਹੇ ਹਨ। ਉਨ੍ਹਾਂ 1965 ਵਿਚ 'ਦਾ ਮੁਸਾਫਿਰ' (ਦਾ ਟ੍ਰੈਵਲਰਜ਼) ਗਰੁਪ ਬਣਾਇਆ, ਜਿਹੜਾ ਬ੍ਰਿਟੇਨ ਵਿਚ ਭੰਗੜਾ ਸਮੂਹਾਂ ਵਿਚੋਂ ਮੋਹਰੀ ਦੀ ਭੂਮਿਕਾ ਨਿਭਾਉਂਦਾ ਰਿਹਾ। ਸਰਦੂਲ ਸਿੰਘ ਮਾਰਵਾ ਚੰਗਾ ਵਕਤਾ, ਕਵੀ ਅਤੇ ਲੇਖਕ ਵੀ ਹੈ। ਉਹ ਟੈਲੀਵਿਜ਼ਨ 'ਤੇ ਡੀਬੇਟਸ ਵਿਚ ਵੀ ਹਿੱਸਾ ਲੈਂਦੇ ਰਹਿੰਦੇ ਹਨ। ਉਨ੍ਹਾਂ ਦੀ ਸਭਿਆਚਾਰਕ ਸ਼ਮੂਲੀਅਤ ਜਨਤਕ ਚਰਚਾ ਨੂੰ ਉਤਸ਼ਾਹਤ ਕਰਨ ਵਿਚ ਲੰਬੇ ਸਮੇਂ ਤੋਂ ਦਿਲਚਸਪੀ ਰਹੀ ਹੈ। ਉਹ 1983 ਅਤੇ 1997 ਵਿਚ ਦੋ ਵਾਰੀ ਸੰਸਦੀ ਉਮੀਦਵਾਰ ਵਜੋਂ ਅਤੇ 1999 ਵਿਚ ਯੂਰਪੀਅਨ ਸੰਸਦ ਲਈ ਉਮੀਦਵਾਰ ਵਜੋਂ ਵੀ ਖੜ੍ਹੇ ਹੋਏ ਸਨ। ਉਮੀਦ ਹੈ ਕਿ ਉਹ ਸੋਲੀਹੁੱਲ ਇਲਾਕੇ ਦੇ ਵਿਕਾਸ ਵਿਚ ਮਹੱਤਵਪੂਰਨ ਯੋਗਦਾਨ ਪਾਉਣਗੇ।

# ਬੰਸਰੀ ਵਰਗੀ ਆਵਾਜ਼ ਵਾਲੀ ਸੁਰਿੰਦਰ ਕੌਰ

ਧਰਮਿੰਦਰ ਸਿੰਘ ਚੱਬਾ

ਸੁਰਿੰਦਰ ਕੌਰ ਦੀ ਆਵਾਜ਼ ਦੀ ਸਿਫ਼ਤ 'ਚ ਬਲਵੰਤ ਗਾਰਗੀ ਲਿਖਦਾ ਹੈ ਕਿ ਸੁਰਿੰਦਰ ਕੌਰ ਦੀ ਆਵਾਜ਼ ਉਸ ਬੰਸਰੀ ਵਾਂਗ ਹੈ, ਜੋ ਸਾਲਾਂ ਬੱਧੀ ਤੇਲ ਵਿਚ ਰਸੀ ਹੋਵੇ। ਸੁਰਿੰਦਰ ਕੌਰ. ਦੇ ਗੀਤਾਂ ਨੂੰ ਸੁਣ ਕੇ ਮਖ਼ਮਲੀ ਆਵਾਜ਼ ਦਾ ਅਹਿਸਾਸ ਹੋਣਾ ਸੁਭਾਵਕ ਹੀ ਹੈ।

'ਇਕ ਮੇਰੀ ਅੱਖ ਕਾਸ਼ਨੀ', 'ਲੱਠੇ ਦੀ ਚਾਦਰ', 'ਲੰਘ ਆਜਾ ਪੱਤਣ ਝਨਾਂ ਦਾ', 'ਜੁੱਤੀ ਕਸੂਰੀ ਪੈਰੀਂ ਨਾ ਪੂਰੀ', 'ਡਾਚੀ ਵਾਲਿਆ ਮੋੜ ਮੁਹਾਰ ਵੇ', 'ਲੁੱਟੀ ਹੀਰ ਵੇ ਫਕੀਰ ਦੀ', 'ਲੱਕ ਹਿਲੇ ਮਜਾਜਣ ਜਾਂਦੀ ਦਾ', 'ਧਰਤੀ ਨੂੰ ਕਲੀ ਕਰਾਦੇ ਨੱਚੂਗੀ ਸਾਰੀ ਰਾਤ', 'ਆ ਗਿਆ ਵਣਜਾਰਾ ਨੀ ਚੜ੍ਹਾਂ ਦੇ ਭਾਬੀ ਚੂੜੀਆਂ' ਵਰਗੇ ਗੀਤ ਅੱਜ ਵੀ ਬੱਚੇ-ਬੱਚੇ ਦੀ ਜ਼ੁਬਾਨ 'ਤੇ ਹਨ।

ਸੁਰਿੰਦਰ ਕੌਰ ਦਾ ਜਨਮ 25 ਨਵੰਬਰ 1929 ਨੂੰ ਪਿਤਾ ਬਿਸ਼ਨ ਦਾਸ ਤੇ ਮਾਤਾ ਮਾਇਆ ਦੇਵੀ ਦੇ ਘਰ ਲਾਹੌਰ ਵਿਚ ਹੋਇਆ। ਸੁਰਿੰਦਰ ਕੌਰ ਦੀਆਂ ਚਾਰ ਭੈਣਾਂ ਪ੍ਰਕਾਸ਼ ਕੌਰ,







ਨਰਿੰਦਰ ਕੌਰ, ਮਹਿੰਦਰ ਕੌਰ ਤੇ ਮਨਜੀਤ ਕੌਰ ਵੀ ਸੰਗੀਤ ਖੇਤਰ ਨਾਲ ਜੁੜੀਆਂ ਹੋਈਆਂ ਸਨ। ਸੁਰਿੰਦਰ ਕੌਰ ਦਬੁਰਜੀ ਹਾਈ ਸਕੂਲ ਲਾਹੌਰ ਤੋਂ ਸਿਰਫ ਦਸਵੀਂ ਹੀ ਕਰ ਸਕੀ। ਉਨ੍ਹਾਂ ਨੇ ਉਸਤਾਦ ਇਨਾਇਤ ਹੁਸੈਨ ਨਿਆਜ਼ ਹੁਸੈਨ ਸ਼ਾਮੀ ਸਲਾਮਤ, ਉਸਤਾਦ ਅਬਦੁੱਲ ਰਹਿਮਾਨ ਖ਼ਾਂ, ਰਾਮ ਸ਼ਰਨ, ਸਤੀਸ਼ ਭਾਟੀਆ, ਕੁੰਦਨ ਲਾਲ ਘੋਸ਼, ਸੁਰਿੰਦਰ ਸੋਨੀ ਤੇ ਮਨੀ ਪ੍ਰਸ਼ਾਦਿ ਜਿਹੇ ਮੰਝੇ ਹੋਏ ਉਸਤਾਦਾਂ ਤੋਂ ਸੰਗੀਤ ਦੀ ਤਾਲੀਮ ਹਾਸਲ ਕੀਤੀ। 14 ਵਰ੍ਹਿਆਂ ਦੀ ਉਮਰ ਵਿਚ 1942 ਨੂੰ ਪਹਿਲੀ ਵਾਰ ਸੁਰਿੰਦਰ ਕੌਰ ਨੇ ਰੇਡੀਓ ਸਟੇਸ਼ਨ ਲਾਹੌਰ ਤੋਂ ਆਪਣੀ ਹਾਜ਼ਰੀ ਲੁਆਈ। ਉਨ੍ਹਾਂ ਦੀ ਵੱਡੀ ਭੈਣ ਪ੍ਰਕਾਸ਼ ਕੌਰ ਵੀ ਬਹੁਤ ਅੱਛੀ ਗਾਇਕਾ ਸੀ। ਦੋਵਾਂ ਨੇ ਕੋਈ ਪੰਜ ਸੌ ਤੋਂ ਵੀ ਵੱਧ ਗੀਤ ਇੱਕਠਿਆਂ ਗਾਏ, ਜਿਨ੍ਹਾਂ ਵਿਚ 'ਸੜਕੇ-ਸੜਕੇ ਜਾਂਦੀਏ ਮੁਟਿਆਰੇ ਨੀਂ', 'ਮਾਵਾਂ ਤੇ ਧੀਆਂ ਰਲ ਬੈਠੀਆਂ', 'ਸੂਈ ਵੇ ਸੂਈ', 'ਨੀ ਮੈਂ ਕੱਤਾਂ ਪ੍ਰੀਤਾਂ ਨਾਲ ਚਰਖਾ', 'ਹਾਏ ਵੇ ਨਾ ਵੱਸ ਕਾਲਿਆ ਬੱਦਲਾ', 'ਗੋਰੀ ਦੀਆਂ ਝਾਂਜਰਾਂ', 'ਨੀ ਮੈਨੂੰ ਦਿਉਰ ਦੇ ਵਿਆਹ ਦੇ ਵਿਚ ਨੱਚ', 'ਕਾਲਾ ਡੋਰੀਆ ਕੁੰਡੇ ਨਾਲ ਅੜਿਆ', 'ਚੰਨ ਵੇ ਕਿ ਸ਼ੌਕਣ ਮੇਲੇ ਦੀ, 'ਬਾਜਰੇ ਦਾ ਸਿੱਟਾ' ਪ੍ਰਮੁੱਖ ਹਨ।

19 ਸਾਲ ਦੀ ਉਮਰ ਵਿਚ 29 ਜਨਵਰੀ 1948 ਨੂੰ ਸੁਰਿੰਦਰ ਕੌਰ ਦੀ ਸ਼ਾਦੀ ਪ੍ਰੋ.ਜੋਗਿੰਦਰ ਸਿੰਘ ਸੋਢੀ ਨਾਲ ਹੋ ਗਈ। ਦੇਸ਼ ਦੀ ਵੰਡ ਤੋਂ ਬਾਅਦ ਲਾਹੌਰ ਤੋਂ ਫ਼ਿਰੋਜ਼ਪੁਰ ਆ ਕੇ ਸੁਰਿੰਦਰ ਕੌਰ ਪਰਿਵਾਰ ਸਮੇਤ ਆਪਣੇ ਭਰਾ ਕੋਲ ਰਹਿਣ ਲੱਗ ਪਈ। ਫਿਰ ਥੋੜ੍ਹੇ ਹੀ ਸਮੇਂ ਬਾਅਦ ਬੰਬਈ ਚਲੀ ਗਈ,ਜਿੱਥੇ ਉਹ 1953 ਤੱਕ ਰਹੀ ਤੇ ਬੰਬਈ 'ਚ ਸੰਗੀਤਕਾਰ ਗੁਲਾਮ ਹੈਦਰ ਦੇ ਸੰਗੀਤ ਵਿਚ ਦਲੀਪ ਕੁਮਾਰ ਦੀ 'ਸ਼ਹੀਦ' ਫਿਲਮ ਲਈ ਗੀਤ ਗਾਇਆ ਤੇ ਹੋਰ ਵੀ ਕਈ ਹਿੰਦੀ ਫਿਲਮਾਂ ਜਿਵੇਂ 'ਨਦੀਆ ਕੇ ਪਾਰ', 'ਲਾਲ ਦੁਪੱਟਾ', 'ਬਾਲੋ', 'ਸਤਲੁਜ ਦੇ ਕੰਢੇ', 'ਮੁਟਿਆਰਾਂ', 'ਨਾਉਂ', 'ਪਿਆਰ ਕੀ ਜੀਤ', 'ਦਾਦਾ', 'ਕਨੀਜ਼', 'ਰੂਪ ਲੇਖਾ', 'ਸਾਂਵਰੀਆ', 'ਸ਼ਿੰਗਾਰ', 'ਸੁਨਿਹਰੇ ਦਿਨ', 'ਖ਼ਾਮੋਸ਼ ਸਿਪਾਹੀ', 'ਰਾਜਾ ਰਾਨੀ, 'ਸਬਕ', 'ਸ਼ਾਦੀ ਕੀ ਰਾਤ', 'ਬੜੀ ਬਹੂ', 'ਬੁਜ਼ਦਿਲ', 'ਸ਼ਗਨ' ਤੇ 'ਆਂਧੀਆਂ' ਆਦਿ ਲਈ ਕਈ ਗੀਤ ਗਾਏ। ਸੁਰਿੰਦਰ ਕੌਰ ਨੇ ਹਿੰਦੀ ਫਿਲਮਾਂ 'ਚ ਜੋ ਗੀਤ ਗਾਏ ਉਨ੍ਹਾਂ ਵਿੱਚੋਂ ਕੁੱਝ ਇਸ ਤਰ੍ਹਾਂ ਹਨ, 'ਇਤਨੇ ਦੂਰ ਹੈ ਹਜ਼ੂਰ, 'ਕਭੀ ਪਨਘਟ ਪੇ ਆਜਾ' (ਪਿਆਰ ਕੀ ਜੀਤ-1948), 'ਓ ਬੇਦਰਦੀ ਹਮ ਕੋ ਨਾ ਸਤਾ' (ਸੀਗਾਰ-1949), 'ਐ ਦਰਦ-ਏ- ਮੁਹੱਬਤ', 'ਕੌਨ ਸਮਝੇਗਾ ਦਿਲ ਅਪਨੇ ਕੇ ਢੰਗ', 'ਚੰਦਾ ਰੇ ਮੈਂ ਤੇਰੀ ਗਵਾਹੀ' (ਪਿਆਰ ਕੀ ਜੀਤ-1949), 'ਬਦਨਾਮ ਨਾ ਹੋ ਜਾਏ ਮੁਹੱਬਤ ਕਾ ਅਫਸਾਨਾ' (ਸ਼ਹੀਦ) ਆਦਿ।

ਸੁਰਿੰਦਰ ਕੌਰ ਦੀਆਂ ਤਿੰਨ ਧੀਆਂ ਵਿੱਚੋਂ ਡੌਲੀ ਗੁਲੇਰੀਆ ਹੀ ਉਸ ਦੀ ਗਾਇਕੀ ਦੀ ਵਾਰਿਸ ਬਣੀ ਹੈ। ਸੁਰਿੰਦਰ ਕੌਰ ਦਾ 2004 'ਚ ਪੰਜਾਬ ਸਰਕਾਰ ਨੇ 75,000 ਰੁਪਏ ਦੀ 'ਰਾਸ਼ੀ ਨਾਲ ਸਨਮਾਨ ਕੀਤਾ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ : ਨੇ 'ਡੀ ਲਿਟ' ਦੀ ਡਿਗਰੀ ਪ੍ਰਦਾਨ ਕੀਤੀ। ਭਾਰਤ ਸਰਕਾਰ ਵੱਲੋਂ 2006 'ਚ 'ਪਦਮ ਸ੍ਰੀ' ਨਾਲ ਨਵਾਜਿਆ ਗਿਆ।

## ਕਲਾ ਪਰਿਕਰਮਾ

ਜ਼ਿੰਦਗੀ ਦੇ ਆਖਰੀ ਸਾਲਾਂ, ਵਿਚ ਜ਼ਿਆਦਾ ਬਿਮਾਰ ਰਹਿਣ ਕਰ ਕੇ ' ਸੁਰਿੰਦਰ ਕੌਰ ਆਪਣੀਆਂ ਦੋਵੇਂ ਧੀਆਂ ਨੰਦਨੀ ਤੇ ਪ੍ਰਮੋਦਨੀ ਕੋਲ ਨਿਊਜਰਸੀ ਚਲੀ ਗਈ, ਜਿੱਥੇ 15 ਜੂਨ 2006 ਨੂੰ 76 ਸਾਲ ਦੀ ਉਮਰ ਭੋਗ ਕੇ ਉਨ੍ਹਾਂ ਆਖ਼ਰੀ ਸਾਹ ਲਏ। ਸੰਗੀਤ ਪ੍ਰੇਮੀਆਂ ਨੂੰ ਹਮੇਸ਼ਾ ਇਸ ਸੁਰੀਲੀ ਗਾਇਕਾ ਦੀ ਘਾਟ ਰੜਕਦੀ ਰਹੇਗੀ।

# ਸਾਫ਼-ਸੁਥਰੀ ਗਾਇਕੀ ਦਾ ਪ੍ਰਤੀਕ ਆਸਾ ਸਿੰਘ ਮਸਤਾਨਾ

ਬਲਦੇਵ ਸਿੰਘ ਬੇਦੀ

ਪੰਜਾਬੀ ਗਾਇਕੀ ਦੇ ਇਤਿਹਾਸ 'ਚ ਜੇਕਰ ਕਿਸੇ ਆਵਾਜ਼ ਨੂੰ ਸੁਰਾਂ ਦੀ ਪਵਿੱਤਰਤਾ, ਸਾਹਿਤਕ ਸੁਚੱਜਾਪਨ ਤੇ ਸਾਫ਼-ਸੁਥਰੀ ਗਾਇਕੀ ਦਾ ਪ੍ਰਤੀਕ ਕਿਹਾ ਜਾ ਸਕਦਾ ਹੈ, ਤਾਂ ਉਹ ਨਿਸ਼ਚਿਤ ਤੌਰ 'ਤੇ ਆਸਾ ਸਿੰਘ ਮਸਤਾਨਾ ਦੀ। ਆਵਾਜ਼ ਹੀ ਹੈ। ਉਨ੍ਹਾਂ ਦੀ ਗਾਇਕੀ ਮਨੋਰੰਜਨ ਤੱਕ ਸੀਮਿਤ ਨਹੀਂ ਰਹੀ ਬਲਕਿ ਉਹ ਪੰਜਾਬੀ ਸੱਭਿਆਚਾਰ, ਲੋਕ-ਚੇਤਨਾਂ ਤੇ ਸਾਹਿਤਕ ਮੁੱਲਾਂ ਦੀ ਇਕ ਸੰਵੇਦਨਸ਼ੀਲ ਪ੍ਰਸਤੁਤੀ ਬਣ ਕੇ ਉਭਰੀ।

ਉਨ੍ਹਾਂ ਦਾ ਜਨਮ 22 ਅਗਸਤ 1927 ਨੂੰ ਸ਼ੇਖ਼ੂਪੁਰ (ਮੌਜੂਦਾ ਪਾਕਿਸਤਾਨ) 'ਚ ਪਿਤਾ ਪ੍ਰੀਤਮ ਸਿੰਘ ਤੇ ਮਾਤਾ ਅਮਰ ਕੌਰ ਜੀ ਦੇ ਘਰ ਹੋਇਆ। ਬਚਪਨ ਤੋਂ ਹੀ ਸੰਗੀਤ ਵੱਲ 'ਰੁਝਾਨ ਰੱਖਣ ਵਾਲੇ ਮਸਤਾਨਾ ਜੀ ਨੇ ਸੰਗੀਤ ਦੀ ਮੁੱਢਲੀ ਸਿੱਖਿਆ ਪੰਡਿਤ ਦੁਰਗਾ ਪ੍ਰਸਾਦ ਤੋਂ ਪ੍ਰਾਪਤ ਕੀਤੀ। ਰੱਬ ਵੱਲੋਂ ਮਿਲੀ ਸੁਰੀਲੀ ਆਵਾਜ਼ ਨੂੰ ਉਨ੍ਹਾਂ ਨੇ ਲਗਾਤਾਰ ਸਾਧਨਾ ਨਾਲ ਹੋਰ ਵੀ ਨਿਖ਼ਾਰਿਆ। ਦੇਸ਼ ਦੀ ਵੰਡ ਤੋਂ ਬਾਅਦ ਮਸਤਾਨਾ ਜੀ ਦਾ ਪਰਿਵਾਰ ਦਿੱਲੀ ਆ ਵਸਿਆ। ਇੱਥੇ ਉਨ੍ਹਾਂ ਨੇ ਰਿਜ਼ਰਵ ਬੈਂਕ ਆਫ ਇੰਡੀਆ ਵਿਚ ਨੌਕਰੀ ਕੀਤੀ। ਨੌਕਰੀ ਦੇ ਨਾਲ-ਨਾਲ ਗਾਇਕੀ ਨੂੰ ਲਗਨ ਨਾਲ ਨਿਭਾਉਣਾ ਉਨ੍ਹਾਂ ਦੇ ਸਮਰਪਣ ਤੇ ਦ੍ਰਿੜ੍ਹ ਇਰਾਦੇ ਦਾ ਸਪੱਸ਼ਟ ਪ੍ਰਮਾਣ ਹੈ।

1949 'ਚ ਅਕਾਸ਼ਵਾਣੀ ਤੋਂ ਪ੍ਰਸਾਰਿਤ ਹੋਇਆ ਉਨ੍ਹਾਂ ਵਲੋਂ ਗਾਇਆ ਪਹਿਲਾ ਗੀਤ 'ਠੰਢੀਏ ਹਵਾਏ, ਕਿਹੜੇ ਪਾਸਿਉਂ ਤੂੰ ਆਈ ਏਂ" ਪੰਜਾਬੀ ਸੰਗੀਤ ਜਗਤ 'ਚ ਉਨ੍ਹਾਂ ਦੀ ਕਾਮਯਾਬ ਦਸਤਕ ਸਾਬਤ ਹੋਇਆ। ਮਸਤਾਨਾ ਜੀ ਪੰਜਾਬੀ ਗਾਇਕੀ ਦੇ ਉਨ੍ਹਾਂ ਗਿਣੇ-ਚੁਣੇ ਕਲਾਕਾਰਾਂ ਵਿੱਚੋਂ ਸਨ, ਜਿਨ੍ਹਾਂ ਨੇ ਸਿਰਫ਼ ਸੁਰਾਂ ਨਾਲ ਹੀ ਨਹੀਂ ਸਗੋਂ ਉੱਚ ਸਿੱਖਿਆ ਰਾਹੀਂ ਵੀ ਆਪਣੀ ਵੱਖਰੀ ਪਛਾਣ ਬਣਾਈ।



ਪੰਜਾਬੀ ਗਾਇਕੀ 'ਚ ਉਨ੍ਹਾਂ ਦੀ ਸਭ ਤੋਂ ਯਾਦਗਾਰ ਪਛਾਣ ਉਨ੍ਹਾਂ ਦੀਆਂ 'ਜੋੜੀਆਂ ਰਾਹੀਂ ਬਣੀ। ਖ਼ਾਸ ਕਰ ਕੇ ਸੁਰਿੰਦਰ ਕੌਰ ਨਾਲ ਲਗਪਗ ਚਾਰ ਦਹਾਕਿਆਂ ਤੱਕ ਚੱਲੀ ਗਾਇਕੀ ਦੀ ਸਾਂਝ ਨੇ ਪੰਜਾਬੀ ਸੰਗੀਤ ਨੂੰ ਅਨੇਕ ਹੀ ਅਮਰ ਗੀਤ ਦਿੱਤੇ। ਪ੍ਰਕਾਸ਼ ਕੌਰ ਤੇ ਪੁਸ਼ਪਾ ਹੰਸ ਨਾਲ ਗਾਏ ਗੀਤ ਵੀ ਸਰੋਤਿਆਂ ਵਿਚ ਕਾਫ਼ੀ ਹਰਮਨਪਿਆਰੇ ਹੋਏ। ਭਾਵੇਂ ਮਸਤਾਨਾ ਜੀ ਵੱਲੋਂ ਗਾਏ ਗੀਤਾਂ ਦੀ ਗਿਣਤੀ ਬਹੁਤੀ ਵੱਡੀ ਨਹੀਂ ਪਰ ਉਨ੍ਹਾਂ ਗੀਤਾਂ ਦੀ ਉਮਰ ਬੇਹੱਦ ਲੰਮੀ ਹੈ। ਲੋਕ-ਗੀਤਾਂ ਵਿਚ ਉਨ੍ਹਾਂ ਦੀ ਗਾਈ 'ਜੁਗਨੀ' ਤੇ 'ਹੀਰ' ਨੇ ਵਿਲੱਖਣ ਪਛਾਣ ਬਣਾਈ। 'ਥੱਲੇ' ਨੀ ਪੰਜਾਬ ਦੀਏ ਸ਼ੇਰ ਬੱਚੀਏ',ਕੁੰਡਲਾਂ ਨੂੰ ਪੂੱਛ ਗੋਰੀਏ' ਤੇ 'ਮੇਲੇ ਨੂੰ ਚੱਲ ਮੇਰੇ ਨਾਲ ਕੁੜੇ' ਵਰਗੇ ਗੀਤ ਉਨ੍ਹਾਂ ਦੀ ਰਾਗਾਤਮਕ ਸਮਝ ਤੇ ਸੁਰ-ਸੰਯਮ ਦਾ ਜਿਊਂਦਾ-ਜਾਗਦਾ ਪ੍ਰਮਾਣ ਹਨ।

23 ਮਈ 1999 ਨੂੰ ਆਸਾ ਸਿੰਘ ਮਸਤਾਨਾ ਆਪਣੇ ਅਣਗਿਣਤ ਪ੍ਰਸ਼ੰਸਕਾਂ ਤੇ ਸੰਗੀਤ-ਪ੍ਰੇਮੀਆਂ ਨੂੰ ਸਦਾ ਲਈ ਅਲਵਿਦਾ ਕਹਿ ਗਏ ਪਰ ਉਨ੍ਹਾਂ ਦੀ ਆਵਾਜ਼ ਅੱਜ ਵੀ ਲੋਕ ਮਨਾਂ ਵਿਚ ਵਸੀ ਹੋਈ ਹੈ। ਉਨ੍ਹਾਂ ਦੇ ਗਾਏ ਗੀਤ ਅੱਜ ਵੀ ਅਕਾਸ਼ਵਾਣੀ ਦੇ ਫ਼ਰਮਾਇਸ਼ੀ ਪ੍ਰੋਗਰਾਮਾਂ ਦਾ ਅਟੁੱਟ ਹਿੱਸਾ ਹਨ। ਆਸਾ ਸਿੰਘ ਮਸਤਾਨਾ ਪੰਜਾਬੀ ਗਾਇਕੀ ਦੇ ਉਹ ਸੰਪੂਰਨ ਗਾਇਕ ਸਨ, ਜੋ ਹਮੇਸ਼ਾ ਹੀ ਪੰਜਾਬੀ ਸੰਗੀਤ ਦੇ ਇਤਿਹਾਸ ਵਿਚ ਮਾਣ ਨਾਲ ਯਾਦ ਕੀਤੇ ਜਾਂਦੇ ਰਹਿਣਗੇ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਕੁਝ ਸਤਰਾਂ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 1 ਅਗਸਤ 2026 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-752



*ਮੁੱਢ ਕਦੀਮਾਂ ਤੋਂ ਚੱਲ ਰਹੀ ਹੈ ਜੱਟ ਸੀਰੀ ਦੀ ਯਾਰੀ,*
*ਧੁੱਪਾਂ ਛਾਵਾਂ ਹੰਢਾਉਣ 'ਕੱਠੇ ਹੀ ਜੱਗ ਤੋਂ ਹੈ ਨਿਆਰੀ।*
*ਰੁੱਖੀ ਮਿੱਸੀ ਰੱਖ ਤਲ਼ੀ 'ਤੇ ਵਿਚ ਖੇਤਾਂ ਦੇ ਨਿੱਤ ਖਾਣੀ,*
*ਊਚ-ਨੀਚ, ਨਾ ਜਾਤ-ਪਾਤ ਜਿੱਥੇ ਸਰਬਸਾਂਝੀ ਕਹਾਣੀ।*

## ਕੈਪਸ਼ਨ ਮੁਕਾਬਲਾ-750



ਕੱਢ ਕੱਢ ਡੰਡ ਬੈਠਕਾਂ,
ਕੁੱਟ ਕੁੱਟ ਖਾ ਕੇ ਚੂਰੀਆਂ,
ਬਣਾ ਡੌਲ਼ੇ ਪੱਟ ਬੱਜਰ,
ਨਾਲ਼ੇ ਚੁੰਘ ਮੱਝਾਂ ਬੂਰੀਆਂ।
ਸਾਧਿਆ ਸਰੀਰ ਇੰਝ,
ਉਂਗਲਾਂ ਉੱਤੇ ਟਿਕਾ ਲਿਆ,
ਹੈਰਾਨ ਹੋਵੇ ਤੱਕ ਜੱਗ,
ਜਾਣੋ ਸਮੇਂ ਨੂੰ ਥਮਾ ਲਿਆ।
***-ਸੇਵਾ ਸਿੰਘ 'ਨੂਰਪੁਰੀ'***

---

ਵਾਹ ਜਵਾਨਾਂ ਸਦਕੇ ਤੇਰੇ।
ਸਾਰਾ ਭਾਰ ਉੱਤੇ ਹੱਥ ਤੇਰੇ।
ਜੇ ਰਤਾ ਭਰ ਤੂੰ ਹਿਲ ਜਾਵੇਂ।
ਲੱਤਾਂ ਬਾਹਵਾਂ ਹੱਥ ਤੁੜਾਵੇਂ!
ਵਾਂਗ ਥਮਲੇ ਖੜ੍ਹਾ ਅਹਿੱਲ।
ਕਸਿਆ ਸਰੀਰ ਨਾਹੀਂ ਢਿੱਲ।
ਅਮਲ ਨਸ਼ੇ ਨਹੀਂ ਨੇੜੇ ਤੇਰੇ।
ਦਗਦਗ ਲਾਲੀ ਤੇਰੇ ਚੇਹਰੇ।
ਕਰ ਕਸਰਤ ਤੂੰ ਦੇਹੀ ਪਾਲੀ।
ਆਲਸ ਫੜ ਤੂੰ ਚੁੱਲ੍ਹੇ ਜਾਲੀ।
ਗਏ ਪੰਜਾਬ ਦੀ ਪੈਂਦੀ ਝਲਕ।
ਉਘਾ ਹੁੰਦਾ ਸੀ ਵਿਚ ਖ਼ਲਕ।
ਲਗਦੇ ਸਨ ਜਦ ਅਖਾੜੇ ਮੇਲੇ
'ਜਿੰਮ' ਸੀ ਹੁੰਦੇ ਬਿਨ ਪੈਸੇ ਧੇਲੇ।
***-ਗੁਰਬਖਸ਼ ਸਿੰਘ 'ਨਾਕਾਮ'***
***ਫੋਨ: +1 864 318 5500***

---

ਨਾ ਜਿੰਮ, ਤੇ ਨਾ ਜਿਮਨਾਸਟਿਕ
ਬੱਸ ਮੋਟਰ ਉੱਤੇ ਡੇਰਾ ਲਾਇਆ।
ਮਾਰ-ਮਾਰ ਨਿੱਤ ਡੰਡ ਬੈਠਕਾਂ
ਲੋਹੇ ਵਰਗਾ ਸਰੀਰ ਕਮਾਇਆ।
ਅੰਗ-ਅੰਗ 'ਚੋਂ ਸੇਕ ਨਿਕਲਦਾ
ਜੁੱਸੇ ਨੇ ਵੀ ਰੋਅਬ ਦਿਖਾਇਆ।
ਪਾਈਪ ਦੇ ਪਤਲੇ ਟੋਟੇ ਉੱਪਰ
ਇੱਕ ਪੰਜੇ 'ਤੇ ਤੋਲ ਬਣਾਇਆ।
ਦੇਖ ਤੇਰਾ ਕਰਤੱਬ ਓਏ ਸ਼ੇਰਾ
ਥਾਪੀ ਦੇਣ ਨੂੰ ਮਨ ਕਰ ਆਇਆ।
***-ਜਗਮੀਤ ਸਿੰਘ ਪੰਧੇਰ***

---


ਮਨ ਨੂੰ ਸਾਧ ਕੇ,
ਬੰਦੇ ਨੇ ਬਣਾ ਰੱਖਿਆ ਸਮਤੋਲ।
ਯੋਗਾ ਅਤੇ ਸਰੀਰਕ ਵਰਜਿਸ਼ਾਂ ਨਾਲ,
ਆਪਣੀਆਂ ਇੰਦਰੀਆਂ 'ਤੇ ਪਾਵੇ ਕੰਟਰੋਲ।
ਜੀਵਨ-ਜਾਚ ਨਿੰਵ ਕੇ, ਰਹਿਣਾ ਸਿਖਾਵੇ,
ਨਾ ਬੋਲ ਕਿਸੇ ਨੂੰ, ਬੋਲ ਕੁਬੋਲ।
ਪੰਜਾਬੀਆਂ ਦੀ ਸ਼ਾਨ ਵੱਖਰੀ,
ਆਪਣਾ ਅੰਦਰ ਖੋਜ ਕੇ,
ਕਹਿੰਦੇ ਸਤਿ ਕਰਤਾਰ ਬੋਲ।
***-ਅਮਰਜੀਤ ਸਿੰਘ ਤੂਰ***
***ਪਿੰਡ ਕੁਲਬੁਰਛਾਂ (ਪਟਿਆਲਾ)***
***ਫੋਨ: 9878469639***

---

ਸੁਡੋਲ ਮਨ, ਸੁਡੋਲ ਸਰੀਰ 'ਚ ਮਿਲਦਾ
ਖਾਲਸ ਖੁਰਾਕਾਂ ਵਰਜਿਸ਼ ਜੋ ਕਰਦੇ
ਲੋਹੇ ਵਰਗੇ ਸਰੀਰ ਬਣਾਉਂਦੇ
ਨਸ਼ੇ ਦੇ ਨੇੜੇ ਨਾ ਜਾਂਦੇ
ਕੱਢ ਡੰਡ-ਬੈਠਕਾਂ ਜਲਵੇ ਦਿਖਾਉਂਦੇ।
ਬਹਾਦਰੀਆਂ ਦੇ ਕਿੱਸੇ ਸੁਣ ਕੇ
ਦੇਸ਼ ਲਈ ਸੇਵਾ ਕਮਾਉਂਦੇ।
***-ਦਰਸ਼ਨ ਪਾਲ ਦੋਸਾਂਝ***

# ਵਕਤ ਦੀ ਛਾਣਨੀ ਵਿਚ ਛਣੇ ਰਿਸ਼ਤੇ

ਦੋਸਤੀ ਦੀਆਂ ਗੱਲਾਂ ਕਰਨੀਆਂ ਬਹੁਤ ਸੌਖੀਆਂ ਹਨ, ਪਰ ਦੋਸਤੀ ਨਿਭਾਉਣੀ ਬਹੁਤ ਔਖੀ। ਅੱਜ-ਕੱਲ੍ਹ ਹਰ ਦੂਜਾ ਇਨਸਾਨ ਛਾਤੀ ਠੋਕ ਕੇ ਕਹਿੰਦਾ ਹੈ—'ਤੇਰੇ ਲਈ ਜਾਨ ਵੀ ਹਾਜ਼ਰ ਹੈ।' ਪਰ ਜਦੋਂ ਵਕਤ ਇਮਤਿਹਾਨ ਲੈਂਦਾ ਹੈ, ਤਦੋਂ ਜਾਨ ਦੇਣਾ ਤਾਂ ਦੂਰ, ਬਹੁਤੇ ਲੋਕ ਫ਼ੋਨ ਚੁੱਕਣ ਤੋਂ ਵੀ ਕਤਰਾਉਂਦੇ ਹਨ। ਮੈਨੂੰ ਉਹ ਲੋਕ ਹਮੇਸ਼ਾ ਹੈਰਾਨ ਕਰਦੇ ਹਨ ਜੋ ਆਪਣੀਆਂ ਗੱਡੀਆਂ ਦੇ ਪਿੱਛੇ ਵੱਡੇ-ਵੱਡੇ ਅੱਖਰਾਂ ਵਿਚ



**ਅਮਰੀਕ ਸਿੰਘ ਸ਼ਿਕਾਗੋ**
**(ਯੂ.ਐਸ.ਏ.)**

ਲਿਖਵਾ ਲੈਂਦੇ ਹਨ—'ਜਾਨ ਤੇਰੇ ਲਈ'। ਪਰ ਜ਼ਿੰਦਗੀ ਦਾ ਸੱਚ ਕਈ ਵਾਰ ਇਸ ਦੇ ਬਿਲਕੁਲ ਉਲਟ ਨਿਕਲਦਾ ਹੈ। ਜਿਨ੍ਹਾਂ ਦੇ ਹੋਠਾਂ 'ਤੇ ਮੁਹੱਬਤ ਹੁੰਦੀ ਹੈ, ਉਨ੍ਹਾਂ ਦੇ ਮਨ ਵਿਚ ਕਈ ਵਾਰ ਹਿਸਾਬ-ਕਿਤਾਬ, ਈਰਖਾ ਜਾਂ ਦੂਰੀਆਂ ਦੀਆਂ ਕੰਧਾਂ ਵੀ ਖੜ੍ਹੀਆਂ ਹੁੰਦੀਆਂ ਹਨ। ਵਾਅਦਿਆਂ ਦੀ ਸਿਆਹੀ ਬਹੁਤ ਜਲਦੀ ਸੁੱਕ ਜਾਂਦੀ ਹੈ, ਪਰ ਕਰਮਾਂ ਦੀ ਲਿਖਤ ਕਦੇ ਨਹੀਂ ਮਿਟਦੀ। ਵਕਤ ਇੱਕ ਅਜਿਹਾ ਆਇਨਾ ਹੈ ਜਿਸ ਨੂੰ ਨਾ ਝੂਠ ਧੁੰਦਲਾ ਕਰ ਸਕਦਾ ਹੈ ਤੇ ਨਾ ਹੀ ਦਿਖਾਵਾ ਢੱਕ ਸਕਦਾ ਹੈ। ਜਦੋਂ ਮੁਸੀਬਤ ਦਰਵਾਜ਼ਾ ਖੜਕਾਉਂਦੀ ਹੈ, ਤਦੋਂ ਬਹੁਤ ਸਾਰੇ ਰਿਸ਼ਤੇ ਖਿੜਕੀ ਰਾਹੀਂ ਬਾਹਰ ਨਿਕਲ ਜਾਂਦੇ ਹਨ। ਉਸ ਵੇਲੇ ਸਮਝ ਆਉਂਦੀ ਹੈ ਕਿ ਭੀੜ ਵਿਚ ਨਾਲ ਚੱਲਣ ਵਾਲੇ ਅਤੇ ਹਨੇਰੇ ਵਿਚ ਨਾਲ ਖੜ੍ਹੇ ਰਹਿਣ ਵਾਲੇ ਲੋਕ ਇੱਕੋ ਨਹੀਂ ਹੁੰਦੇ। ਕਈ ਵਾਰ ਜ਼ਿੰਦਗੀ ਸਾਨੂੰ ਦੁੱਖ ਇਸ ਲਈ ਨਹੀਂ ਦਿੰਦੀ ਕਿ ਸਾਨੂੰ ਤੋੜ ਦੇਵੇ; ਉਹ ਇਸ ਲਈ ਵੀ ਆਉਂਦਾ ਹੈ ਕਿ ਸਾਨੂੰ ਲੋਕਾਂ ਦੀ ਅਸਲੀ ਪਹਿਚਾਣ ਕਰਵਾ ਸਕੇ। ਕੁਝ ਚਿਹਰੇ ਨਕਾਬ ਉਤਾਰ ਦਿੰਦੇ ਹਨ, ਕੁਝ ਰਿਸ਼ਤੇ ਆਪਣੇ ਆਪ ਖ਼ਾਮੋਸ਼ ਹੋ ਜਾਂਦੇ ਹਨ, ਅਤੇ ਕੁਝ ਲੋਕ ਬਿਨਾਂ ਕੁਝ ਕਹੇ ਸਾਰੀ ਉਮਰ ਲਈ ਆਪਣੇ ਬਣ ਜਾਂਦੇ ਹਨ।

ਮੇਰੇ ਲਈ ਹੁਣ ਦੋਸਤੀ ਦੀ ਪਰਿਭਾਸ਼ਾ ਬਦਲ ਗਈ ਹੈ। ਦੋਸਤ ਉਹ ਨਹੀਂ ਜੋ ਮਹਿਫ਼ਲਾਂ ਵਿਚ ਤੁਹਾਡਾ ਨਾਮ ਉੱਚੀ ਆਵਾਜ਼ ਨਾਲ ਲਵੇ; ਦੋਸਤ ਉਹ ਹੈ ਜੋ ਤੁਹਾਡੀ ਖ਼ਾਮੋਸ਼ੀ ਨੂੰ ਵੀ ਸੁਣ ਲਵੇ। ਉਹ ਨਹੀਂ ਜੋ ਸਿਰਫ਼ ਤੁਹਾਡੀ ਕਾਮਯਾਬੀ 'ਤੇ ਤਾਲੀਆਂ ਵਜਾਏ; ਦੋਸਤ ਉਹ ਹੈ ਜੋ ਤੁਹਾਡੀ ਹਾਰ ਵੇਲੇ ਤੁਹਾਡੇ ਮੋਢੇ 'ਤੇ ਹੱਥ ਰੱਖ ਕੇ ਕਹੇ—'ਚੱਲ, ਮੈਂ ਤੇਰੇ ਨਾਲ ਹਾਂ।' ਇੱਕ ਹੋਰ ਗੱਲ ਵੀ ਯਾਦ ਰੱਖਣ ਵਾਲੀ ਹੈ। ਹਰ ਉਹ ਇਨਸਾਨ ਜੋ ਔਖੇ ਵੇਲੇ ਨਾਲ ਨਹੀਂ ਖੜ੍ਹ ਸਕਿਆ, ਲਾਜ਼ਮੀ ਨਹੀਂ ਕਿ ਉਹ ਬੇਵਫ਼ਾ ਹੀ ਹੋਵੇ; ਕਈ ਵਾਰ ਲੋਕ ਆਪਣੀਆਂ ਹੀ ਮਜਬੂਰੀਆਂ, ਡਰਾਂ ਜਾਂ ਹਾਲਾਤ ਨਾਲ ਵੀ ਜੂਝ ਰਹੇ ਹੁੰਦੇ ਹਨ। ਪਰ ਇਹ ਵੀ ਸੱਚ ਹੈ ਕਿ ਜੋ ਬਿਨਾਂ ਸ਼ੋਰ ਕੀਤੇ ਨਾਲ ਨਿਭਾ ਜਾਂਦੇ ਹਨ, ਉਨ੍ਹਾਂ ਦੀ ਕੀਮਤ ਸ਼ਬਦਾਂ ਨਾਲ ਨਹੀਂ ਤੋਲੀ ਜਾ ਸਕਦੀ। 'ਅਮਰ' ਨੇ ਜ਼ਿੰਦਗੀ ਤੋਂ ਇੱਕੋ ਸਬਕ ਸਿੱਖਿਆ ਹੈ—

ਵਾਅਦੇ ਨਹੀਂ, ਵਕਤ 'ਤੇ ਨਿਭਾਏ ਸਾਥ ਯਾਦ ਰਹਿੰਦੇ ਹਨ।

ਬੋਲ ਨਹੀਂ, ਕਰਮ ਬੋਲਦੇ ਹਨ। ਭੀੜ ਨਹੀਂ, ਇੱਕ ਸੱਚਾ ਇਨਸਾਨ ਕਾਫ਼ੀ ਹੁੰਦਾ ਹੈ। ਅਤੇ ਅਖੀਰ ਵਿਚ...

ਜੋ ਲੋਕ ਹਰ ਵੇਲੇ ਕਹਿੰਦੇ ਰਹੇ—'ਮੈਂ ਤੇਰੇ ਲਈ ਜਾਨ ਦੇ ਦਿਆਂਗਾ', ਉਹ ਕਿੱਥੇ ਸਨ ਜਦੋਂ ਜ਼ਿੰਦਗੀ ਸਿਰਫ਼ ਇੱਕ ਹੌਸਲੇ ਦੀ ਉਡੀਕ ਕਰ ਰਹੀ ਸੀ? ਸ਼ਾਇਦ ਇਸੇ ਲਈ ਵਕਤ ਸਭ ਤੋਂ ਵੱਡਾ ਅਧਿਆਪਕ ਹੈ—ਇਹ ਰਿਸ਼ਤੇ ਨਹੀਂ ਬਦਲਦਾ, ਸਿਰਫ਼ ਰਿਸ਼ਤਿਆਂ ਦੇ ਅਸਲੀ ਚਿਹਰੇ ਸਾਹਮਣੇ ਲਿਆਉਂਦਾ ਹੈ ।




## ਬੱਕਰੀਆਂ ਤੇ ਬੋਕ

*ਨਹੀਂ ਸੌਖਿਆਂ ਲੱਥਦੀ ਦੇਖੀ ਜਦੋਂ ਚਿੰਬੜ ਜਾਏ ਜੋਕ।*
*ਏਸੇ ਦੁੱਖ ਵਿਚ ਬੁਰੇ ਫਸੇ ਨੇ ਬੜੇ ਚਿਰਾਂ ਦੇ ਲੋਕ।*

*ਕੱਲੇ ਕੱਲੇ ਹੋ ਕੇ ਏਥੇ ਕੁਝ ਨਹੀਂ ਪੱਲੇ ਪੈਣਾ,*
*ਤਾਂ ਬੱਕਰੀਆਂ ਸੋਚਦੀਆਂ ਰ.ਲ ਕੇ ਢਾਈਏ ਬੋਕ।*

*ਪੱਲਾ ਮਾਰ ਕੇ ਰਹੇ ਬੁਝਾਉਂਦੇ ਨਿੱਤ ਹੀ ਸਾਡਾ ਦੀਵਾ।*
*ਮੂਰਖ ਐਂਵੇਂ ਹੋ ਜਾਂਦਾ ਏ ਖਿੱਲਾਂ ਖਾ ਕੇ ਖੀਵਾ।*

*ਕੈਸੀ ਖੇਡ 'ਚ ਚਾਲ ਚੱਲੀ ਏ ਰੋਜ਼ ਹਾਰੀਏ ਬਾਜ਼ੀ।*
*ਸਸਤੇ ਵਿਚ ਕਿਉਂ ਵਿਕ ਜਾਂਦਾ ਏ ਮੁਨਸਿਫ ਜਾਂ ਫਿਰ ਕਾਜ਼ੀ।*

*ਕੱਢ ਕੇ ਸ਼ੀਸ਼ੇ ਲੀਰਾਂ ਕੀਤਾ ਬੜੇ ਚਿਰਾਂ ਦਾ ਲਹਿੰਗਾ।*
*ਦੀਨ-ਇਮਾਨ ਤਾਂ, ਵਿਕਦਾ ਵੇਖਿਆ ਕੀ ਸਸਤਾ ਕੀ ਮਹਿੰਗਾ।*

*ਹੀਰਾਂ ਦਾ ਇਮਾਨ ਰਿਹਾ ਨੀ ਵਾਰਿਸ ਕਿੱਦਾਂ ਰੋਵੇ।*
*ਰਾਂਝੇ ਦੇ ਤਾਂ ਟੀਕਾ ਲੱਗਾ ਚਿੱਟਾ ਤਿੱਪ-ਤਿੱਪ ਚੋਵੇ।*

*ਛੱਡ ਫਿਕਰਾਂ ਦੀ ਜ਼ਿੰਦਗੀ 'ਭੌਰੇ' ਏਦੈਂ ਈ ਚੱਪੂ ਚੱਲੂ।*
*ਰਾਜਨੀਤੀ ਨੇ ਕਿਵੇਂ ਬਣਾ'ਤਾ ਭੋ.ਲਾ ਬੰਦਾ ਲੱਲੂ।*

# ਚੇਤਿਆਂ ਵਿਚ ਵਸਿਆ ਨਾਨਕਾ ਘਰ

## ਯਾਦਾਂ ਦੀ ਕਿਤਾਬ ਦੇ ਸੁਨਹਿਰੀ ਪੰਨੇ

ਬਚਪਨ ਦੀਆਂ ਸਿਮਰਤੀਆਂ ਦਾ ਕੈਨਵਸ ਬਹੁਤ ਵਿਸ਼ਾਲ ਹੁੰਦਾ ਹੈ, ਪਰ ਇਸ ਉੱਤੇ ਸਭ ਤੋਂ ਗੂੜ੍ਹੇ ਅਤੇ ਖ਼ੂਬਸੂਰਤ ਰੰਗ ਨਾਨਕੇ ਘਰ ਦੇ ਹੀ ਹੁੰਦੇ ਹਨ। ਇਹ ਗੱਲ 1989-90 ਦੇ ਆਸ-ਪਾਸ ਦੀ ਹੈ, ਜਦੋਂ ਹਰ ਬੱਚੇ ਵਾਂਗ ਮੇਰੇ ਅੰਦਰ ਵੀ ਆਪਣੇ ਨਾਨਕੇ ਘਰ ਦਾ ਅਥਾਹ ਤੇ ਅਕਹਿ ਚਾਅ ਵਸਿਆ ਹੋਇਆ ਸੀ। ਹਰਿਆਣੇ ਦੀ ਧਰਤੀ 'ਤੇ ਵਸਦਾ ਮੇਰਾ ਨਾਨਕਾ ਪਿੰਡ 'ਦੇਸੂ ਜੋਧਾ' ਮੇਰੇ ਲਈ ਮਹਿਜ਼ ਇੱਕ ਪਿੰਡ ਨਹੀਂ, ਸਗੋਂ ਮੇਰੀਆਂ ਬਾਲ-ਭਾਵਨਾਵਾਂ ਦਾ ਉਹ ਸਵਰਗ ਸੀ ਜਿੱਥੇ ਮੈਂ ਆਪਣੀ ਜ਼ਿੰਦਗੀ ਦੇ ਸਭ ਤੋਂ ਸੁਨਹਿਰੀ ਤੇ ਲੰਮੇ ਅਰਸੇ ਬਿਤਾਏ। ਉਸ ਦੌਰ ਵਿਚ, ਮੇਰੇ ਨਾਨਕਿਆਂ ਕੋਲ




**ਨਵਦੀਪ ਸਿੰਘ ਝੁਨੀਰ (ਮਾਨਸਾ)**
**ਫੋਨ: +91-98769-68193**

ਇੱਕ ਐਸਕਾਰਟ ਟਰੈਕਟਰ ਹੁੰਦਾ ਸੀ। ਟਰੈਕਟਰ ਦੇ ਉੱਪਰ ਚਿੱਟੇ ਅੱਖਰਾਂ ਵਿਚ ਉੱਕਰਿਆ ਮੇਰੇ ਨਾਨਾ ਜੀ ਦਾ ਨਾਂ 'ਸ੍ਰ. ਜੱਗਰ ਸਿੰਘ' ਮੈਨੂੰ ਬੜਾ ਚੰਗਾ-ਚੰਗਾ ਜਿਹਾ ਲੱਗਦਾ ਤੇ ਨਾਨਾ ਜੀ ਦੇ ਨਾਂ ਨੂੰ ਪੜ੍ਹਦਿਆਂ ਮੇਰੇ ਬਾਲ ਮਨ ਅੰਦਰ ਇੱਕ ਅਜੀਬ ਜਿਹਾ ਮਾਣ ਭਰ ਜਾਂਦਾ ਸੀ।

ਮੇਰੇ ਛੋਟੇ ਮਾਮੇ ਦਾ ਘਰ, ਜਿੱਥੇ ਮੇਰੇ ਨਾਨਾ-ਨਾਨੀ ਜੀ ਦੀ ਨਿੱਘੀ ਛੋਹ ਵਸਦੀ ਸੀ, ਮੈਨੂੰ ਕਿਸੇ ਜੰਨਤ ਤੋਂ ਘੱਟ ਨਹੀਂ ਸੀ ਜਾਪਦਾ। ਘਰ ਦੀ ਦਹਿਲੀਜ਼ ਪਾਰ ਕਰਦਿਆਂ ਹੀ ਸਾਹਮਣੇ ਇੱਕ ਵਰਾਂਡਾ ਸੀ। ਉਸ ਵਰਾਂਡੇ ਵਿਚ ਇੱਕ ਹਰੇ ਰੰਗ ਦੀ ਅਲਮਾਰੀ ਹੁੰਦੀ ਸੀ, ਜਿਸ ਉੱਪਰ ਪੀਰਾਂ, ਫ਼ਕੀਰਾਂ ਅਤੇ ਸੰਤਾਂ-ਮਹਾਤਮਾਵਾਂ ਦੀਆਂ ਤਸਵੀਰਾਂ ਸਜੀਆਂ ਹੋਈਆਂ ਸਨ। ਉਨ੍ਹਾਂ ਤਸਵੀਰਾਂ ਵਾਲੇ ਚਿਹਰਿਆਂ 'ਤੇ ਇੱਕ ਅਜਿਹਾ ਅਨੋਖਾ ਤੇ ਇਲਾਹੀ ਨੂਰ ਸੀ, ਜੋ ਮੇਰੇ ਅੰਦਰ ਅਜੀਬ ਜਿਹੀ ਰੂਹਾਨੀਅਤ ਭਰ ਦਿੰਦਾ ਸੀ। ਇਸੇ ਵਰਾਂਡੇ ਦੇ ਉੱਪਰ ਪੁਰਾਤਨ ਨਮੂਨੇ ਦਾ ਇੱਕ ਚੁਬਾਰਾ ਹੁੰਦਾ ਸੀ। ਭਾਵੇਂ ਉਹ ਚੁਬਾਰਾ ਪੁਰਾਣਾ ਹੋਣ ਕਾਰਨ ਮੇਰੇ ਬਚਪਨ ਵਿਚ ਹੀ ਢਾਹ ਦਿੱਤਾ ਗਿਆ ਸੀ, ਪਰ ਉਸ ਨਾਲ ਮੇਰੀ ਰੂਹ ਦਾ ਮੋਹ ਇੰਨਾ ਡੂੰਘਾ ਸੀ ਕਿ ਉਸ ਵਿਚ ਬੈਠ ਕੇ ਮੈਨੂੰ ਜੋ ਸਕੂਨ ਮਿਲਦਾ ਸੀ, ਉਹ ਦੁਨੀਆ ਦੀ ਕਿਸੇ ਹੋਰ ਨੁੱਕਰ ਵਿਚ ਕਦੇ ਨਸੀਬ ਨਹੀਂ ਹੋਇਆ।

ਵਰਾਂਡੇ ਦੇ ਖੱਬੇ ਪਾਸੇ ਇੱਕ ਵੱਡੀ ਸਾਰੀ ਸਬਾਤ ਸੀ। ਸਿਆਲ ਦੀਆਂ ਠੰਢੀਆਂ ਰਾਤਾਂ ਵਿਚ, ਉਸ ਹਨੇਰੀ ਸਬਾਤ ਦੇ ਕਿਸੇ ਕੋਨੇ ਵਿਚ ਮੇਰੇ ਨਾਨਾ ਜੀ ਲਈ ਬਣਾਈਆਂ ਮੇਥਿਆਂ ਦੀਆਂ ਪਿੰਨੀਆਂ ਰੱਖੀਆਂ ਹੁੰਦੀਆਂ ਸਨ। ਮੇਰੀ ਨਾਨੀ ਜਦੋਂ ਆਪਣੇ ਮੋਹ ਭਿੱਜੇ ਹੱਥਾਂ ਨਾਲ ਮੈਨੂੰ ਉਹ ਪਿੰਨੀਆਂ ਖਵਾਉਂਦੀ, ਤਾਂ ਮੈਨੂੰ ਲੱਗਦਾ ਜਿਵੇਂ ਦੁਨੀਆ ਭਰ ਦਾ ਸਵਾਦ ਅਤੇ ਵਾਤਸਲ ਮੇਰੀ ਝੋਲੀ ਪੈ ਗਿਆ ਹੋਵੇ।

ਮੇਰੇ ਛੋਟੇ ਮਾਮੇ ਦਾ ਪੁੱਤਰ ਲਛਮਣ, ਜਿਸਨੂੰ ਨਾਨਾ ਜੀ 'ਲਫ਼ਣ' ਆਖਦੇ ਸਨ, ਭਾਵੇਂ ਮੇਰੇ ਤੋਂ ਛੋਟਾ ਸੀ ਪਰ ਮੇਰਾ ਪੱਕਾ ਆੜੀ ਸੀ। ਨਾਨਾ ਜੀ ਆਪਣੇ ਹੱਥੀਂ ਸਾਨੂੰ



*ਮੇਰੇ ਅੰਦਰ ਇੱਕ ਡਰ ਬੈਠਾ ਹੈ ਕਿ ਜੇ ਮੈਂ ਹੁਣ ਨਾਨਕੇ ਗਿਆ, ਤਾਂ ਮੈਨੂੰ ਸਭ ਕੁਝ ਬਦਲਿਆ ਹੋਇਆ ਮਿਲੇਗਾ। ਮੇਰੀਆਂ ਯਾਦਾਂ ਵਿਚ ਵਸਿਆ ਮੇਰੇ ਪਿਆਰੇ ਨਾਨਕੇ ਪਿੰਡ ਅਤੇ ਮੇਰੇ ਨਾਨਕੇ ਘਰ ਦਾ ਉਹ ਪਵਿੱਤਰ ਅਕਸ ਧੁੰਦਲਾ ਹੋ ਜਾਵੇਗਾ। ਸ਼ਾਇਦ ਮੇਰੇ ਜ਼ਿਹਨ ਵਿਚੋਂ ਮੇਰੇ ਬਚਪਨ ਦੀਆਂ ਉਹ ਅਨਮੋਲ ਯਾਦਾਂ ਕਿਰ ਜਾਣਗੀਆਂ, ਜੋ ਮੇਰੀ ਜ਼ਿੰਦਗੀ ਦਾ ਸਭ ਤੋਂ ਵੱਡਾ ਸਰਮਾਇਆ ਹਨ।*

ਗੁੱਲੀ ਘੜ ਕੇ ਦਿੰਦੇ ਅਤੇ ਅਸੀਂ ਘੰਟਿਆਂ-ਬੱਧੀ ਬਾੜੇ ਵਿਚ ਗੁੱਲੀ-ਡੰਡਾ ਖੇਡਦੇ ਰਹਿੰਦੇ। ਸਾਡੀ ਉਸ ਖੇਡ ਵਿਚ ਦੁਨੀਆਂ ਭਰ ਦੀ ਬਾਦਸ਼ਾਹਤ ਛੁਪੀ ਹੁੰਦੀ।

ਛੋਟੇ ਮਾਮੇ ਦੇ ਘਰ ਤੋਂ ਵੱਡੇ ਮਾਮੇ ਦੇ ਘਰ ਤੱਕ ਦਾ ਪੈਂਡਾ ਮੇਰੇ ਲਈ ਕਿਸੇ ਰੋਮਾਂਚਕ ਸਫ਼ਰ ਤੋਂ ਘੱਟ ਨਹੀਂ ਸੀ। ਰਸਤੇ ਵਿਚ ਪੈਦਲ ਤੁਰਦਿਆਂ ਸਭ ਤੋਂ ਪਹਿਲਾਂ ਦੋ ਛੱਪੜ ਆਉਂਦੇ ਤੇ ਫਿਰ ਲਸੂੜੇ ਦੇ ਰੁੱਖ ਮਿਲਦੇ, ਇੱਕ ਪੁਰਾਣਾ ਖੂਹ ਆਉਂਦਾ ਜਿੱਥੋਂ ਸੁਆਣੀਆਂ ਪਾਣੀ ਭਰਦੀਆਂ। ਉਸ ਖੂਹ ਦੇ ਨਾਲ ਹੀ ਇੱਕ ਡੇਰਾ ਹੁੰਦਾ ਸੀ। ਇਸ ਡੇਰੇ ਨਾਲ ਜੁੜੀ ਇੱਕ ਘਟਨਾ ਨੇ ਮੇਰੇ ਬਾਲ-ਮਨ ਨੂੰ ਕਿਸੇ ਤਲਿਸਮੀ ਦੁਨੀਆ ਦਾ ਹਿੱਸਾ ਬਣਾ ਦਿੱਤਾ ਸੀ। ਇੱਕ ਵਾਰ ਮਾਤਾ ਜੀ ਨੇ ਦੱਸਿਆ ਕਿ ਵੱਡੇ ਮਾਮਾ ਜੀ ਖੇਤਾਂ ਵਿਚ ਪਾਣੀ ਲਾ ਰਹੇ ਸਨ ਤਾਂ ਉਨ੍ਹਾਂ ਨੂੰ 'ਕੀੜਾ' ਛੋਹ ਗਿਆ। ਮੈਂ ਕੰਬਦੀ ਆਵਾਜ਼ ਵਿਚ ਪੁੱਛਿਆ, 'ਫਿਰ ਕੀ ਹੋਇਆ?' ਤਾਂ ਮਾਂ ਨੇ ਦੱਸਿਆ ਕਿ ਉਨ੍ਹਾਂ ਨੂੰ ਤੁਰੰਤ ਉਸੇ ਡੇਰੇ ਲਿਆਂਦਾ ਗਿਆ। ਡੇਰੇ ਵਿਚ ਇੱਕ ਥਾਲੀ ਖੜਕਾਈ ਗਈ ਅਤੇ ਉਸ ਥਾਲੀ ਦੀ ਆਵਾਜ਼ ਸੁਣਦਿਆਂ ਹੀ ਪਿੰਡ ਦੇ ਸਾਰੇ 'ਗਾਰੜੂ' ਇਕੱਠੇ ਹੋ ਗਏ। ਉਹ ਆਪਣੇ ਮੂੰਹ ਨਾਲ ਜ਼ਹਿਰ ਚੂਸਦੇ ਅਤੇ ਘਿਓ ਦੀਆਂ ਕੁਰਲੀਆਂ ਕਰਦੇ। ਇਸ ਤਰ੍ਹਾਂ ਉਨ੍ਹਾਂ ਨੇ ਸਾਰਾ ਜ਼ਹਿਰ ਮਾਮਾ ਜੀ ਦੇ ਸਰੀਰ 'ਚੋਂ ਬਾਹਰ ਕੱਢ ਦਿੱਤਾ ਤੇ ਕੁਝ ਹੀ ਸਮੇਂ ਬਾਅਦ ਮਾਮਾ ਜੀ ਬਿਲਕੁਲ ਨੌਂ-ਬਰ-ਨੌਂ ਹੋ ਗਏ। ਮਾਂ ਦੇ ਮੂੰਹੋਂ ਸੁਣੀ ਇਹ ਘਟਨਾ ਮੈਨੂੰ ਕਿਸੇ ਅਲੌਕਿਕ ਤੇ ਜਾਦੂਈ ਦੁਨੀਆ ਦੀ ਬਾਤ ਜਾਪਦੀ ਸੀ। ਅੱਜ ਵੀ ਉਸ ਡੇਰੇ ਵਿਚ ਵੱਜਦੀ ਘੰਟੀ ਦੀ ਪਵਿੱਤਰ ਆਵਾਜ਼ ਮੇਰੇ ਕੰਨਾਂ ਵਿਚ ਪੈਂਦੀ ਹੈ, ਜਿਵੇਂ ਉਹ ਫ਼ਿਜ਼ਾਵਾਂ ਵਿਚ ਕਿਤੇ ਗੂੰਜ ਰਹੀ ਹੋਵੇ।

ਨਾਨਕੇ ਪਿੰਡ ਕੋਲੋਂ ਦੀ ਹੀ ਇੱਕ ਨਹਿਰ ਗੁਜ਼ਰਦੀ ਸੀ, ਜਿਸ ਨੂੰ ਅਸੀਂ 'ਮਸੀਤਾਂ ਵਾਲੀ ਨਹਿਰ' ਆਖਦੇ ਸਾਂ। ਖੇਡਦੇ-ਖੇਡਦੇ ਮੈਂ ਅਤੇ ਵੱਡੇ ਮਾਮੇ ਦਾ ਮੁੰਡਾ ਭਜਨਾ ਅਕਸਰ ਇਸ ਨਹਿਰ 'ਚ ਜਾ ਵੜਦੇ। ਭਜਨਾ ਤਾਂ ਬੇਖ਼ੌਫ਼ ਹੋ ਕੇ ਨਹਿਰ ਦੇ ਪਾਣੀਆਂ ਵਿਚ ਤਾਰੀਆਂ ਲਾਉਂਦਾ, ਪਰ ਮੈਨੂੰ ਪਾਣੀ ਤੋਂ ਡਰ ਲੱਗਦਾ ਸੀ। ਮੈਂ ਨਹਿਰ ਵਿਚ ਵੜਨ ਦੀ ਬਜਾਏ, ਘੰਟਿਆਂ-ਬੱਧੀ ਉਸਦੇ ਕਿਨਾਰੇ ਬੈਠਾ ਰਹਿੰਦਾ। ਪਾਣੀ ਦੀਆਂ ਛੱਲਾਂ ਦਾ ਸੰਗੀਤ ਅਤੇ ਉਹ ਸ਼ਾਂਤ ਮਾਹੌਲ ਮੈਨੂੰ ਅਕਹਿ ਸਕੂਨ ਬਖ਼ਸ਼ਦਾ। ਮੈਂ ਅਕਸਰ ਭਜਨੇ ਨਾਲ ਉਸਦੇ ਸਕੂਲ ਵੀ ਚਲਿਆ ਜਾਂਦਾ। ਉਹ ਸਕੂਲ ਜਾਂਦਿਆਂ ਗਰਮ-ਗਰਮ ਰੋਟੀਆਂ ਦੇ ਵਿਚਕਾਰ ਗੁੜ ਰੱਖ ਕੇ ਲੈ ਜਾਂਦਾ। ਅੱਧੀ ਛੁੱਟੀ ਵੇਲੇ ਜਦੋਂ ਉਹ ਰੋਟੀ ਖੋਲ੍ਹਦਾ, ਤਾਂ ਗਰਮ ਰੋਟੀ ਕਾਰਨ ਪਿਘਲੇ ਹੋਏ ਗੁੜ ਦੀ ਉਹ ਮਹਿਕ ਅਤੇ ਉਸਦਾ ਲਾਜਵਾਬ ਜ਼ਾਇਕਾ ਬਿਆਨੋਂ ਬਾਹਰ ਹੁੰਦਾ ਸੀ।

ਸਮਾਂ ਆਪਣੀ ਚਾਲੇ ਚੱਲਦਾ ਰਿਹਾ। ਬਚਪਨ ਦੇ ਉਨ੍ਹਾਂ ਬੇਫ਼ਿਕਰੇ ਦਿਨਾਂ ਵਿਚ ਹੀ ਮੈਨੂੰ ਪਿੰਡ ਛੱਡ ਕੇ ਆਪਣੀ ਭੂਆ ਦੇ ਪਿੰਡ ਰਹਿਣ ਜਾਣਾ ਪਿਆ। ਬੱਸ, ਉੱਥੋਂ ਹੀ ਮੇਰਾ ਨਾਨਕੇ ਜਾਣ ਦਾ ਸਿਲਸਿਲਾ ਟੁੱਟ ਗਿਆ। ਵੱਡੇ ਮਾਮੇ ਦੇ ਮੁੰਡੇ ਦਾ ਵਿਆਹ ਹੋ ਗਿਆ, ਛੋਟੇ ਮਾਮੇ ਦੇ ਮੁੰਡੇ ਦਾ ਵੀ ਘਰ ਵਸ ਗਿਆ। ਮੈਂ ਨੌਕਰੀ ਲੱਗ ਗਿਆ, ਮੇਰਾ ਆਪਣਾ ਵਿਆਹ ਹੋ ਗਿਆ ਅਤੇ ਜ਼ਿੰਦਗੀ ਦੀ ਜੱਦੋ-ਜਹਿਦ ਵਿਚ ਮੇਰਾ ਨਾਨਕੇ ਜਾਣ ਦਾ ਕਦੇ ਸਬੱਬ ਹੀ ਨਾ ਬਣਿਆ।

ਪਰ ਮੇਰੇ ਅੰਦਰ ਦਾ ਬਾਲਕ ਕਦੇ ਉਸ ਪਿੰਡੋਂ ਬਾਹਰ ਨਹੀਂ ਆਇਆ। ਜਾਗਦੀਆਂ ਅੱਖਾਂ ਨੇ ਭਾਵੇਂ ਉਹ ਪਿੰਡ ਨਹੀਂ ਵੇਖਿਆ, ਪਰ ਮੇਰੇ ਸੁਪਨਿਆਂ ਵਿਚ ਅਕਸਰ ਮੇਰਾ ਨਾਨਕਾ ਘਰ ਆਉਂਦਾ ਹੈ। ਸੁਪਨਿਆਂ ਵਿਚ ਮੈਂ ਆਪਣੇ ਨਾਨਕੇ ਪਿੰਡ ਦੀਆਂ ਉਨ੍ਹਾਂ ਤਲਿਸਮੀ ਗਲੀਆਂ ਵਿਚ ਨੱਠ-ਭੱਜ ਰਿਹਾ ਹੁੰਦਾ ਹਾਂ। ਉਹ ਗਲੀਆਂ ਮੈਨੂੰ 'ਅਲਿਫ਼ ਲੈਲਾ' ਦੇ ਰਹੱਸਮਈ ਕਿੱਸਿਆਂ ਵਰਗੀਆਂ ਲੱਗਦੀਆਂ ਹਨ, ਅਤੇ ਮੇਰਾ ਦਿਲ ਕਰਦਾ ਹੈ ਕਿ ਮੈਂ ਬੱਸ ਉਮਰ ਭਰ ਇਨ੍ਹਾਂ ਗਲੀਆਂ ਵਿਚ ਹੀ ਭਟਕਦਾ ਰਹਾਂ।

ਮੇਰੇ ਮਾਮੇ ਦਾ ਪੁੱਤਰ ਅਕਸਰ ਫ਼ੋਨ 'ਤੇ ਉਲਾਂਭਾ ਦਿੰਦਾ ਹੈ, 'ਮਾਸਟਰ, ਤੂੰ ਹੁਣ ਆਪਣੇ ਨਾਨਕੇ ਕਿਉਂ ਨਹੀਂ ਆਉਂਦਾ? ਤੇਰਾ ਦਿਲ ਨਹੀਂ ਕਰਦਾ ਆਪਣੇ ਨਾਨਕੇ ਘਰ ਆਉਣ ਨੂੰ?'

ਮੈਂ ਹਰ ਵਾਰ ਉਸਨੂੰ ਲਾਰਾ ਲਾ ਦਿੰਦਾ ਹਾਂ ਕਿ 'ਇਸ ਸਾਲ ਪੱਕਾ ਆਵਾਂਗਾ।' ਪਰ ਜੇ ਆਪਣੇ ਮਨ ਦਾ ਸੱਚ ਦੱਸਾਂ ਤਾਂ ਮੇਰਾ ਨਾਨਕੇ ਜਾਣ ਨੂੰ ਹੁਣ ਬਿਲਕੁਲ ਵੀ ਦਿਲ ਨਹੀਂ ਕਰਦਾ। ਇਹ ਕੋਈ ਬੇਰੁਖ਼ੀ ਨਹੀਂ, ਸਗੋਂ ਇਹ ਮੇਰੇ ਨਾਨਕੇ ਪਿੰਡ ਪ੍ਰਤੀ ਮੇਰੇ ਅੰਤਾਂ ਦੇ ਮੋਹ ਦਾ ਇੱਕ ਵੱਖਰਾ ਰੂਪ ਹੈ। ਮੈਨੂੰ ਪਤਾ ਹੈ ਕਿ ਮੇਰੀਆਂ ਸਿਮਰਤੀਆਂ ਵਿਚ ਵਸਿਆ ਮੇਰੇ ਛੋਟੇ ਮਾਮੇ ਦਾ ਉਹ ਪੁਰਾਣਾ, ਪਿਆਰਾ ਜਿਹਾ ਘਰ ਹੁਣ ਇੱਕ ਆਲੀਸ਼ਾਨ ਕੋਠੀ ਵਿਚ ਤਬਦੀਲ ਹੋ ਚੁੱਕਾ ਹੈ। ਬਾੜੇ ਦੀ ਉਹ ਮਿੱਟੀ, ਜਿੱਥੇ ਸਾਡਾ ਗੁੱਲੀ-ਡੰਡਾ ਖੜਕਦਾ ਸੀ, ਹੁਣ ਸੀਮਿੰਟ ਦੀਆਂ ਇੱਟਾਂ ਹੇਠ ਦੱਬੀ ਗਈ ਹੈ, ਉੱਥੇ ਇੱਕ ਵੱਖਰੀ ਕੋਠੀ ਉਸਰ ਚੁੱਕੀ ਹੈ। ਨਾਨਕੇ ਘਰ ਦੇ ਜਿਸ ਜ਼ੱਰੇ-ਜ਼ੱਰੇ ਨਾਲ ਮੈਨੂੰ ਇਸ਼ਕ ਸੀ, ਉਹ ਹੁਣ ਆਪਣੇ ਉਸ ਸਥੂਲ ਰੂਪ ਵਿਚ ਮੌਜੂਦ ਨਹੀਂ ਹੈ।

ਪਰ ਮੇਰੇ ਚੇਤਿਆਂ ਦੇ ਇਤਿਹਾਸ ਵਿਚ... ਉਹ ਘਰ, ਉਹ ਪਿੰਡ, ਉਹ ਕੱਚੇ ਰਸਤੇ ਅੱਜ ਵੀ ਹੂ-ਬ-ਹੂ ਉਸੇ ਤਰ੍ਹਾਂ ਜਿਉਂਦੇ ਹਨ, ਜਿਵੇਂ ਬਚਪਨ ਵਿਚ ਹੁੰਦੇ ਸਨ। ਮੇਰੇ ਅੰਦਰ ਇੱਕ ਡਰ ਬੈਠਾ ਹੈ ਕਿ ਜੇ ਮੈਂ ਹੁਣ ਨਾਨਕੇ ਗਿਆ, ਤਾਂ ਮੈਨੂੰ ਸਭ ਕੁਝ ਬਦਲਿਆ ਹੋਇਆ ਮਿਲੇਗਾ। ਮੇਰੀਆਂ ਯਾਦਾਂ ਵਿਚ ਵਸਿਆ ਮੇਰੇ ਪਿਆਰੇ ਨਾਨਕੇ ਪਿੰਡ ਅਤੇ ਮੇਰੇ ਨਾਨਕੇ ਘਰ ਦਾ ਉਹ ਪਵਿੱਤਰ ਅਕਸ ਧੁੰਦਲਾ ਹੋ ਜਾਵੇਗਾ। ਸ਼ਾਇਦ ਮੇਰੇ ਜ਼ਿਹਨ ਵਿਚੋਂ ਮੇਰੇ ਬਚਪਨ ਦੀਆਂ ਉਹ ਅਨਮੋਲ ਯਾਦਾਂ ਕਿਰ ਜਾਣਗੀਆਂ, ਜੋ ਮੇਰੀ ਜ਼ਿੰਦਗੀ ਦਾ ਸਭ ਤੋਂ ਵੱਡਾ ਸਰਮਾਇਆ ਹਨ। ਮੈਂ ਆਪਣੇ ਅੰਦਰ ਵਸਦੇ ਉਸ ਪੁਰਾਣੇ, ਸਾਦੇ ਤੇ ਮੋਹ-ਭਿੱਜੇ ਨਾਨਕੇ ਪਿੰਡ ਨੂੰ ਮਰਨ ਨਹੀਂ ਦੇਣਾ ਚਾਹੁੰਦਾ। ਸ਼ਾਇਦ, ਇਸੇ ਕਰਕੇ ਮੈਂ ਹੁਣ ਕਦੇ ਆਪਣੇ ਨਾਨਕੇ ਘਰ ਜਾਵਾਂ ਵੀ ਨਾ... ਕਿਉਂਕਿ ਮੇਰਾ ਨਾਨਕਾ ਘਰ ਹੁਣ ਹਰਿਆਣੇ ਦੀ ਧਰਤੀ 'ਤੇ ਨਹੀਂ, ਮੇਰੀ ਰੂਹ ਦੇ ਅੰਦਰ ਵਸਦਾ ਹੈ।

# ਤੇਰਾ ਸਿੰਘ ਚੰਨ ਦੀ ਖੱਬੇ ਪੱਖੀ ਧਾਰਨਾ ਦੇ ਰੰਗ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਤੇਰਾ ਸਿੰਘ ਚੰਨ ਦੇ ਅਕਾਲ ਚਲਾਣੇ ਦੀ ਮਿਤੀ ਤਾਂ ਪਿਛਲੇ ਸਪਤਾਹ ਸੀ, ਪਰ ਉਸਦੀ ਸੋਚ ਨਾਲ ਜੁੜੀਆਂ ਗੱਲਾਂ ਹਾਲੀ ਵੀ ਹਵਾ ਵਿਚ ਹਨ। ਕੇਵਲ ਭਾਰਤ ਵਿਚ ਨਹੀਂ, ਸਤ ਸਮੁੰਦਰ ਪਾਰ ਵੀ। ਹਿਮਾਚਲ ਪ੍ਰਦੇਸ਼ ਦੇ ਦਗਸ਼ਈ ਵਿਚ ਹੀ ਨਹੀਂ ਜਿੱਥੇ ਜੇਲ੍ਹ ਵਿਚ ਰਹਿਣਾ ਪਿਆ ਸੀ। ਕਿਸੇ ਬਿੰਧ ਮਹਾਤਮਾ ਗਾਂਧੀ ਤੇ ਨੱਥੂ ਰਾਮ ਗੋਡਸੇ ਨੂੰ ਵੀ ਕੁਝ ਦਿਨ ਰਹਿਣਾ ਪਿਆ ਸੀ। ਚੰਨ ਹੁਰਾਂ ਦਾ ਬੇਟਾ ਦਿਲਦਾਰ ਤੇ ਉਸ ਦੀ ਬੀਵੀ ਸੁਲਤਾਨਾ ਸਪਤਾਹ ਪਹਿਲਾਂ ਹੀ ਦਗਸ਼ਈ ਜਾ ਕੇ ਆਏ ਹਨ। ਉਹ ਦੋਵੇਂ ਹਿਮਾਚਲ ਪ੍ਰਦੇਸ਼ ਦੇ ਧਰਮਪੁਰ ਨੇੜੇ, ਚੰਡੀਗੜ੍ਹ-ਸ਼ਿਮਲਾ ਹਾਈਵੇਅ 'ਤੇ ਚੰਡੀਗੜ੍ਹ ਤੋਂ ਮਹਿਜ਼ 54 ਕਿਲੋਮੀਟਰ ਦੀ ਦੂਰੀ 'ਤੇ ਸਥਿਰ ਦਗਸ਼ਈ ਛਾਉਣੀ ਦੇਖਣ ਗਏ। 1847 ਵਿਚ ਪਟਿਆਲਾ ਦੇ ਮਹਾਰਾਜਾ ਨੇ ਈਸਟ ਇੰਡੀਆ ਕੰਪਨੀ ਨੂੰ ਛਾਉਣੀ ਸਥਾਪਤ ਕਰਨ ਲਈ ਪੰਜ ਪਿੰਡ (ਡੱਬੀ, ਬੁਢਟਿਆਲਾ, ਚੁਨਾਵਤ, ਜਵਾਗ ਅਤੇ ਦਗਸ਼ਈ) ਦਿੱਤੇ ਸਨ। ਇਸ ਤੋਂ ਬਾਅਦ ਅੰਗਰੇਜ਼ਾਂ ਨੇ ਰਣਨੀਤਕ ਪੱਖ ਤੋਂ 1849 ਵਿਚ ਇੱਥੇ ਜੇਲ੍ਹ ਦਾ ਨਿਰਮਾਣ ਕਰਵਾਇਆ। ਦਗਸ਼ਈ ਵਿਚ ਮੁੱਖ ਖਿੱਚ ਦਾ ਕੇਂਦਰ ਦਗਸ਼ਈ ਕੇਂਦਰੀ ਜੇਲ੍ਹ ਅਤੇ ਜੇਲ੍ਹ ਅਜਾਇਬਘਰ ਹੈ, ਜੋ ਅੰਡੇਮਾਨ ਟਾਪੂ ਦੀ ਸੈਲਿਊਲਰ ਜੇਲ੍ਹ ਤੋਂ ਬਾਅਦ ਭਾਰਤ ਵਿਚ ਬਸਤੀਵਾਦੀ ਦੌਰ ਦੇ ਸਿਰਫ਼ ਦੋ ਜੇਲ੍ਹ ਅਜਾਇਬ ਘਰਾਂ ਵਿਚੋਂ ਇੱਕ ਹੈ।

ਬ੍ਰਿਟਿਸ਼ ਕਾਲ ਦੌਰਾਨ ਦਗਸ਼ਈ ਕੇਂਦਰੀ ਜੇਲ੍ਹ ਬੇਹੱਦ ਸਖ਼ਤ ਸੁਰੱਖਿਆ ਪ੍ਰਬੰਧਾਂ ਵਾਲੀ ਜੇਲ੍ਹ ਵਜੋਂ ਬਣਾਈ ਗਈ ਸੀ। ਇਸ ਵਿਚ ਕੁੱਲ 54 ਸੈਲ (ਕੋਠੜੀਆਂ) ਹਨ ਜਿਨ੍ਹਾਂ ਵਿਚੋਂ 16 ਇਕਾਂਤਵਾਸ ਕੋਠੜੀਆਂ ਸਨ। ਇਨ੍ਹਾਂ ਦੀ ਵਰਤੋਂ ਕੱਟੜ ਭਾਰਤੀ ਕ੍ਰਾਂਤੀਕਾਰੀਆਂ ਨੂੰ ਕੈਦ ਕਰਨ ਅਤੇ ਅਣਮਨੁੱਖੀ ਸਜ਼ਾਵਾਂ ਦੇਣ ਲਈ ਕੀਤੀ ਜਾਂਦੀ ਸੀ। ਇਨ੍ਹਾਂ ਕੋਠੜੀਆਂ ਵਿਚ ਕੁਦਰਤੀ ਰੌਸ਼ਨੀ ਜਾਂ ਹਵਾ ਦੀ ਆਮਦ ਦਾ ਕੋਈ ਸਾਧਨ ਨਹੀਂ ਸੀ। ਅੰਗਰੇਜ਼ੀ ਦੇ ਅੱਖਰ 'ਟੀ' ਆਕਾਰ ਦੀ ਇਸ ਵਿਲੱਖਣ ਪਥਰੀਲੀ ਇਮਾਰਤ ਦੀ ਛੱਤ ਲਗਪਗ 20 ਫੁੱਟ ਉੱਚੀ ਹੈ ਅਤੇ ਫ਼ਰਸ਼ ਲੱਕੜ ਦਾ ਬਣਾਇਆ ਗਿਆ ਸੀ ਤਾਂ ਜੋ ਕੈਦੀਆਂ ਦੀ ਕਿਸੇ ਵੀ ਹਰਕਤ ਜਾਂ ਆਪਸੀ ਗੱਲਬਾਤ 'ਤੇ ਤਿੱਖੀ ਨਜ਼ਰ ਰੱਖੀ ਜਾ ਸਕੇ। ਇੱਥੇ ਕੈਦ ਕੀਤੇ ਗਏ ਅਤੇ ਫਾਂਸੀ ਚੜ੍ਹਾਏ ਗਏ ਸ਼ੁਰੂਆਤੀ ਪ੍ਰਮੁੱਖ ਕ੍ਰਾਂਤੀਕਾਰੀਆਂ ਵਿਚ ਉਹ ਗੋਰਖਾ ਸਿਪਾਹੀ ਵੀ ਸ਼ਾਮਲ ਸਨ, ਜਿਨ੍ਹਾਂ ਨੇ 1857 ਵਿਚ ਅੰਗਰੇਜ਼ ਹਕੂਮਤ ਵਿਰੁੱਧ ਬਗਾਵਤ ਦਾ ਬਿਗਲ ਵਜਾਇਆ ਸੀ।

ਇਤਿਹਾਸਕ ਤੌਰ 'ਤੇ ਇਹ ਸਪੱਸ਼ਟ ਨਹੀਂ ਹੈ ਕਿ ਬਾਬਾ ਗੁਰਦਿੱਤ ਸਿੰਘ ਖੁਦ ਇਨ੍ਹਾਂ ਚਾਰ ਕ੍ਰਾਂਤੀਕਾਰੀਆਂ ਵਿਚ ਸ਼ਾਮਲ ਸਨ ਜਾ ਨਹੀਂ।

1920 ਵਿਚ ਹੋਈ ਪ੍ਰਸਿੱਧ ਕਨਾਟ ਰੇਂਜਰਜ਼ ਬਗਾਵਤ ਦੌਰਾਨ ਇਸ ਜੇਲ੍ਹ ਵਿਚ ਲਗਪਗ 14 ਆਇਰਿਸ਼ ਸਿਪਾਹੀਆਂ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਸੀ। ਬਾਅਦ ਵਿਚ 2 ਨਵੰਬਰ 1920 ਨੂੰ ਜੇਲ੍ਹ ਪ੍ਰਸ਼ਾਸਨ ਵੱਲੋਂ ਸਿਰਫ਼ ਇੱਕ 21 ਸਾਲਾ ਆਇਰਿਸ਼ ਸਿਪਾਹੀ ਜੇਮਜ਼ ਜੋਸਫ਼ ਡੇਲੀ ਨੂੰ ਫਾਇਰਿੰਗ ਸਕੁਐਡ (ਗੋਲੀਆਂ ਮਾਰ ਕੇ) ਰਾਹੀਂ ਮੌਤ ਦੇ ਘਾਟ ਉਤਾਰਿਆ ਗਿਆ,




ਜਦੋਂ ਕਿ ਬਾਕੀ 13 ਸਿਪਾਹੀਆਂ ਦੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿਚ ਬਦਲ ਦਿੱਤਾ ਗਿਆ ਸੀ।

**ਮਹਾਤਮਾ ਗਾਂਧੀ ਅਤੇ ਨੱਥੂਰਾਮ ਗੋਡਸੇ ਦੀ ਆਮਦ**

ਆਇਰਿਸ਼ ਸਿਪਾਹੀਆਂ ਨੂੰ ਦਗਸ਼ਈ ਵਿਚ ਕੈਦ ਕੀਤੇ ਜਾਣ ਦੀ ਖ਼ਬਰ ਮਿਲਦਿਆਂ ਹੀ ਮਹਾਤਮਾ ਗਾਂਧੀ ਉੱਥੇ ਪਹੁੰਚੇ। ਗਾਂਧੀ ਜੀ ਮਹਾਨ ਆਇਰਿਸ਼ ਆਗੂ ਇਮੋਨ ਡੇ ਵੈਲੇਰਾ ਦੇ ਪ੍ਰਸ਼ੰਸਕ ਸਨ ਅਤੇ ਬ੍ਰਿਟਿਸ਼ ਹਕੂਮਤ ਵਿਰੁੱਧ ਆਇਰਿਸ਼ ਲੋਕਾਂ ਦੇ ਸੰਘਰਸ਼ ਤੋਂ ਬੇਹੱਦ ਪ੍ਰੇਰਿਤ ਸਨ। ਜੇਲ੍ਹ ਅਧਿਕਾਰੀਆਂ ਨੇ ਗਾਂਧੀ ਜੀ ਦੀ ਬੇਨਤੀ 'ਤੇ ਉਨ੍ਹਾਂ ਦੇ ਰਹਿਣ ਲਈ ਜੇਲ੍ਹ ਦੇ ਅੰਦਰ ਹੀ ਇੱਕ ਸੈਲ (ਕੋਠੜੀ) ਦਾ ਪ੍ਰਬੰਧ ਕੀਤਾ ਸੀ। ਅੱਜ ਵੀ ਜੇਲ੍ਹ ਪ੍ਰਸ਼ਾਸਨ ਵੱਲੋਂ ਉਸ ਕੋਠੜੀ ਵਿਚ ਗਾਂਧੀ ਜੀ ਦੀ ਯਾਦ ਅਤੇ ਪ੍ਰਤੀਕ ਵਜੋਂ ਇੱਕ ਚਰਖਾ ਸਥਾਪਤ ਕਰਕੇ ਇਸ ਨੂੰ ਇਤਿਹਾਸਕ ਵਿਰਾਸਤ ਵਜੋਂ ਸੰਭਾਲਿਆ ਹੋਇਆ ਹੈ। ਇੱਕ ਹੋਰ ਦਿਲਚਸਪ ਤੇ ਹੈਰਾਨੀਜਨਕ ਤੱਥ ਇਹ ਹੈ ਕਿ ਗਾਂਧੀ ਜੀ ਦਾ ਕਤਲ ਕਰਨ ਵਾਲੇ ਨੱਥੂਰਾਮ ਗੋਡਸੇ ਨੂੰ ਵੀ ਮੁਕੱਦਮੇ ਅਤੇ ਫਾਂਸੀ ਦੀ ਸਜ਼ਾ ਤੋਂ ਪਹਿਲਾਂ, ਕੁਝ ਸਮੇਂ ਲਈ ਇਸੇ ਜੇਲ੍ਹ ਵਿਚ ਬੰਦੀ ਬਣਾ ਕੇ ਰੱਖਿਆ ਗਿਆ ਸੀ। ਸਥਾਨਕ ਦੰਦ ਕਥਾਵਾਂ ਅਤੇ ਮਾਨਤਾਵਾਂ ਅਨੁਸਾਰ ਦਗਸ਼ਈ ਨਾਮ ਦੀ ਉਤਪਤੀ ਫ਼ਾਰਸੀ ਦੇ ਸ਼ਬਦ 'ਦਾਗ਼-ਏ-ਸ਼ਾਹੀ' (ਸ਼ਾਹੀ ਨਿਸ਼ਾਨ) ਤੋਂ ਹੋਈ ਮੰਨੀ ਜਾਂਦੀ ਹੈ। ਇਹ ਕਿਹਾ ਜਾਂਦਾ ਹੈ ਕਿ ਮੁਗ਼ਲ ਕਾਲ ਦੌਰਾਨ ਸੰਗੀਤ ਅਪਰਾਧੀਆਂ ਦੇ ਮੱਥੇ ਉੱਤੇ ਗਰਮ ਲੋਹੇ ਨਾਲ ਸ਼ਾਹੀ ਦਾਗ਼ ਲਗਾ ਕੇ ਉਨ੍ਹਾਂ ਨੂੰ ਸਜ਼ਾ ਵਜੋਂ ਇਸ ਦੂਰ-ਦਰਾਜ਼ ਪਹਾੜੀ ਇਲਾਕੇ ਵਿਚ ਜਲਾਵਤਨ (ਦੇਸ਼ ਨਿਕਾਲਾ) ਕਰ ਦਿੱਤਾ ਜਾਂਦਾ ਸੀ।

ਚੰਨ ਪਰਿਵਾਰ ਦੀ ਦੂਜੀ ਗੱਲ ਦਾ ਸਬੰਧ ਉਨ੍ਹਾਂ ਦੀ ਬੇਟੀ ਸੁਲੇਖਾ (ਸੁਪਤਨੀ ਡਾ. ਰਘਬੀਰ ਸਿੰਘ ਸਿਰਜਣ) ਨਾਲ ਹੈ ਜਿਹੜੀ ਵਧੇਰੇ ਕਰਕੇ ਵੈਨਕੂਵਰ (ਕੈਨੇਡਾ) ਵਿਖੇ ਆਪਣੀ ਧੀ ਰਚਨਾ ਸਿੰਘ ਕੋਲ ਹੀ ਰਹਿੰਦੀ ਹੈ। ਰਚਨਾ ਬ੍ਰਿਟਿਸ਼ ਕੋਲੰਬੀਆ ਦੀ ਐਜੂਕੇਸ਼ਨ ਤੇ ਚਾਈਲਡ ਡਿਵੈਲਪਮੈਂਟ ਮੰਤ੍ਰੀ ਰਹਿ ਚੁੱਕੀ ਹੈ। ਚੰਨ ਪਰਿਵਾਰ ਦਾ ਮਹਿੰਦਰ ਸੂਮਲ ਨਾਂ ਦੇ ਵਿਅਕਤੀ ਨਾਲ ਗੂੜ੍ਹਾ ਸਬੰਧ ਰਿਹਾ ਹੈ।

ਮਹਿੰਦਰ ਸੂਮਲ ਕੈਨੇਡਾ ਜਾਣ ਤੋਂ ਪਹਿਲਾਂ ਭਾਰਤ ਵਿਖੇ ਕਾਲਜ ਦਾ ਵਿਦਿਆਰਥੀ ਹੁੰਦਿਆਂ ਸਾਹਿਤਕ ਤੇ ਸਭਿਆਚਾਰਕ ਗਤੀਵਿਧੀਆਂ ਨਾਲ ਜੁੜ ਚੁੱਕਿਆ ਸੀ। ਕੈਨੇਡਾ ਪਹੁੰਚਣ ਉਪ੍ਰੰਤ ਉਸਨੇ ਪੰਜਾਬੀ ਲੇਖਕ ਗੁਰਚਰਨ ਰਾਮਪੁਰੀ ਨਾਲ ਮਿਲ ਕੇ 1970 ਵਿਚ ਹੀ ਇਹ ਵਿਧੀਆਂ ਚਾਲੂ ਕਰ ਦਿੱਤੀਆਂ ਸਨ। 1973 ਵਿਚ ਕੈਨੇਡਾ ਦੀ ਪਹਿਲੀ ਪੰਜਾਬੀ ਸਾਹਤ ਸਭਾ ਦੀ ਨੀਂਹ ਰੱਖਣ ਵਾਲਾ ਵੀ ਉਹੀ ਸੀ। ਬਾਅਦ ਵਿਚ ਇਹੋ ਸਾਹਿਤ ਸਭਾ 'ਪੰਜਾਬੀ ਲੇਖਕ ਮੰਚ ਵੈਨਕੂਵਰ' ਦੇ ਨਾਮ ਨਾਲ ਮਸ਼ਹੂਰ ਹੋਈ ਤੇ ਮੰਚ ਦੇ ਪਹਿਲੇ ਕੋਆਰਡੀਨੇਟਰ ਵੀ ਉਹੀਓ ਸਨ। ਸੂਮਲ ਉਨ੍ਹਾਂ ਤੋਂ ਮਗਰੋਂ ਵੀ ਕਈ ਵਾਰ ਪੰਜਾਬੀ ਲੇਖਕ ਮੰਚ ਦਾ ਕੋਆਰਡੀਨੇਟਰ ਰਿਹਾ। ਲੇਖਕ ਮੰਚ ਨੇ ਕੈਨੇਡਾ ਵਿਚ ਪੰਜਾਬੀ ਸਾਹਿਤ ਤੇ ਸਭਿਆਚਾਰ ਨੂੰ ਪ੍ਰਫੁੱਲਤ ਕਰਨ ਵਿਚ ਵੱਡਾ ਯੋਗਦਾਨ ਪਾਇਆ। ਉਹ ਬੀ.ਸੀ. ਪੰਜਾਬੀ ਕਲਚਰਲ ਫਾਊਂਡੇਸ਼ਨ ਦਾ ਬਾਨੀ ਮੈਂਬਰ ਵੀ ਰਿਹਾ। ਬੀ.ਸੀ. ਵਿਚ ਇਸ ਫਾਊਂਡੇਸ਼ਨ ਦੇ ਨਾਮ ਉਪਰ ਹੀ ਪੁਸਤਕ ਮੇਲੇ ਲਗਦੇ ਰਹੇ ਹਨ। ਉਸਨੇ ਪੰਜਾਬੀ ਮੈਗਜ਼ੀਨ 'ਲੋਕੜਾ' ਨਾਲ ਵੀ ਕੰਮ ਕੀਤਾ, ਜਿਸ ਵਿਚ ਪਰਵਾਸੀ ਪੰਜਾਬੀਆਂ ਦੀਆਂ ਸਮੱਸਿਆਵਾਂ ਨੂੰ ਬਾਖੂਬੀ ਉਭਾਰਿਆ ਜਾਂਦਾ ਸੀ। ਇਸ ਤੋਂ ਬਿਨਾ ਸੁਮਨ ਦਰਸ਼ਨ ਗਿੱਲ ਦੇ ਸਪਤਾਹਕ ਪਰਚੇ 'ਕਨੇਡਾ ਦਰਪਨ' ਦੇ ਛਪਣ ਦੇ ਅਰੰਭ ਤੋਂ ਲੈ ਕੇ ਅਖੀਰ ਤਕ ਸਹਿਯੋਗੀ ਰਿਹਾ।

ਉਸ ਦੀਆਂ ਸਮਾਜਿਕ ਤੇ ਸਭਿਆਚਾਰਕ ਗਤੀਵਿਧੀਆਂ ਦੀਆਂ ਬਰਕਤਾਂ ਹੀ ਸਮਝੋ ਕਿ ਉਹਦੇ ਵਾਲੀ ਐਸੋਸੀਏਸ਼ਨ ਨੇ ਨਸਲੀ ਵਿਤਕਰੇ ਤੇ ਭਾਰਤੀ ਕਾਮਿਆਂ ਦੇ ਹੱਕਾਂ ਲਈ ਬਹੁਤ ਕੰਮ ਕੀਤਾ। ਉਸਨੇ ਵੈਨਕੂਵਰ ਵਿਚ ਪਹਿਲੀ ਭੰਗੜਾ ਟੀਮ ਬਣਾਈ। ਆਪਣੇ ਘਰੇਲੂ ਕੰਮ ਤਿਆਗ ਕੇ ਭੰਗੜਾ ਟੀਮ ਨੂੰ ਸਿਖਲਾਈ ਦਿੱਤੀ। ਭੰਗੜੇ ਲਈ ਢੋਲ ਦਾ ਹੋਣਾ ਬਹੁਤ ਜ਼ਰੂਰੀ ਹੁੰਦਾ ਹੈ। ਸੂਮਲ ਨੇ ਆਪਣੇ ਵਿਆਹ ਸਮੇਂ ਕੈਨੇਡਾ ਆਉਂਦਿਆਂ ਹੋਰ ਸਾਮਾਨ ਲਿਆਉਣ ਦੀ ਥਾਂ ਢੋਲ ਲਿਆਉਣ ਨੂੰ ਤਰਜੀਹ ਦਿੱਤੀ। ਕੈਨੇਡਾ ਦੀ ਇਹ ਪਹਿਲੀ ਭੰਗੜਾ ਟੀਮ ਸੀ, ਜਿਸ ਨੇ 1974 ਵਿਚ ਅਮਰੀਕਾ ਦੇ ਸ਼ਹਿਰ ਸਪੋਕੈਨ ਦੇ ਵਰਲਡ ਟਰੇਡ ਫੇਅਰ ਵਿਚ ਭੰਗੜਾ ਪਾਇਆ। 1976 ਦੀਆਂ ਮਾਂਟਰੀਅਲ ਉਲੰਪਿਕ ਖੇਡਾਂ ਵਿਚ ਭੰਗੜਾ ਪਾ ਕੇ ਧੰਨ-ਧੰਨ ਕਰਵਾਈ ਤੇ ਪੰਜਾਬੀ ਭੰਗੜੇ ਨੂੰ ਮਾਨਤਾ ਦਿਵਾਈ। 1981 ਵਿਚ PN5 ਦੇ ਮੇਲੇ ਵਿਚ ਭੰਗੜਾ ਪਾ ਕੇ ਦੂਜਾ ਸਥਾਨ ਹਾਸਲ ਕੀਤਾ। ਕੈਨੇਡਾ ਦੀਆਂ ਖੱਬੇ ਪੱਖੀ ਪਾਰਟੀਆਂ ਤੇ ਸੰਗਠਨਾਂ ਨਾਲ ਵੀ ਦਿਲੋ ਜਾਨ ਨਾਲ ਕੰਮ ਕੀਤਾ। ਭਾਰਤ ਤੋਂ ਆਉਣ ਵਾਲੇ ਅਗਾਂਹਵਧੂ ਨੇਤਾਵਾਂ ਤੇ ਲੇਖਕਾਂ ਦੀ ਹਰ ਢੰਗ ਨਾਲ ਸਹਾਇਤਾ ਕਰਨ ਵਿਚ ਮੋਹਰੀ ਭੂਮਿਕਾ ਨਿਭਾਈ।

ਸੂਮਲ ਜ਼ਿੰਦਗੀ ਵਿਚ ਆਈਆਂ ਔਕੜਾਂ ਦੇ ਬਾਵਜੂਦ ਸਤੰਬਰ 2025 ਵਿਚ ਅੰਤਲੇ ਸਾਹ ਲੈਣ ਤਕ ਸਾਹਿਤਕ, ਸਾਮਾਜਿਕ ਤੇ ਸੱਭਿਆਚਾਰਕ ਗਤੀਵਿਧੀਆਂ ਵਿਚ ਸਰਗਰਮ ਰਿਹਾ।

**ਅੰਤਿਕਾ**

ਉਰਦੂ ਕਵੀ ਦਾਰਾ
ਨਹੀਂ ਖੇਲ੍ਹ ਐ ਦਾਗ ਯਾਰੋਂ ਸੇ ਕਹਿਦੋ
ਕਿ ਆਤੀ ਹੈ ਉਰਦੂ ਜ਼ੁਬਾਨ ਆਤੇ ਆਤੇ।

# ਪਾਲਣਹਾਰ ਦਾ ਵੀ ਹੁੰਦੈ ਮਾਂ ਜਿੱਡਾ ਰੁਤਬਾ!

ਅਵਤਾਰ ਸਿੰਘ ਧਾਲੀਵਾਲ

ਦੀਪ ਸਿਰਫ਼ ਤਿੰਨ ਮਹੀਨਿਆਂ ਦਾ ਸੀ ਜਦੋਂ ਉਸਦਾ ਪਿਓ ਮੁੱਕ ਗਿਆ, ਭੋਗ ਪੈਣ ਤੋਂ ਬਾਅਦ ਉਸਦੀ ਮਾਂ ਉਸਨੂੰ ਲੈ ਕੇ ਆਪਣੇ ਪੇਕੇ ਘਰ ਆ ਗਈ, ਕਿਸੇ ਨੇ ਸੋਚਿਆ ਵੀ ਨਹੀਂ ਸੀ ਕਿ ਇਹ ਬੱਚਾ ਹੁਣ ਆਪਣੀ ਜ਼ਿੰਦਗੀ ਦਾ ਸਭ ਤੋਂ ਔਖਾ ਸਫ਼ਰ ਸ਼ੁਰੂ ਕਰਨ ਜਾ ਰਿਹਾ ਹੈ।

ਦਿਨ ਮਹੀਨਿਆਂ ਵਿਚ, ਮਹੀਨੇ ਸਾਲਾਂ ਵਿਚ ਬਦਲਦੇ ਗਏ ਪਰ ਇੱਕ ਵੀ ਦਿਨ ਅਜਿਹਾ ਨਾ ਆਇਆ ਜਦੋਂ ਦਾਦਕਿਆਂ ਵਿਚੋਂ ਕੋਈ ਉਸ ਨਿੱਕੇ ਜਿਹੇ ਬੱਚੇ ਨੂੰ ਮਿਲਣ ਆਇਆ ਹੋਵੇ, ਕਿਸੇ ਨੇ ਕਦੇ ਨਾ ਪੁੱਛਿਆ ਕਿ ਉਹ ਕਿਵੇਂ ਹੈ।

ਦੀਪ ਜਦੋਂ ਚਾਰ ਸਾਲ ਦਾ ਹੋਇਆ ਤਾਂ ਸਮਾਜ ਦੀਆਂ ਰਸਮਾਂ ਅੱਗੇ ਉਸਦੀ ਮਾਂ ਵੀ ਹਾਰ ਗਈ, ਨਾਨਕਿਆਂ ਨੇ ਉਸਦਾ ਦੂਜਾ ਵਿਆਹ ਕਰ ਦਿੱਤਾ, ਜਦੋਂ ਮਾਂ ਦੀ ਡੋਲੀ ਤੁਰੀ ਦੀਪ ਉਸਦੀ ਚੁੰਨੀ ਦਾ ਲੜ ਫੜ ਕੇ ਬਹੁਤ ਰੋਇਆ...ਮਾਂ...ਮੈਨੂੰ ਵੀ ਨਾਲ ਲੈ ਚੱਲ...ਪਰ ਉਸਦੀਆਂ ਨਿੱਕੀਆਂ ਉਂਗਲਾਂ ਮਾਂ ਦੀ ਚੁੰਨੀ ਨੂੰ ਜ਼ਿਆਦਾ ਦੇਰ ਤੱਕ ਫੜ ਕੇ ਨਾ ਰੱਖ ਸਕੀਆਂ।

ਮਾਂ ਦੀ ਡੋਲੀ ਅੱਖਾਂ ਤੋਂ ਉਹਲੇ ਹੋ ਗਈ ਪਰ ਦੀਪ ਦੀਆਂ ਅੱਖਾਂ ਬੂਹੇ ਵੱਲ ਹੀ ਲੱਗੀਆਂ ਰਹੀਆਂ, ਉਸਨੂੰ ਲੱਗਦਾ ਸੀ ਕਿ ਮਾਂ ਸ਼ਾਮ ਤੱਕ ਵਾਪਸ ਆ ਜਾਵੇਗੀ, ਉਹ ਕਈ ਦਿਨ ਘਰ ਦੇ ਬਾਹਰ ਬੈਠਾ ਗਲੀ ਵਿਚੋਂ ਲੰਘਦੀ ਹਰ ਔਰਤ ਵਿਚੋਂ ਆਪਣੀ ਮਾਂ ਨੂੰ ਲੱਭਦਾ ਰਿਹਾ।


ਉਹ ਰਾਤਾਂ ਨੂੰ ਉੱਠ-ਉੱਠ ਕੇ ਬਹੁਤ ਰੋਂਦਾ, ਉਸਦੇ ਹੰਝੂ ਪੂੰਝਣ ਵਾਲੀ ਉਸ ਕੋਲ ਸਿਰਫ਼ ਉਸਦੀ ਨਾਨੀ ਸੀ...ਨਾਨੀ ਨੇ ਉਸਨੂੰ ਛਾਤੀ ਨਾਲ ਲਾ ਕੇ ਕਿਹਾ...ਪੁੱਤ...ਅੱਜ ਤੋਂ ਮੈਂ ਹੀ ਤੇਰੀ ਮਾਂ ਹਾਂ ਤੇ ਮੈਂ ਹੀ ਤੇਰਾ ਪਿਉ ਹਾਂ...ਸ਼ਾਇਦ ਉਸ ਦਿਨ ਤੋਂ ਰੱਬ ਨੇ ਵੀ ਆਪਣੀ ਇੱਕ ਡਿਊਟੀ ਨਾਨੀ ਨੂੰ ਦੇ ਦਿੱਤੀ ਸੀ।

ਦੀਪ ਜਦੋਂ ਪੰਜ ਸਾਲ ਦਾ ਹੋਇਆ ਤਾਂ ਨਾਨੀ ਨੇ ਪਿੰਡ ਦੇ ਸਰਕਾਰੀ ਸਕੂਲ ਵਿਚ ਦਾਖ਼ਲ ਕਰਵਾ ਦਿੱਤਾ, ਉਸਦੇ ਕੋਲ ਨਵਾਂ ਬਸਤਾ ਖਰੀਦਣ ਲਈ ਪੈਸੇ ਨਹੀਂ ਸਨ, ਉਸਨੇ ਗਵਾਂਢੀਆਂ ਤੋਂ ਖਾਦ ਵਾਲਾ ਖਾਲੀ ਥੈਲਾ ਲੈ ਕੇ ਇੱਕ ਛੋਟਾ ਜਿਹਾ ਝੋਲਾ ਸਿਉਂ ਦਿੱਤਾ।

ਉਸ ਦਿਨ ਤੋਂ ਨਾਨੀ ਦੀ ਜ਼ਿੰਦਗੀ ਦਾ ਸਿਰਫ਼ ਇੱਕ ਹੀ ਮਕਸਦ ਸੀ ਦੀਪ ਦਾ ਭਵਿੱਖ...ਸਵੇਰੇ ਜਲਦੀ ਉੱਠਣਾ, ਲੋਕਾਂ ਦੇ ਘਰਾਂ ਵਿਚ ਕੰਮ ਕਰਨਾ ਤੇ ਰਾਤ ਨੂੰ ਦੀਪ ਨਾਲ ਬੈਠ ਕੇ ਨਿੱਕੀਆਂ-ਨਿੱਕੀਆਂ ਗੱਲਾਂ ਕਰਕੇ ਆਪਣਾ ਥਕੇਵਾਂ ਭੁੱਲ ਜਾਣਾ ਇਹ ਉਸਦੀ ਰੋਜ਼ਾਨਾ ਦੀ ਜ਼ਿੰਦਗੀ ਸੀ।

ਕੋਈ ਸਮਾਂ ਅਜਿਹਾ ਵੀ ਆਇਆ ਜਦੋਂ ਘਰ ਵਿਚ ਸਿਰਫ਼ ਦੋ ਰੋਟੀਆਂ ਹੁੰਦੀਆਂ...ਨਾਨੀ ਕਹਿੰਦੀ...ਪੁੱਤ, ਮੈਂ ਤਾਂ ਰੋਟੀ ਖਾ ਲਈ ਸੀ...ਤੂੰ ਖਾ ਲੈ...ਦੀਪ ਬੱਚਾ ਸੀ, ਉਹ ਸੱਚ ਮੰਨ ਲੈਂਦਾ ਸੀ।

ਸਮਾਂ ਲੰਘਦਾ ਗਿਆ...ਇੱਕ ਦਿਨ ਸਕੂਲ ਵਿਚ ਅਧਿਆਪਕ ਨੇ ਕਿਹਾ...ਕੱਲ੍ਹ ਹਰ ਬੱਚਾ ਆਪਣੇ ਪਿਤਾ ਨੂੰ ਨਾਲ ਲੈ ਕੇ ਆਵੇ...ਸਾਰੇ ਬੱਚੇ ਖੁਸ਼ ਸਨ...ਪਰ ਦੀਪ ਸਾਰੀ



ਰਾਤ ਜਾਗਦਾ ਰਿਹਾ...ਅਗਲੇ ਦਿਨ ਉਹ ਇਕੱਲਾ ਹੀ ਸਕੂਲ ਪਹੁੰਚ ਗਿਆ, ਅਧਿਆਪਕ ਨੇ ਪੁੱਛਿਆ...ਤੇਰੇ ਪਿਤਾ ਨਹੀਂ ਆਏ?

ਦੀਪ ਨੇ ਕਿਹਾ...ਸਰ...ਮੇਰੇ ਪਿਤਾ ਜੀ ਤਾਂ ਰੱਬ ਕੋਲ ਹਨ...ਤੇ ਮੇਰੀ ਨਾਨੀ ਅੱਜ ਦਿਹਾੜੀ 'ਤੇ ਗਈ ਹੈ ਜੇ ਉਹ ਨਾ ਜਾਂਦੀ ਤਾਂ ਅੱਜ ਰਾਤ ਅਸੀਂ ਰੋਟੀ ਨਹੀਂ ਖਾ ਸਕਦੇ ਸੀ...ਪੂਰੀ ਜਮਾਤ ਵਿਚ ਚੁੱਪ ਛਾ ਗਈ...ਅਧਿਆਪਕ ਦੀਆਂ ਅੱਖਾਂ ਭਰ ਆਈਆਂ...ਉਸਨੇ ਦੀਪ ਨੂੰ ਆਪਣੀ ਛਾਤੀ ਨਾਲ ਲਾ ਲਿਆ।

ਦੀਪ ਨੇ ਪੜ੍ਹਾਈ ਵਿਚ ਦਿਨ-ਰਾਤ ਇੱਕ ਕਰ ਦਿੱਤਾ, ਉਸਨੇ ਹਰ ਇਮਤਿਹਾਨ ਵਿਚ ਪਹਿਲਾ ਸਥਾਨ ਹਾਸਲ ਕੀਤਾ ਅਤੇ ਆਖ਼ਰਕਾਰ ਇੱਕ ਵੱਡਾ ਸਰਕਾਰੀ ਅਫ਼ਸਰ ਬਣ ਗਿਆ, ਜਿਸ ਦਿਨ ਉਸਨੇ ਪਹਿਲੀ ਤਨਖ਼ਾਹ ਲਈ, ਉਹ ਸਿੱਧਾ ਘਰ ਗਿਆ, ਉਸਨੇ ਪਹਿਲੀ ਤਨਖ਼ਾਹ ਨਾਨੀ ਦੇ ਪੈਰਾਂ ਵਿਚ ਰੱਖ ਦਿੱਤੀ।

ਉਹ ਨਾਨੀ ਨੂੰ ਕਹਿਣ ਲੱਗਾ...ਨਾਨੀ...ਇਹ ਮੇਰੀ ਨਹੀਂ...ਤੇਰੀ ਮਿਹਨਤ ਦੀ ਕਮਾਈ ਹੈ...ਨਾਨੀ ਦੀਆਂ ਅੱਖਾਂ ਵਿਚੋਂ ਹੰਝੂ ਵਗ ਪਏ...ਉਹ ਸਿਰਫ਼ ਇਹ ਹੀ ਕਹਿ ਸਕੀ...ਅੱਜ ਮੇਰਾ ਪੁੱਤ ਨਹੀਂ ਜਿੱਤਿਆ...ਅੱਜ ਇੱਕ ਮਾਂ ਦੀ ਮਮਤਾ ਜਿੱਤੀ ਹੈ।

ਕੁਝ ਮਹੀਨਿਆਂ ਬਾਅਦ ਨਾਨੀ ਬਿਮਾਰ ਪੈ ਗਈ...ਦੀਪ ਨੇ ਉਸਨੂੰ ਦੇਸ ਦੇ ਹਰ ਵੱਡੇ ਤੋਂ ਵੱਡੇ ਹਸਪਤਾਲ ਵਿਚ ਦਿਖਾਇਆ...ਪਰ ਨਾਨੀ ਦਿਨੋਂ-ਦਿਨ ਹੋਰ ਤੋਂ ਹੋਰ ਕਮਜ਼ੋਰ ਹੁੰਦੀ ਗਈ...ਉਸਦੀ ਹਾਲਤ ਵਿਚ ਕੋਈ ਸੁਧਾਰ ਨਾ ਹੋਇਆ।

ਇੱਕ ਦਿਨ ਅਜਿਹਾ ਆਇਆ ਨਾਨੀ ਦੀਆਂ ਸਾਹਾਂ ਰੁਕ-ਰੁਕ ਕੇ ਚੱਲ ਰਹੀਆਂ ਸਨ, ਦੀਪ ਉਸਦੇ ਸਿਰਹਾਣੇ ਉਸਦਾ ਹੱਥ ਆਪਣੇ ਹੱਥਾਂ ਵਿਚ ਫੜੀ ਬੈਠਾ ਸੀ, ਉਹ ਵਾਰ-ਵਾਰ ਕਹਿ ਰਿਹਾ ਸੀ...ਨਾਨੀ...ਅੱਖਾਂ ਖੋਲ੍ਹ...ਨਾਨੀ ਨੇ ਆਖਰੀ ਵਾਰ ਦੀਪ ਦੇ ਸਿਰ 'ਤੇ ਹੱਥ ਫੇਰਿਆ... ਅੱਖਾਂ ਵਿਚੋਂ ਹੰਝੂ ਨਿਕਲ ਪਏ...ਜਿਵੇਂ ਉਹ ਬਿਨਾਂ ਕੁਝ ਕਹੇ ਆਪਣੀਆਂ ਸਾਰੀਆਂ ਦੁਆਵਾਂ ਉਸਦੀ ਝੋਲੀ ਵਿਚ ਪਾ ਰਹੀ ਹੋਵੇ, ਅਗਲੇ ਹੀ ਪਲ ਉਸਦੀ ਧੜਕਨ ਰੁਕ ਗਈ।

ਦੀਪ ਦੀ ਦੁਨੀਆਂ ਇੱਕ ਪਲ ਵਿਚ ਉਜੜ ਗਈ, ਉਹ ਨਾਨੀ ਦੇ ਉਪਰ ਡਿੱਗ ਕੇ ਉੱਚੀ-ਉੱਚੀ ਰੋਣ ਲੱਗ ਪਿਆ...ਨਾਨੀ...ਇੱਕ ਵਾਰ ਤਾਂ ਬੋਲ...ਇੱਕ ਵਾਰ ਤਾਂ ਮੈਨੂੰ 'ਪੁੱਤ' ਆਖ ਦੇ...ਮੈਂ ਅਜੇ ਵੀ ਉਹ ਚਾਰ ਸਾਲ ਦਾ ਬੱਚਾ ਹਾਂ, ਜੋ ਮਾਂ ਦੀ ਡੋਲੀ ਪਿੱਛੇ ਰੋਂਦਾ ਰਹਿ ਗਿਆ ਸੀ... ਮੈਨੂੰ ਫਿਰ ਇਕੱਲਾ ਨਾ ਛੱਡ...ਪਰ ਜਾਣ ਵਾਲੇ ਕਦੇ ਕਿਸੇ ਦੀ ਪੁਕਾਰ ਨਹੀਂ ਸੁਣਦੇ।

ਜਿਸ ਦਿਨ ਨਾਨੀ ਦੀ ਅਰਥੀ ਉੱਠੀ ਉਸ ਦਿਨ ਸਾਰਾ ਪਿੰਡ ਰੋ ਰਿਹਾ ਸੀ, ਸ਼ਮਸ਼ਾਨ ਵਿਚ ਜਦੋਂ ਦੀਪ ਨੇ ਚਿਤਾ ਨੂੰ ਅੱਗ ਦਿੱਤੀ ਤਾਂ ਉਸਦੇ ਦਿਲ ਵਿਚੋਂ ਇੱਕ ਚੀਕ ਨਿਕਲੀ...ਹੇ ਵਾਹਿਗੁਰੂ... ਮੇਰੇ ਤੋਂ ਮੇਰੀ ਹਰ ਖ਼ੁਸ਼ੀ ਖੋਹ ਲਈ, ਕੋਈ ਗੱਲ ਨਹੀਂ... ਪਰ ਜਿਸ ਔਰਤ ਨੇ ਮੇਰੇ ਲਈ ਆਪਣਾ ਸੁੱਖ-ਚੈਨ ਵਾਰ ਦਿੱਤਾ...ਉਸਨੂੰ ਮੇਰੀਆਂ ਖ਼ੁਸ਼ੀਆਂ ਵੇਖਣ ਲਈ ਕੁਝ ਹੋਰ ਦਿਨ ਵੀ ਨਾ ਦਿੱਤੇ?

ਘਰ ਆ ਕੇ ਉਹ ਨਾਨੀ ਦੇ ਖਾਲੀ ਮੰਜੇ ਕੋਲ ਬੈਠ ਗਿਆ...ਉਹ ਬੋਲਿਆ...ਲੋਕ ਕਹਿੰਦੇ ਨੇ ਮੈਂ ਆਪਣੀ ਮਿਹਨਤ ਨਾਲ ਅਫ਼ਸਰ ਬਣਿਆ ਹਾਂ...ਪਰ ਸੱਚ ਤਾਂ ਇਹ ਹੈ ਕਿ ਮੇਰੀ ਹਰ ਡਿਗਰੀ ਤੇ ਮੇਰੀ ਹਰ ਕਾਮਯਾਬੀ ਵਿਚ ਮੇਰੀ ਨਾਨੀ ਦੇ ਪਾਟੇ ਹੋਏ ਹੱਥਾਂ ਦੀ ਮਿਹਨਤ ਹੈ।

ਉਸਨੇ ਪਹਿਲੀ ਤਨਖ਼ਾਹ ਵਾਲਾ ਲਿਫ਼ਾਫ਼ਾ ਚੁੱਕਿਆ ਜੋ ਉਸਨੇ ਨਾਨੀ ਨੂੰ ਦਿੱਤਾ ਸੀ ਪਰ ਉਹ ਲਿਫਾਫਾ ਤਾਂ ਨਾਨੀ ਨੇ ਕਦੇ ਖੋਲ੍ਹਿਆ ਵੀ ਨਹੀਂ ਸੀ ਉਸਨੇ ਉਹ ਲਿਫ਼ਾਫ਼ਾ ਨਾਨੀ ਦੀ ਤਸਵੀਰ ਅੱਗੇ ਰੱਖ ਦਿੱਤਾ ਅਤੇ ਰੋਂਦਿਆਂ ਕਿਹਾ...ਨਾਨੀ...ਮੈਂ ਤੇਰਾ ਕਰਜ਼ਦਾਰ ਹਾਂ...ਪਰ ਤੂੰ ਤਾਂ ਛੱਡ ਕੇ ਹੀ ਚਲੀ ਗਈ ਹੁਣ ਸਾਰੀ ਉਮਰ ਕਮਾਵਾਂਗਾ...ਪਰ ਇਹ ਦੁੱਖ ਰਹੇਗਾ ਕਿ ਜਿਸ ਲਈ ਕਮਾਉਣਾ ਚਾਹੁੰਦਾ ਸੀ, ਉਹ ਮੇਰੀ ਕਮਾਈ ਵੇਖਣ ਲਈ ਇਸ ਦੁਨੀਆਂ ਵਿਚ ਨਾ ਰਹੀ।

ਉਸ ਦਿਨ ਤੋਂ ਬਾਅਦ ਹਰ ਸਵੇਰ ਦੀਪ ਆਪਣੀ ਨਾਨੀ ਦੀ ਤਸਵੀਰ ਅੱਗੇ ਸਿਰ ਝੁਕਾ ਕੇ ਇੱਕੋ ਗੱਲ ਕਹਿੰਦਾ ਸੀ...ਰੱਬ ਨੂੰ ਮੈਂ ਕਦੇ ਨਹੀਂ ਵੇਖਿਆ...ਪਰ ਜੇ ਰੱਬ ਸੱਚਮੁੱਚ ਧਰਤੀ 'ਤੇ ਕਿਸੇ ਰੂਪ ਵਿਚ ਆਉਂਦਾ ਹੈ...ਤਾਂ ਉਹ ਮੇਰੀ ਨਾਨੀ ਦੇ ਰੂਪ ਵਿਚ ਮੇਰੇ ਕੋਲ ਆਇਆ ਸੀ।

ਕਿਉਂਕਿ...ਕੁਝ ਲੋਕ ਮਰਦੇ ਨਹੀਂ...ਉਹ ਆਪਣੀ ਮਮਤਾ, ਆਪਣੇ ਤਿਆਗ ਅਤੇ ਆਪਣੀਆਂ ਦੁਆਵਾਂ ਦੇ ਰੂਪ ਵਿਚ ਉਨ੍ਹਾਂ ਲੋਕਾਂ ਦੇ ਦਿਲਾਂ ਵਿਚ ਸਦਾ ਲਈ ਜਿਉਂਦੇ ਰਹਿੰਦੇ ਹਨ, ਜਿਨ੍ਹਾਂ ਲਈ ਉਹ ਆਪਣੀ ਪੂਰੀ ਜ਼ਿੰਦਗੀ ਵਾਰ ਦਿੰਦੇ ਹਨ।

# ਪ੍ਰਧਾਨ ਮੰਤਰੀ ਦਾ ਪੰਜਾਬ ਦੌਰਾ: ਵੋਟਾਂ ਲਈ ਫਿਰਕੂ ਜਾਂ ਜਾਤੀ ਵੰਡ ਕਰਨ ਤੋਂ ਗੁਰੇਜ਼ ਕਰੇ ਭਾਜਪਾ

ਦੇਸ਼ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੇ ਪੰਜਾਬ ਦੌਰੇ ਬਾਰੇ ਕਈ ਮਹੀਨਿਆਂ ਤੋਂ ਚਰਚਾ ਚੱਲ ਰਹੀ ਸੀ, ਪੰਜਾਬ ਦੇ ਲੋਕ ਬੜੀ ਬੇਸਬਰੀ ਨਾਲ ਉਡੀਕ ਕਰ ਰਹੇ ਸਨ। ਲੋਕਾਂ ਨੂੰ ਉਮੀਦ ਸੀ ਕਿ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਨਜ਼ਦੀਕ ਹੋਣ ਕਾਰਨ ਪ੍ਰਧਾਨ ਮੰਤਰੀ ਕੋਈ ਠੋਸ ਪ੍ਰੋਗਰਾਮ ਲੈ ਕੇ ਆਉਣਗੇ ਅਤੇ ਪੰਜਾਬ ਦੀਆਂ ਲੰਬੇ ਸਮੇਂ ਤੋਂ ਲਟਕ ਰਹੀਆਂ ਮੁੱਖ ਮੰਗਾਂ ਬਾਰੇ ਕੋਈ ਵਿਸ਼ੇਸ਼ ਐਲਾਨ ਕਰਨਗੇ। ਲੋਕਾਂ ਦੀ ਉਡੀਕ ਮੁੱਕੀ ਅਤੇ ਬੀਤੇ ਦਿਨੀਂ ਸ੍ਰੀ ਮੋਦੀ ਪੂਰੀ ਸ਼ਾਨੋ-ਸ਼ੌਕਤ ਨਾਲ ਇੱਕ ਪੰਜਾਬੀ ਦਾ ਰੂਪ



ਬਲਵਿੰਦਰ ਸਿੰਘ ਭੁੱਲਰ
ਫੋਨ: 098882-75913

ਧਾਰ ਕੇ, ਹਰੀ ਕ੍ਰਾਂਤੀ ਤੇ ਕਿਸਾਨੀ ਦਾ ਪ੍ਰਤੀਕ ਸਮਝੀ ਜਾਂਦੀ ਹਰੀ ਪੱਗ ਬੰਨ੍ਹ ਕੇ ਜਲੰਧਰ ਪਹੁੰਚੇ। ਪੰਜਾਬ ਦੀ ਭਾਜਪਾ ਲੀਡਰਸ਼ਿਪ ਬੜੇ ਚਾਵਾਂ ਨਾਲ ਸਟੇਜ 'ਤੇ ਬਿਰਾਜਮਾਨ ਹੋਈ, ਉਨ੍ਹਾਂ ਨੂੰ ਵੀ ਆਸ ਸੀ ਕਿ ਅੱਜ ਪ੍ਰਧਾਨ ਮੰਤਰੀ ਵੱਡੇ-ਵੱਡੇ ਐਲਾਨ ਕਰਨਗੇ ਅਤੇ ਪੰਜਾਬ ਦੀਆਂ ਚੋਣਾਂ ਵਿਚ ਜਿੱਤ ਹਾਸਲ ਕਰਨ ਦਾ ਮੁੱਢ ਬੱਝ ਜਾਵੇਗਾ।

ਪ੍ਰਧਾਨ ਮੰਤਰੀ ਸ੍ਰੀ ਮੋਦੀ ਨੇ ਕਾਫ਼ੀ ਵੱਡੀ ਰਕਮ ਖਰਚ ਕਰਨ ਦਾ ਐਲਾਨ ਕੀਤਾ ਤਾਂ ਕਿ ਪੰਜਾਬ ਦੇ ਵਿਕਾਸ ਨੂੰ ਹੁਲਾਰਾ ਦਿੱਤਾ ਜਾ ਸਕੇ। ਪਰ ਉਨ੍ਹਾਂ ਆਪਣਾ ਸਾਰਾ ਧਿਆਨ ਰੇਲਵੇ 'ਤੇ ਹੀ ਕੇਂਦਰਤ ਰੱਖਿਆ। ਚੰਗੀ ਗੱਲ ਹੈ ਕਿ ਕਿਸੇ ਦੇਸ਼ ਜਾਂ ਰਾਜ ਦੇ ਵਿਕਾਸ ਵਿਚ ਰੇਲਵੇ ਦਾ ਰੋਲ ਵੀ ਮਹੱਤਵਪੂਰਨ ਹੁੰਦਾ ਹੈ, ਉਸ ਵੱਲ ਧਿਆਨ ਦੇਣਾ ਬਣਦਾ ਹੈ। ਪਰ ਲੋਕਾਂ ਨੇ ਤਾਂ ਕਦੇ ਰੇਲਵੇ ਵਿਭਾਗ ਦੀਆਂ ਮੰਗਾਂ ਨੂੰ ਆਧਾਰ ਬਣਾਇਆ ਹੀ ਨਹੀਂ, ਉਨ੍ਹਾਂ ਦੀਆਂ ਮੰਗਾਂ ਤਾਂ ਬਹੁਤੀਆਂ ਕਿਸਾਨੀ ਨਾਲ ਸਬੰਧਤ ਰਹੀਆਂ ਹਨ। ਜਿਨ੍ਹਾਂ ਬਾਰੇ ਪ੍ਰਧਾਨ ਮੰਤਰੀ ਨੇ ਕੋਈ ਜ਼ਿਕਰ ਕਰਨਾ ਵੀ ਮੁਨਾਸਿਬ ਨਹੀਂ ਸਮਝਿਆ। ਲੋਕਾਂ ਨੂੰ ਉਮੀਦ ਸੀ ਕਿ ਫ਼ਸਲਾਂ ਦੇ ਘੱਟੋ-ਘੱਟ ਨਿਸ਼ਚਿਤ ਭਾਅ ਦਾ ਕੋਈ ਐਲਾਨ ਹੋਵੇਗਾ ਅਤੇ ਆਰਥਿਕ ਮੰਦਹਾਲੀ ਹੰਢਾਅ ਰਹੀ ਕਿਸਾਨੀ ਨੂੰ ਦੁੱਖਾਂ 'ਚੋਂ ਕੱਢਣ ਲਈ ਕਿਸਾਨਾਂ ਦੇ ਕਰਜ਼ੇ ਮੁਆਫ਼ ਬਾਰੇ ਵੀ ਕੋਈ ਐਲਾਨ ਕੀਤਾ ਜਾਵੇਗਾ। ਪ੍ਰਧਾਨ ਮੰਤਰੀ ਨੇ ਖੇਤੀਬਾੜੀ ਜਾਂ ਕਿਸਾਨੀ ਨੂੰ ਪੂਰੀ ਤਰ੍ਹਾਂ ਨਜ਼ਰ-ਅੰਦਾਜ਼ ਕੀਤਾ। ਇਸੇ ਤਰ੍ਹਾਂ ਪੰਜਾਬ ਦੇ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਵੀ ਚਰਚਾ ਵਿਚ ਰਹਿੰਦੀ ਹੈ, ਲੋਕਾਂ ਨੂੰ ਆਸ ਸੀ ਕਿ ਪ੍ਰਧਾਨ ਮੰਤਰੀ ਉਨ੍ਹਾਂ ਦੀ ਰਿਹਾਈ ਬਾਰੇ ਕੋਈ ਫੈਸਲਾ ਸੁਣਾਉਣਗੇ। ਕਿਉਂਕਿ ਪੰਜਾਬ ਦੇ ਇਹ ਬੰਦੀ ਸਿੰਘ ਵਿਤਕਰੇ ਦਾ ਸ਼ਿਕਾਰ ਹੋਣ ਸਦਕਾ ਹੀ ਜੇਲ੍ਹਾਂ ਵਿਚ ਰੁਲ ਰਹੇ ਹਨ। ਸਮੁੱਚੇ ਦੇਸ਼ ਵਿਚ ਸਜ਼ਾ ਕੱਟ ਚੁੱਕੇ ਬੰਦੀਆਂ ਨੂੰ ਰਿਹਾਅ ਕੀਤਾ ਗਿਆ ਹੈ ਅਤੇ ਕੀਤਾ ਜਾ ਰਿਹਾ ਹੈ, ਪਰੰਤੂ ਪੰਜਾਬ ਦੇ ਬੰਦੀ ਸਿੰਘਾਂ ਬਾਰੇ ਕੇਂਦਰ ਸਰਕਾਰ ਨੇ ਚੁੱਪ ਧਾਰੀ ਹੋਈ ਹੈ। ਪੰਜਾਬ ਦੀਆਂ ਇਨ੍ਹਾਂ ਤਿੰਨੇ ਵੱਡੀਆਂ ਮੰਗਾਂ ਬਾਰੇ ਪ੍ਰਧਾਨ ਮੰਤਰੀ ਨੇ ਮੂੰਹ ਮੋੜ ਕੇ ਰੱਖਿਆ। ਜੇ ਪੰਜਾਬ ਦੇ ਲੋਕਾਂ ਦੇ ਦੁੱਖਾਂ ਦਰਦਾਂ ਦੀ ਗੱਲ ਹੀ ਨਹੀਂ ਕਰਨੀ ਸੀ, ਫੇਰ ਇੱਥੇ ਆਉਣ ਦੀ ਲੋੜ ਕੀ ਸੀ? ਇਹ ਸਵਾਲ ਅੱਜ ਹਰ ਪੰਜਾਬੀ ਦੇ ਮਨ ਵਿਚ ਉਬਾਲੇ ਖਾ ਰਿਹਾ ਹੈ।



*ਆਪਣੀ ਪੰਜਾਬ ਫੇਰੀ ਦੌਰਾਨ ਪ੍ਰਧਾਨ ਮੰਤਰੀ ਨੇ ਖੇਤੀਬਾੜੀ ਜਾਂ ਕਿਸਾਨੀ ਨੂੰ ਪੂਰੀ ਤਰ੍ਹਾਂ ਨਜ਼ਰ-ਅੰਦਾਜ਼ ਕੀਤਾ। ਇਸੇ ਤਰ੍ਹਾਂ ਪੰਜਾਬ ਦੇ ਬੰਦੀ ਸਿੰਘਾਂ ਦੀ ਰਿਹਾਈ ਬਾਰੇ ਵੀ ਕੇਂਦਰ ਸਰਕਾਰ ਨੇ ਚੁੱਪ ਧਾਰੀ ਹੋਈ ਹੈ। ਲੋਕਾਂ ਨੂੰ ਆਸ ਸੀ ਕਿ ਪ੍ਰਧਾਨ ਮੰਤਰੀ ਉਨ੍ਹਾਂ ਦੀ ਰਿਹਾਈ ਬਾਰੇ ਕੋਈ ਫੈਸਲਾ ਸੁਣਾਉਣਗੇ ਪਰ ਉਨ੍ਹਾਂ ਵੀ ਇਸ ਬਾਰੇ ਕੋਈ ਐਲਾਨ ਨਾ ਕਰਕੇ ਪੰਜਾਬੀਆਂ ਨੂੰ ਨਿਰਾਸ਼ ਹੀ ਕੀਤਾ ਹੈ।*

ਭਾਜਪਾ ਨੇ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਇਕੱਲਿਆਂ ਲੜਨ ਦਾ ਐਲਾਨ ਕੀਤਾ ਹੈ। ਇਹ ਚੋਣਾਂ ਜਿੱਤਣ ਲਈ ਹੀ ਵੋਟਾਂ ਦੀਆਂ ਗਿਣਤੀਆਂ-ਮਿਣਤੀਆਂ ਕਰਕੇ ਪ੍ਰਧਾਨ ਮੰਤਰੀ ਸ੍ਰੀ ਮੋਦੀ ਜਾਂ ਹੋਰ ਕੇਂਦਰੀ ਆਗੂ ਪੰਜਾਬ ਦੇ ਦੌਰੇ ਕਰਦੇ ਹਨ। ਪੰਜਾਬ ਵਿਚ ਕਰੀਬ 39 ਫੀਸਦੀ ਦਲਿਤ ਵੋਟਾਂ ਹਨ, ਇਨ੍ਹਾਂ ਦਾ ਬਹੁਤਾ ਪ੍ਰਭਾਵ ਦੁਆਬਾ ਖੇਤਰ ਵਿਚ ਹੈ। ਹਿੰਦੂ ਵੋਟਾਂ ਨੂੰ ਤਾਂ ਉਹ ਆਪਣੀ ਮੁੱਠੀ ਵਿਚ ਹੀ ਸਮਝਦੀ ਹੈ ਅਤੇ ਹੁਣ ਦਲਿਤ ਵੋਟਾਂ ਹਥਿਆਉਣ ਲਈ ਚਾਰਾਜੋਈ ਕੀਤੀ ਜਾ ਰਹੀ ਹੈ। ਪਿਛਲੇ ਸਾਲ ਪ੍ਰਧਾਨ ਮੰਤਰੀ ਨੇ ਪੰਜਾਬ ਦਾ ਦੌਰਾ ਕੀਤਾ ਤਾਂ ਉਹ ਦੁਆਬੇ ਦੇ ਉੱਘੇ ਡੇਰੇ ਸੱਚਖੰਡ ਬੱਲਾਂ ਵਿਖੇ ਗਏ ਸਨ ਅਤੇ ਉੱਥੋਂ ਦੇ ਮੁਖੀ ਸੰਤ ਨਿਰੰਜਨ ਦਾਸ ਨਾਲ ਮੁਲਾਕਾਤ ਕੀਤੀ ਸੀ। ਉਸ ਸਮੇਂ ਪ੍ਰਧਾਨ ਮੰਤਰੀ ਨੇ ਆਦਮਪੁਰ ਹਵਾਈ ਅੱਡੇ ਨੂੰ ਗੁਰੂ ਰਵਿਦਾਸ ਹਵਾਈ ਅੱਡੇ ਦਾ ਨਾਂ ਦਿੱਤਾ ਸੀ। ਇਸ ਵਾਰ ਉਨ੍ਹਾਂ ਫੇਰ ਆਪਣਾ ਦੌਰਾ ਦੁਆਬੇ ਦੇ ਸ਼ਹਿਰ ਜਲੰਧਰ ਦਾ ਹੀ ਰੱਖਿਆ ਅਤੇ ਰੇਲ ਗੱਡੀ ਨੂੰ ਸੰਤ ਰਵਿਦਾਸ ਐਕਸਪ੍ਰੈਸ ਨਾਂ ਦੇ ਕੇ ਦਲਿਤਾਂ ਨੂੰ ਭਰਮਾਉਣ ਦਾ ਯਤਨ ਕੀਤਾ ਹੈ।


ਜੇਕਰ ਇਨ੍ਹਾਂ ਦੌਰਿਆਂ ਦੇ ਅਸਲ ਮਕਸਦ ਨੂੰ ਘੋਖਣ ਲਈ ਧਿਆਨ ਦਿੱਤਾ ਜਾਵੇ ਤਾਂ ਸਪਸ਼ਟ ਹੁੰਦਾ ਹੈ ਕਿ ਉਹ ਪੰਜਾਬ ਵਿਚ ਸਰਕਾਰ ਬਣਾਉਣੀ ਚਾਹੁੰਦੇ ਹਨ, ਪਰ ਕਿਸਾਨੀ ਨੂੰ ਕੋਈ ਰਾਹਤ ਨਹੀਂ ਦੇਣਾ ਚਾਹੁੰਦੇ। ਹੁਣ ਉਹ ਹਿੰਦੂ ਵੋਟਾਂ ਦੇ ਨਾਲ-ਨਾਲ ਦਲਿਤ ਵੋਟਾਂ ਬਟੋਰਨ ਲਈ ਵਡਿਆਉਣ ਦੇ ਹੱਥਕੰਡੇ ਵਰਤ ਰਹੇ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਹਰ ਸਿਆਸੀ ਪਾਰਟੀ ਹੀ ਸਰਕਾਰ ਬਣਾਉਣ ਦੀ ਇੱਛੁਕ ਹੁੰਦੀ ਹੈ ਅਤੇ ਉਹ ਵੋਟਰਾਂ ਨੂੰ ਸਹੂਲਤਾਂ ਆਦਿ ਦੇ ਕੇ ਆਪਣੇ ਹੱਕ ਵਿਚ ਭੁਗਤਾਉਂਦੀ ਹੈ। ਜੇ ਭਾਜਪਾ ਅਜਿਹਾ ਕਰਦੀ ਹੈ ਤਾਂ ਕਿਸੇ ਨੂੰ ਵੀ ਕੋਈ ਇਤਰਾਜ਼ ਨਹੀਂ ਹੋ ਸਕਦਾ, ਪਰ ਦੁੱਖ ਉਸ ਸਮੇਂ ਹੁੰਦਾ ਹੈ ਜਦੋਂ ਕੋਈ ਪਾਰਟੀ ਜਾਂ ਸਰਕਾਰ ਲੋਕਾਂ ਨੂੰ ਫਿਰਕੂ ਆਧਾਰ ਜਾਂ ਜਾਤੀ ਆਧਾਰ 'ਤੇ ਵੰਡ ਕੇ ਵੋਟਾਂ ਹਾਸਲ ਕਰਨ ਲਈ ਏਕਤਾ ਤੇ ਅਖੰਡਤਾ ਨੂੰ ਸੱਟ ਮਾਰਦੀ ਹੈ। ਅਜਿਹਾ ਨਹੀਂ ਹੋਣਾ ਚਾਹੀਦਾ, ਜੇਕਰ ਭਾਜਪਾ ਪੰਜਾਬ ਵਿਚ ਇਕੱਲਿਆਂ ਚੋਣਾਂ ਲੜ ਕੇ ਸਰਕਾਰ ਬਣਾਉਣ ਦੀ ਇੱਛੁਕ ਹੈ ਤਾਂ ਉਸਨੂੰ ਸਮੁੱਚੇ ਪੰਜਾਬੀਆਂ, ਕਿਸਾਨਾਂ, ਮਜ਼ਦੂਰਾਂ, ਦੁਕਾਨਦਾਰਾਂ, ਔਰਤਾਂ, ਬੇਰੁਜ਼ਗਾਰਾਂ ਦਾ ਧਿਆਨ ਰੱਖਣਾ ਚਾਹੀਦਾ ਹੈ। ਸੂਬੇ ਦੇ ਵਿਕਾਸ ਦੀ ਕੋਈ ਨੀਤੀ ਲੋਕਾਂ ਮੂਹਰੇ ਰੱਖਣੀ ਚਾਹੀਦੀ ਹੈ ਅਤੇ ਲੋਕਾਂ ਦੇ ਆਪਸੀ ਭਾਈਚਾਰੇ ਤੇ ਪਿਆਰ ਨੂੰ ਮਜ਼ਬੂਤ ਬਣਾਉਣ ਵੱਲ ਧਿਆਨ ਦੇਣਾ ਚਾਹੀਦਾ ਹੈ।

# ਲਜ਼ੀਜ਼ ਅਤੇ ਚਟਪਟੇ ਵਿਅੰਗ ਦਾ ਭੜਥਾ

## ਵਿਅੰਗ

ਐ ਮੇਰੇ ਲਿਟਰੇਚਰ ਬਣਾਉਣ ਵਾਲੇ ਸ਼ੁਕੀਨ ਦੋਸਤੋ! ਇਸ ਵਾਰ ਮੈਂ ਤੁਹਾਡੇ ਲਈ ਆਪਣੇ ਯੂਟਿਊਬ ਚੈਨਲ 'ਤੇ ਲੈ ਕੇ ਆਇਆ ਹਾਂ- ਇੱਕ ਲਜ਼ੀਜ਼, ਚਟਪਟੇ ਵਿਅੰਗ ਦੇ ਭੜਥੇ ਦੀ ਰੈਸਿਪੀ! ਇਸ ਵਾਰ ਮੈਂ ਤੁਹਾਨੂੰ ਦੱਸਾਂਗਾ ਕਿ ਇੱਕ ਚਟਪਟੇ, ਜ਼ਾਇਕੇਦਾਰ ਵਿਅੰਗ ਦਾ ਭੜਥਾ ਕਿਵੇਂ ਬਣਾਇਆ ਜਾਂਦਾ ਹੈ, ਜਿਸਨੂੰ ਭੇਜਦੇ ਹੀ ਹਰ ਮੈਗਜ਼ੀਨ ਜਾਂ ਅਖਬਾਰ ਦੇ ਢਿੱਡ ਵਿਚ ਜਾਂਦੇ ਹੀ ਉਥਲ-ਪੁਥਲ ਮੱਚ ਜਾਏ।

ਇਸ ਤੋਂ ਪਹਿਲਾਂ ਕਿ ਮੈਂ ਤੁਹਾਨੂੰ ਮਸਾਲੇਦਾਰ ਵਿਅੰਗ ਦਾ ਭੜਥਾ ਬਣਾਉਣਾ ਸਿਖਾਵਾਂ, ਜਿਨ੍ਹਾਂ-ਜਿਨ੍ਹਾਂ ਸਾਹਿਤ ਬਣਾਉਣ ਵਾਲਿਆਂ ਨੇ ਅਜੇ ਤੱਕ ਮੇਰਾ 'ਹਾਉ ਟੂ ਮੇਡ ਈਜ਼ੀ ਲਿਟਰੇਚਰ' ਯੂਟਿਊਬ ਚੈਨਲ





ਮੂਲ: ਅਸ਼ੋਕ ਗੌਤਮ
ਅਨੁ: ਪ੍ਰੋ. ਨਵ ਸੰਗੀਤ ਸਿੰਘ

ਸਬਸਕ੍ਰਾਈਬ ਨਹੀਂ ਕੀਤਾ, ਉਹ ਸਭ ਤੋਂ ਪਹਿਲਾਂ ਮੇਰੇ ਯੂਟਿਊਬ ਚੈਨਲ ਨੂੰ ਲਾਈਕ ਅਤੇ ਸਬਸਕ੍ਰਾਈਬ ਕਰੋ ਅਤੇ ਕਮੈਂਟ ਬਾਕਸ ਵਿਚ 'ਹਰ ਹਰ ਲਿਟਰੇਚਰ ਦੇਵ' ਜ਼ਰੂਰ ਲਿਖੋ। ਤੁਹਾਡਾ ਹਰ ਕਿਸਮ ਦਾ ਲਿਟਰੇਚਰ ਬਣਾਉਣਾ ਸ਼ੁਭ ਹੋਵੇਗਾ। ਲਿਟਰੇਚਰ ਦੇਵ ਤੁਹਾਡੇ ਲਿਟਰੇਚਰ ਨੂੰ ਜਿੱਥੇ ਵੀ ਤੁਸੀਂ ਉਹਨੂੰ ਪ੍ਰਕਾਸ਼ਿਤ ਕਰਨ ਲਈ ਭੇਜੋਗੇ, ਭੇਜਣ ਤੋਂ ਪਹਿਲਾਂ ਹੀ ਉਹਦੇ ਪ੍ਰਕਾਸ਼ਿਤ ਹੋਣ ਦਾ ਪੂਰਾ ਪ੍ਰਬੰਧ ਕਰ ਦੇਣਗੇ। ਕਮੈਂਟਧਾਰੀ ਕਮੈਂਟ ਕਰਦੇ ਹੋਏ ਇਹ ਵੀ ਦੱਸਣ ਕਿ ਤੁਸੀਂ ਕਿੱਥੋਂ ਦੇ ਹੋ ਤਾਂ ਕਿ ਭਵਿੱਖ ਵਿਚ ਤੁਹਾਨੂੰ ਹੋਰ ਵੀ ਬਿਹਤਰ ਸਾਹਿਤ ਬਣਾਉਣ ਦੀ ਰੈਸਿਪੀਆਂ ਦੇ ਲਿੰਕ ਭੇਜੇ ਜਾਂਦੇ ਰਹਿਣ।

ਦਰਸ਼ਕੋ! ਜਿਵੇਂ ਕਿ ਤੁਸੀਂ ਜਾਣਦੇ ਹੀ ਹੋ, ਕਿ ਉਂਜ ਤਾਂ ਪ੍ਰੇਮ ਸਭ ਕਰਦੇ ਹਨ। ਜਿਨ੍ਹਾਂ ਦੀ ਉਮਰ ਪ੍ਰੇਮ ਕਰਨ ਦੇ ਯੋਗ ਨਹੀਂ ਹੁੰਦੀ, ਉਹ ਵੀ ਪ੍ਰੇਮ ਕਰਦੇ ਹਨ। ਜਿਨ੍ਹਾਂ ਦੀ ਸ਼ਕਲ-ਸੂਰਤ ਪ੍ਰੇਮ ਕਰਨ ਦੇ ਯੋਗ ਨਹੀਂ ਹੁੰਦੀ, ਉਹ ਵੀ ਪ੍ਰੇਮ ਕਰਦੇ ਹਨ। ਪਰ ਹਰ ਸੂਰਤ ਨਾਲ, ਹਰ ਉਮਰ ਵਿਚ ਬਿਹਤਰ ਪ੍ਰੇਮ ਕਿਵੇਂ ਕੀਤਾ ਜਾ ਸਕਦਾ ਹੈ, ਇਹ ਸਹੀ ਅਰਥਾਂ ਵਿਚ ਪ੍ਰੇਮੀ ਯੂਟਿਊਬ 'ਤੇ ਪਿਆਰ ਨੂੰ ਹੁੰਦਾ ਦੇਖ ਕੇ ਹੀ ਸਿੱਖਦੇ ਹਨ। ਇਹੀ ਕਾਰਨ ਹੈ ਕਿ ਵਰ੍ਹਿਆਂ ਤੋਂ ਪ੍ਰੇਮ ਕਰਨ ਵਾਲੇ ਆਪਣੀਆਂ ਪੁਰਾਣੀਆਂ, ਰਵਾਇਤੀ ਪ੍ਰੇਮ-ਵਿਧੀਆਂ ਨੂੰ ਛੱਡ ਕੇ ਯੂਟਿਊਬ 'ਤੇ ਇੱਕ ਤੋਂ ਇੱਕ ਲੇਟੈਸਟ ਵਿਧੀਆਂ ਨੂੰ ਅਪਣਾ ਕੇ ਇੱਕ-ਦੂਜੇ-ਤੀਜੇ ਦਾ ਤਨ ਜਿੱਤ ਰਹੇ ਹਨ।

ਹਰ ਘਰ ਵਿਚ ਬੇਕਾਰ, ਵਿਹਲੇ ਕਿਸਮ ਦੇ ਲੋਕ ਟਾਈਮ ਪਾਸ ਕਰਨ ਲਈ ਸਾਹਿਤ ਬਣਾਉਂਦੇ ਰਹਿੰਦੇ ਹਨ, ਤਾਂ ਕਿ ਉਨ੍ਹਾਂ ਦੇ ਪਰਿਵਾਰਕ ਮੈਂਬਰ ਸੋਚਣ ਕਿ ਕੀ ਹੋਇਆ ਜੇ ਉਹ ਜ਼ਿੰਦਗੀ ਵਿਚ ਕੁਝ ਵੀ ਨਹੀਂ ਬਣਾ ਸਕੇ, ਉਹ ਸਾਹਿਤ ਵਰਗਾ ਤਾਂ ਕੁਝ ਬਣਾ ਰਹੇ ਹਨ। ਮੰਨਿਆ, ਦਾਲ ਬਣਾਉਣ ਨਾਲੋਂ ਸੌਖਾ ਸਾਹਿਤ ਬਣਾਉਣਾ ਹੁੰਦਾ ਹੈ। ਦੋਸਤੋ! ਸਾਹਿਤਕਾਰ ਬਣਨਾ ਸੌਖਾ ਹੁੰਦਾ ਹੈ, ਪਰ ਸਾਹਿਤ ਬਣਾਉਣਾ ਮੁਸ਼ਕਿਲ। ਸਾਹਿਤਕਾਰ ਹੋਣ ਦਾ ਭਰਮ ਸਮਾਜ ਵਿਚ ਆਸਾਨੀ ਨਾਲ ਫੈਲਾਇਆ ਜਾ ਸਕਦਾ ਹੈ, ਦੂਜੇ ਹੋਰ ਭਰਮਾਂ ਵਾਂਗ।

ਮੇਰਾ ਯੂਟਿਊਬ 'ਹਾਉ ਟੂ ਮੇਕ ਈਜ਼ੀ ਲਿਟਰੇਚਰ ਚੈਨਲ' ਤੁਹਾਨੂੰ ਬਿਹਤਰ ਸਾਹਿਤ ਬਣਾਉਣਾ ਸਿਖਾਏਗਾ। ਤੁਸੀਂ ਲੇਖਕ ਵਿਖਾਈ ਹੀ ਨਹੀਂ ਦਿਓਗੇ, ਸਗੋਂ ਇੱਕ ਲੇਖਕ ਹੋਵੋਗੇ ਵੀ। ਮੇਰੇ ਲੇਖਕ ਬਣਾਉਣ ਦੇ ਚੈਨਲ ਨੂੰ ਵੇਖ ਕੇ, ਸਬਸਕ੍ਰਾਈਬ ਕਰਕੇ, ਕਈ ਤਾਂ ਅੱਜ ਅਜਿਹੇ ਲੇਖਕ ਬਣ ਗਏ ਹਨ ਕਿ ਉਹ ਇੱਕ ਦਿਨ ਵਿਚ ਚਾਰ-ਚਾਰ ਸੰਸਥਾਵਾਂ ਤੋਂ ਆਨਲਾਈਨ ਸਨਮਾਨ ਪ੍ਰਾਪਤ ਕਰ ਰਹੇ ਹਨ।

ਮੇਰਾ 'ਹਾਉ ਟੂ ਮੇਕ ਈਜ਼ੀ ਲਿਟਰੇਚਰ ਚੈਨਲ' ਸਾਹਿਤ ਬਣਾਉਣਾ ਸਿਖਾਉਣ ਵਾਲਾ ਸਾਹਿਤ ਦਾ ਨੰਬਰ ਵੰਨ ਯੂਟਿਊਬ ਚੈਨਲ ਹੈ, ਜੋ ਸਾਹਿਤ ਦੀ ਸਿਰਜਣਾ ਕਰਨਾ ਸਿਖਾਉਂਦਾ ਹੈ। ਵਿਸ਼ਵਾਸ ਨਾ ਹੋਵੇ ਤਾਂ ਤੁਲਸੀਦਾਸ ਤੋਂ ਪੁੱਛ ਲਵੋ। ਸੂਰਦਾਸ ਤੋਂ ਪੁੱਛ ਲਵੋ। ਬਿਹਾਰੀ ਤੋਂ ਪੁੱਛ ਲਵੋ। ਉਹ ਅੱਜ ਵੀ ਮੇਰੇ 'ਹਾਉ ਟੂ ਮੇਕ ਈਜ਼ੀ ਲਿਟਰੇਚਰ ਚੈਨਲ' ਨੂੰ ਵੇਖ ਕੇ ਆਪਣੇ ਲਿਖਣ ਦੇ ਹੁਨਰ ਨੂੰ ਤਿੱਖਾ ਕਰਨ ਵਿਚ ਰੁੱਝੇ ਹੋਏ ਹਨ।

ਜਿਵੇਂ ਕਿ ਮੈਂ ਤੁਹਾਨੂੰ ਪਿਛਲੀ ਵੀਡੀਓ ਵਿਚ ਉਦਾਹਰਣ ਨਾਲ ਵਿਸਥਾਰ ਵਿਚ ਦੱਸਿਆ ਸੀ ਕਿ ਕਵਿਤਾ ਦਾ ਬਹੁਚਰਚਿਤ ਮੈਸੂਰ ਬੋਂਡਾ (ਦੱਖਣੀ ਭਾਰਤ ਦਾ ਇੱਕ ਸਵਾਦੀ ਸਨੈਕ) ਕਿਵੇਂ ਬਣਾਇਆ ਜਾਂਦਾ ਹੈ? ਇਸ ਲੜੀ ਵਿਚ ਇਸ ਵਾਰ ਮੈਂ ਤੁਹਾਡੇ ਲਈ ਚਟਪਟੇ ਵਿਅੰਗ ਦਾ ਭੜਥਾ ਬਣਾਉਣ ਦੀ ਰੈਸਿਪੀ ਲੈ ਕੇ ਆਇਆ ਹਾਂ। ਮੈਨੂੰ ਪੂਰਾ ਯਕੀਨ ਹੈ ਕਿ ਇਸ ਵੀਡੀਓ ਨੂੰ ਵੇਖਣ ਤੋਂ ਬਾਅਦ, ਜਿਨ੍ਹਾਂ ਨੇ ਕਦੇ ਵਿਅੰਗ ਵੇਖਿਆ ਵੀ ਨਹੀਂ, ਉਹ ਵੀ ਵਿਅੰਗ



ਦਾ ਭੜਥਾ ਬਣਾਉਣ ਵਿਚ ਮਾਹਿਰ ਹੋ ਜਾਣਗੇ। ਇੰਨੇ ਮਾਹਿਰ ਕਿ ਉਨ੍ਹਾਂ ਦਾ ਬਣਿਆ ਵਿਅੰਗ ਹਰ ਮੈਗਜ਼ੀਨ ਅਤੇ ਅਖਬਾਰ ਖੁੱਲ੍ਹੇ ਦਿਲ ਨਾਲ ਸਵੀਕਾਰ ਕਰੇਗਾ। ਮੇਰੀ ਵਿਅੰਗ ਦਾ ਭੜਥਾ ਬਣਾਉਣ ਦੀ ਰੈਸਿਪੀ ਨੂੰ ਵੇਖ ਕੇ, ਉਹ ਵੀ, ਜਿਨ੍ਹਾਂ ਨੂੰ ਇਹ ਵੀ ਨਹੀਂ ਪਤਾ ਕਿ ਵਿਅੰਗ ਕੀ ਹੁੰਦਾ ਹੈ, ਪਲਾਂ ਵਿਚ ਕਰਿਸਪੀ ਵਿਅੰਗ ਦਾ ਭੜਥਾ ਬਣਾਉਣਾ ਸ਼ੁਰੂ ਕਰ ਦੇਣਗੇ। ਇਸ ਲਈ ਵੀਡੀਓ ਦੇ ਅੰਤ ਤੱਕ ਮੇਰੇ ਨਾਲ ਬਣੇ ਰਹੋ।

ਤਾਂ ਵਿਅੰਗ ਦਾ ਭੜਥਾ ਬਣਾਉਣ ਤੋਂ ਪਹਿਲਾਂ, ਆਓ! ਜਾਣ ਲਈਏ ਕਿ ਵਿਅੰਗ ਦਾ ਭੜਥਾ ਹੁੰਦਾ ਕੀ ਹੈ। ਇਸ ਭੜਥੇ ਦਾ ਸੁਆਦ ਬੈਂਗਣ ਦੇ ਭੜਥੇ ਤੋਂ ਕਿੰਨਾ ਵੱਖਰਾ ਹੁੰਦਾ ਹੈ। ਇਸਨੂੰ ਬਣਾਉਣ ਲਈ ਕਿਹੜੇ-ਕਿਹੜੇ ਇਨਗ੍ਰੀਡੀਐਂਟਸ ਕਿੰਨੀ-ਕਿੰਨੀ ਮਾਤਰਾ ਵਿਚ ਲਏ ਜਾਣੇ ਚਾਹੀਦੇ ਹਨ ਕਿ ਵਿਅੰਗ ਦਾ ਲਜ਼ੀਜ਼ ਭੜਥਾ ਅਜਿਹਾ ਬਣੇ ਕਿ ਭੜਥੇ ਨੂੰ ਵੇਖ ਨੱਕ-ਮੂੰਹ ਚੜ੍ਹਾਉਣ ਵਾਲੇ ਵੀ ਇਹਦੇ ਮੁਰੀਦ ਬਣ ਜਾਣ! ਵਾਹ-ਵਾਹ ਕਰ ਉੱਠਣ! ਜਿਸਦੀ ਖੁਸ਼ਬੂ ਆਉਂਦੇ ਹੀ, ਉਹਦੇ ਦਿਮਾਗ ਵਿਚ ਵੀ ਦੂਰੋਂ ਹੀ ਵਿਅੰਗ ਦੇ ਭੜਥੇ ਨੂੰ ਵੇਖਦੇ ਹੀ ਪਾਣੀ ਆ ਜਾਏ।

ਤਾਂ ਐ ਵਿਅੰਗ ਦਾ ਭੜਥਾ ਬਣਾਉਣ ਦੇ ਸ਼ੁਕੀਨੋ! ਆਪਣੇ ਵਿਅੰਗ ਦਾ ਭੜਥਾ ਬਣਾਉਣ ਵਾਲਿਆਂ ਨੂੰ ਦੱਸ ਦਿਆਂ ਕਿ ਵਿਅੰਗ ਦਾ ਭੜਥਾ ਅੱਜ ਦੀ ਸਭ ਤੋਂ ਵੱਧ ਲੋਕਪ੍ਰਿਯ ਸਾਹਿਤਕ ਡਿਸ਼ ਹੋਣ ਦੇ ਕਾਰਨ ਹਰ ਕੋਈ ਵਿਅੰਗ ਦੇ ਭੜਥੇ ਦੇ ਨਾਂ ਤੇ ਕੁਝ ਵੀ ਬਣਾ ਕੇ ਉਸ ਉੱਤੇ ਬ੍ਰਾਂਡਿਡ ਵਿਅੰਗ ਦੇ ਭੜਥੇ ਦਾ ਲੇਬਲ ਲਾ ਕੇ ਵੇਚੀ ਜਾ ਰਿਹਾ ਹੈ, ਜੋ ਵਿਅੰਗ ਦੇ ਭੜਥੇ ਨਾਲ ਧੋਖਾ ਹੈ। ਵਿਅੰਗ ਦਾ ਸੁਆਦ ਲੈਣ ਵਾਲਿਆਂ ਨਾਲ ਧੋਖਾ ਹੈ। ਸ੍ਰੇਸ਼ਟ ਵਿਅੰਗ ਦਾ ਭੜਥਾ ਉਹੀ ਹੈ, ਜਿਸਨੂੰ ਖਾ ਕੇ ਪਾਠਕ ਆਪਣੀਆਂ ਉਂਗਲਾਂ ਹੀ ਨਹੀਂ, ਆਪਣਾ ਦਿਮਾਗ ਵੀ ਚੱਟੇ।

ਤਾਂ ਹੁਣ ਮੇਰੇ ਨਾਲ ਜ਼ਾਇਕੇਦਾਰ, ਕਰਾਰਾ ਵਿਅੰਗ ਦਾ ਭੜਥਾ ਬਣਾਉਣ ਲਈ ਤਿਆਰ ਹੋ ਜਾਓ।

ਸਵਾਦਿਸ਼ਟ, ਕਰਾਰਾ, ਲਜ਼ੀਜ਼ ਵਿਅੰਗ ਦਾ ਭੜਥਾ ਬਣਾਉਣ ਤੋਂ ਪਹਿਲਾਂ, ਸਭ ਤੋਂ ਪਹਿਲਾਂ ਤੁਸੀਂ ਜਿਸ ਅਖ਼ਬਾਰ ਜਾਂ ਮੈਗਜ਼ੀਨ ਲਈ ਵਿਅੰਗ ਦਾ ਭੜਥਾ ਬਣਾਉਣਾ/ਵੇਚਣਾ ਚਾਹੁੰਦੇ ਹੋ, ਉਸ ਅਖ਼ਬਾਰ ਜਾਂ ਪੱਤ੍ਰਿਕਾ ਦੇ ਵਿਅੰਗ ਦੇ ਭੜਥੇ ਦੇ ਸੁਆਦ ਨੂੰ ਵਾਰ-ਵਾਰ ਸੁੰਘੋ ਅਤੇ ਉਸਦੇ ਭਾਰ ਨੂੰ ਵਾਰ-ਵਾਰ ਸਹੀ-ਸਹੀ ਤੋਲੋ। ਉਸਤੋਂ ਬਾਅਦ ਵਿਅੰਗ ਦਾ ਭੜਥਾ ਬਣਾਉਣ ਲਈ ਉਸੇ ਹਿਸਾਬ ਨਾਲ ਸਮੱਗਰੀ ਲਓ। ਨਾ ਰੱਤੀ-ਭਰ ਘੱਟ ਅਤੇ ਨਾ ਰੱਤੀ-ਭਰ ਵੱਧ। ਧਿਆਨ ਰਹੇ, ਜਦੋਂ ਤੋਂ ਬਾਜ਼ਾਰ ਵਿਚ ਵਿਅੰਗ ਦਾ ਭੜਥਾ ਖਾਣ ਦੇ ਸ਼ੌਕੀਨ ਲੋਕਾਂ ਦੀ ਗਿਣਤੀ ਵਧੀ ਹੈ, ਉਦੋਂ ਤੋਂ ਹੀ ਬਜ਼ਾਰ ਵਿਚ ਵਿਅੰਗ ਦਾ ਭੜਥਾ ਬਣਾਉਣ ਦੀ ਸਮੱਗਰੀ ਦਾ ਹੜ੍ਹ ਆ ਗਿਆ ਹੈ। ਅੱਜ ਬਜ਼ਾਰ ਵਿਚ ਸਸਤੀ ਤੋਂ ਸਸਤੀ ਅਤੇ ਮਹਿੰਗੀ ਤੋਂ ਮਹਿੰਗੀ ਵੈੱਜ ਨਾਨ-ਵੈੱਜ ਵਿਅੰਗ ਦਾ ਭੜਥਾ ਬਣਾਉਣ ਦੀ ਸਮੱਗਰੀ ਆਸਾਨੀ ਨਾਲ ਉਪਲਬਧ ਹੈ। ਕਈ ਤਾਂ ਵਿਅੰਗ ਦੇ ਭੜਥੇ ਦਾ ਟੇਸਟ ਵਧਾਉਣ ਲਈ ਵੈੱਜ ਸਮੱਗਰੀ ਵਿਚ ਨਾਨ-ਵੈੱਜ ਸਮੱਗਰੀ ਪਾ ਕੇ ਮਜ਼ੇ ਨਾਲ ਵਿਅੰਗ ਦਾ ਭੜਥਾ ਬਣਾ ਕੇ ਪਰੋਸ ਰਹੇ ਹਨ, ਜੋ ਵਿਅੰਗ ਦੇ ਭੜਥੇ ਦੇ ਪ੍ਰੇਮੀਆਂ ਨਾਲ ਸਰਾਸਰ ਧੋਖਾ ਹੈ। ਪਰ ਬਾਜ਼ਾਰ ਕੋਈ ਵੀ ਹੋਵੇ, ਧੋਖੇ ਨਾਲ ਹੀ ਚੱਲਦਾ ਹੈ। ਫਿਰ ਵੀ ਜਿੰਨਾ ਹੋ ਸਕੇ, ਮਿਕਸ ਹਲਕੀ ਸਾਮੱਗਰੀ ਤੋਂ ਤੁਸੀਂ ਸਾਵਧਾਨ ਰਹੋ। ਸ਼ੁਰੂ ਵਿਚ ਹੀ ਹਲਕੀ ਮਿਕਸ ਸਾਮੱਗਰੀ ਨਾਲ ਵਿਅੰਗ ਦਾ ਭੜਥਾ ਬਣਾਉਣ ਨਾਲ ਤੁਹਾਡੀ ਮਾਰਕਿਟ ਬਣਨ ਤੋਂ ਪਹਿਲਾਂ ਹੀ ਖਰਾਬ ਹੋ ਸਕਦੀ ਹੈ। ਜਦੋਂ ਇੱਕ ਵਾਰ ਤੁਹਾਡੇ ਵਿਅੰਗ ਦਾ ਭੜਥਾ ਬਾਜ਼ਾਰ ਵਿਚ ਬ੍ਰਾਂਡ ਬਣ ਜਾਵੇ, ਤਾਂ ਜੋ ਮਨ ਵਿਚ ਆਏ, ਬਣਾਓ। ਸੜਕ ਤੋਂ ਲੈ ਕੇ ਸੰਸਦ ਤੱਕ ਹਰ ਜਗ੍ਹਾ ਸਿਰਫ਼ ਬ੍ਰਾਂਡ ਹੀ ਵਿਕਦਾ ਹੈ।

ਨਾਪ-ਤੋਲ ਕੇ ਸਾਮੱਗਰੀ ਇਕੱਠੀ ਕਰ ਲੈਣ ਪਿੱਛੋਂ, ਸਭ ਤੋਂ ਪਹਿਲਾਂ ਉਸ ਸਮੱਗਰੀ ਵਿਚੋਂ ਇੱਕ ਚੁਟਕੀ ਸੰਗਤੀ ਲਓ। ਫਿਰ ਉਸ ਸੰਗਤੀ ਨੂੰ ਚੰਗੀ ਤਰ੍ਹਾਂ ਉਦੋਂ ਤੱਕ ਧੋਂਦੇ ਰਹੋ, ਜਦੋਂ ਤੱਕ ਉਹ ਧੋ-ਧੋ ਕੇ ਵਿਸੰਗਤੀ ਨਾ ਹੋ ਜਾਵੇ। ਹੁਣ ਉਸ ਧੋ-ਧੋ ਕੇ ਸੰਗਤੀ ਤੋਂ ਬਣੀ ਵਿਸੰਗਤੀ ਨੂੰ ਸ਼ਬਦਾਂ ਦੀ ਗੈਸ 'ਤੇ ਕਰਾਰਾ ਹੋਣ ਤੱਕ ਹਲਕਾ-ਹਲਕਾ ਭੁੰਨੋ। ਫਿਰ ਤਿੱਖੀ ਹਰੀ ਲਾਲ ਮਿਰਚ ਅਤੇ ਲਸਣ ਨਾਲ ਭੁੰਨੀ ਵਿਸੰਗਤੀ ਨੂੰ ਪੀਹ ਕੇ ਉਸਦਾ ਖੁਰਦਰਾ ਪੇਸਟ ਤਿਆਰ ਕਰ ਲਓ। ਯਾਦ ਰੱਖੋ, ਕੁਝ ਹੋਰ ਵਿਅੰਗ ਦੇ ਭੜਥੇ ਵਿਚ ਪਾਓ ਜਾਂ ਨਾ, ਪਰ ਤਿੱਖੀ ਹਰੀ ਲਾਲ ਮਿਰਚ ਅਤੇ ਇਮਲੀ ਜ਼ਰੂਰ ਪਾਓ। ਅਨਾਰਦਾਣਾ ਮਹਿੰਗਾ ਪਵੇਗਾ। ਨਮਕ ਉਸ ਵਿਚ ਹੋਵੇ ਜਾਂ ਨਾ, ਵਿਅੰਗ ਦੇ ਭੜਥੇ ਵਿਚ ਮਿਰਚ ਖਟਾਈ ਜਿੰਨੀ ਤੇਜ਼ ਹੋਵੇਗੀ, ਵਿਅੰਗ ਉਨਾ ਹੀ ਤਿੱਖਾ ਹੋਵੇਗਾ।

ਇਹ ਸਭ ਹੋ ਜਾਣ ਤੋਂ ਪਿੱਛੋਂ, ਇੱਕ ਹੋਰ ਫਰਾਈ-ਪੈਨ ਵਿਚ ਮਿੱਟੀ ਦਾ ਤੇਲ ਪਾਓ। ਹੁਣ ਖੁਰਦਰਾ, ਪਿਸਿਆ, ਤਿਆਰ, ਭੁੰਨਿਆ ਸਭ ਕੁਝ ਉਸ ਵਿਚ ਪਾ ਦਿਓ। ਸਭ ਤੋਂ ਪਿੱਛੋਂ ਇਸ ਵਿਚ ਬਾਰੀਕ ਨੱਕ-ਕੱਟੇ, ਨਾ ਸਮਝ ਵਿਚ ਆਉਣ ਵਾਲੇ ਅਰਥ, ਹਾਸੇ ਦੇ ਨਾਂ ਤੇ ਉਜੱਡਤਾ ਪਾਓ। ਕੁਝ ਚਿਰ ਇਸ ਸਭ ਕਾਸੇ ਨੂੰ ਹਲਕੀ ਤੇਜ਼ ਅੱਗ 'ਤੇ ਹੌਲੀ-ਹੌਲੀ ਪਕਾਓ। ਅਤੇ ਉਦੋਂ ਤੱਕ ਪਕਾਉਂਦੇ ਰਹੋ, ਜਦੋਂ ਤੱਕ ਕਿ ਇਹ ਬੈਂਗਣ ਦੇ ਭੜਥੇ ਦਾ ਰੰਗ ਨਾ ਅਖਤਿਆਰ ਕਰ ਲਵੇ।

ਲਓ! ਹੁਣ ਤੁਹਾਡਾ ਮਸਤ-ਮਸਤ ਵਿਅੰਗ ਦਾ ਭੜਥਾ ਬਣ ਕੇ ਤਿਆਰ ਹੈ! ਜਦੋਂ ਵਿਅੰਗ ਦਾ ਭੜਥਾ ਕੁਝ ਠੰਢਾ ਹੋ ਜਾਏ, ਤਾਂ ਉਸ ਵਿਚ ਪ੍ਰੀਜ਼ਰਵੇਟਿਵ ਜ਼ਰੂਰ ਪਾਓ। ਇਸ ਨਾਲ ਵਿਅੰਗ ਦਾ ਭੜਥਾ ਛੇਤੀ ਖਰਾਬ ਨਹੀਂ ਹੋਵੇਗਾ। ਇਹ ਲੰਬੇ ਸਮੇਂ ਤੱਕ ਠੀਕ ਰਹੇਗਾ। ਹੁਣ ਜੇ ਤੁਹਾਨੂੰ ਲੱਗੇ ਕਿ ਵਿਅੰਗ ਵਿਚ ਈਸੈਂਸ ਅਤੇ ਨਾਨਸੈਂਸ ਦੀ ਕੁਝ ਕਮੀ ਰਹਿ ਗਈ ਹੈ, ਤਾਂ ਬਾਜ਼ਾਰ ਤੋਂ ਵਿਅੰਗ ਦੀ ਈਸੈਂਸ ਅਤੇ ਕੋਈ ਵੀ ਨਾਨਸੈਂਸ ਲੈ ਆਓ। ਈਸੈਂਸ ਅਤੇ ਨਾਨਸੈਂਸ ਦੇ ਛਿੜਕਾਅ ਨਾਲ ਹੀ ਘਟੀਆ ਤੋਂ ਘਟੀਆ ਸਾਹਿਤ ਉੱਤਮ ਸਾਹਿਤ ਦੀ ਫ਼ੀਲਿੰਗ ਦਿੰਦਾ ਹੈ।


# ਰੱਬੀ ਰੂਹ - ਤਾਇਆ ਬੱਗਾ ਸੂੰਹ

## ਮੇਰੇ ਆਪਣੇ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

***ਪੰਜਾਬ, ਪਿੰਡਾਂ ਵਿਚ ਵੱਸਦਾ ਤੇ ਪਿੰਡਾਂ ਵਿਚ ਰੱਬ ਵੱਸਦਾ ਕਿਉਂਕਿ ਪਿੰਡਾਂ ਵਿਚ ਹੀ ਵੱਸਦੇ ਸਨ ਰੱਬ ਵਰਗੇ ਫਰਿਸ਼ਤਾ ਲੋਕ। ਪਿੰਡ ਦੇ ਸਮਾਜਿਕ ਰੰਗਾਂ ਦੀ ਖੂਬਸੂਰਤੀ ਵਿਚ ਵੱਖ-ਵੱਖ ਕਿੱਤਿਆਂ, ਜਾਤਾਂ ਤੇ ਧਰਮਾਂ ਦੇ ਲੋਕਾਂ ਦਾ ਆਪਸੀ ਸਹਿਚਾਰ, ਭਾਈਚਾਰਕ ਸਾਂਝ, ਇਕ ਦੂਜੇ ਦੇ ਕੰਮ ਆਉਣ ਦਾ ਜਜ਼ਬਾ, ਲੋੜਾਂ ਤੇ ਥੋੜ੍ਹਾਂ ਨੂੰ ਸਮਝਣ ਅਤੇ ਪੂਰਾ ਕਰਨ ਦੀ ਤਤਪਰਤਾ ਆਦਿ ਸਭ ਸ਼ਾਮਲ ਹੁੰਦਾ ਸੀ। ਪੇਂਡੂਆਂ ਦੇ ਮਨਾਂ ਦੀ ਪਾਕੀਜ਼ਗੀ ਤੇ ਸਾਦਗੀ ਦੀ ਸੰਗਤ ਵਿਚ ਮੌਲਦੀਆਂ ਨਸਲਾਂ ਨੇ ਆਪਣੇ ਪੁਰਖਿਆਂ ਦੀਆਂ ਸੁਮੱਤਾਂ ਅਤੇ ਸਮਝੌਤਿਆਂ ਵਿਚੋਂ ਆਪਣੀ ਸੁਪਨਸਾਜ਼ੀ ਨੂੰ ਪ੍ਰਵਾਜ਼ ਦਿੱਤੀ। ਕੁਝ ਲੋਕ ਆਮ ਹੁੰਦਿਆਂ ਵੀ ਖਾਸਮ-ਖਾਸ ਹੋਏ ਮੇਰੇ ਚੇਤਿਆਂ ਵਿਚ ਵੱਸਦੇ ਨੇ ਜਿਨ੍ਹਾਂ ਦਾ ਸ਼ਾਬਦਿਕ ਚਿੱਤਰ ਪੰਜਾਬੀ ਪਿਆਰਿਆਂ ਲਈ ਹਾਜ਼ਰ ਹੈ। ਸ਼ਾਇਦ ਇਹ ਲੋਕ ਸਾਡੇ ਸਾਰਿਆਂ ਦੇ ਹੀ ਚੇਤਿਆਂ ਵਿਚ ਵੱਸਦੇ ਹਨ ਕਿਉਂਕਿ ਇਹ ਸਾਡੇ ਆਪਣੇ ਲੋਕ ਸਨ। ਤੁਸੀਂ ਇਨ੍ਹਾਂ ਰਾਹੀਂ ਆਪਣੇ ਵਿਰਸੇ ਨੂੰ ਜ਼ਰੂਰ ਯਾਦ ਕਰਨਾ। ਇਹੀ ਉਨ੍ਹਾਂ ਨੂੰ ਸਭ ਤੋਂ ਵੱਡੀ ਅਕੀਦਤ ਹੋਵੇਗੀ।***



ਤਾਇਆ ਬੱਗਾ ਸੂੰਹ ਦਾ ਪਰਿਵਾਰ ਸਾਡਾ ਗਵਾਂਢੀ। ਬੂਹੇ ਨਾਲੋ-ਨਾਲ। ਇਕੋ ਗਲੀ। ਘਰਾਂ ਵਿਚ ਘਰ। ਸਾਂਝੀਆਂ ਕੰਧਾਂ ਤੇ ਛੱਤਾਂ। ਸਾਂਝਾ ਭਾਈਚਾਰਾ। ਸਾਂਝ ਦੀਆਂ ਮਹੀਨ ਪਰ ਮਜ਼ਬੂਤ ਤੰਦਾਂ। ਕਦੇ ਕਦਾਈਂ ਭਾਵੇਂ ਕੋਈ ਛੋਟਾ-ਮੋਟਾ ਤਣਾਅ ਵੀ ਪੈਦਾ ਹੋ ਜਾਂਦਾ ਪਰ ਇਹ ਥੋੜ੍ਹ-ਚਿਰਾ।

ਤਾਇਆ ਬੱਗਾ ਸਿੰਘ ਫ਼ੱਕਰ ਲੋਕ। ਕੰਮ ਦਾ ਕਰਿੰਦਾ। ਕੱਤਰੀ ਹੋਈ ਬੱਗੀ ਦਾਹੜੀ। ਖੱਦਰ ਦਾ ਕੁੜਤਾ, ਤੇੜ ਕਛਹਿਰਾ ਅਤੇ ਪੈਰਾਂ ਤੋਂ ਨੰਗਾ। ਦਰਅਸਲ ਸਾਡੇ ਬਜ਼ੁਰਗਾਂ ਨੂੰ ਹਰ ਵੇਲੇ ਜੁੱਤੀ ਪਾਉਣ ਦੀ ਤਾਂ ਆਦਤ ਹੀ ਨਹੀਂ ਸੀ। ਉਹ ਤਾਂ ਕਿਸੇ ਖਾਸ ਮੌਕੇ ਜਿਵੇਂ ਕਿਸੇ ਵਿਆਹ ਜਾਂ ਵਾਂਢੇ ਜਾਣਾ, ਮੇਲੇ/ ਮੱਸਿਆ ਜਾਣ ਵੇਲੇ ਹੀ ਅੰਦਰ ਸਾਂਭੀ ਹੋਈ ਜੁੱਤੀ ਕੱਢਦੇ, ਤੇਲ ਲਾ ਕੇ ਨਰਮ ਕਰਦੇ ਤਾਂ ਕਿ ਕਦੇ ਕਦਾਈਂ ਪਾਉਣ ਕਰਕੇ ਅੱਡੀਆਂ ਜਾਂ ਪੈਰ ਦੀਆਂ ਉਂਗਲਾਂ ਛਿੱਲੀਆਂ ਨਾ ਜਾਣ। ਮੈਂ ਆਪਣੇ ਬਾਪ ਨੂੰ ਅਕਸਰ ਹੀ ਕਹਿੰਦੇ ਰਹਿਣਾ ਕਿ ਪੈਰੀਂ ਜੁੱਤੀ ਪਾ ਕੇ ਰੱਖਿਆ ਕਰੋ ਪਰ ਉਹ ਆਪਣੀ ਮਰਜ਼ੀ ਨਾਲ ਹੀ ਜੁੱਤੀ ਪਾਉਂਦੇ।

ਤਾਇਆ ਬੱਗਾ ਸਿੰਘ ਦੇ ਤਿੰਨ ਲੜਕੇ। ਸਾਰੇ ਵਾਹੀ ਖੇਤੀ ਦੇ ਕੰਮਾਂ ਵਿਚ ਹੀ ਰੁੱਝੇ ਰਹਿੰਦੇ। ਵਿਚਕਾਰਲਾ ਮੁੰਡਾ ਕੁਝ ਸਮਾਂ ਇੰਗਲੈਂਡ ਵੀ ਲਾ ਆਇਆ ਪਰ ਬਹੁਤੀ ਕਮਾਈ ਨਾ ਕੀਤੀ। ਸਭ ਤੋਂ ਛੋਟਾ ਮੁੰਡਾ ਕੁਝ ਸਮਾਂ ਅਮਰੀਕਾ ਵਿਚ ਗੈਰ-ਕਾਨੂੰਨੀ ਤੌਰ 'ਤੇ ਰਹਿ ਗਿਆ ਸੀ ਅਤੇ ਕਮਾਈ ਵੀ ਚੰਗੀ ਕੀਤੀ। ਉਸਦੇ ਛੋਟੇ ਦੋਵੇਂ ਪੁੱਤ ਤਾਂ ਵਿਆਹੇ ਗਏ। ਆਰ-ਪਰਿਵਾਰ ਵਾਲੇ ਸਨ, ਪਰ ਸਭ ਤੋਂ ਵੱਡੇ ਪੁੱਤ ਦੀ ਅੱਖ ਵਿਚ ਨੁਕਸ ਹੋਣ ਕਾਰਨ ਵਿਆਹ ਨਹੀਂ ਸੀ ਹੋ ਰਿਹਾ। ਪਕੇਰੀ ਉਮਰ ਵਿਚ ਮਾਝੇ ਵੰਨੀਂ ਵਿਆਹ ਤਾਂ ਹੋ ਗਿਆ ਪਰ ਇਹ ਵਿਆਹ ਜਲਦੀ ਹੀ ਟੁੱਟ ਗਿਆ। ਉਹ ਵਿਚਾਰਾ ਛੜਾ ਹੀ ਇਸ ਦੁਨੀਆਂ ਤੋਂ ਫੌਤ ਹੋ ਗਿਆ।

ਤਾਇਆ ਬੱਗਾ ਸੂੰਹ ਨੇ ਜਦ ਵੀ ਘਰ ਆਉਣਾ, ਨਿੱਕਾ ਜੇਹਾ ਖੰਘੂਰਾ ਮਾਰਨਾ ਅਤੇ ਰਤਾ ਰੁਕ ਕੇ ਅੰਦਰ ਲੰਘ ਜਾਣਾ। ਮੈਂ ਉਸਨੂੰ ਕਦੇ ਵੀ ਉਚੀ ਆਵਾਜ਼ ਵਿਚ ਗੱਲ ਕਰਦਿਆਂ ਜਾਂ ਕਿਸੇ ਨਾਲ ਬੋਲਦਿਆਂ-ਝਗੜਦਿਆਂ ਨਹੀਂ ਸੀ ਸੁਣਿਆ। ਉਹ ਫਕੀਰਾਨਾ ਤਬੀਅਤ ਦੇ ਮਾਲਕ। ਕੰਮ ਨਾਲ ਵਾਸਤਾ। ਸਵੇਰੇ ਹਲ਼ ਵਾਹੁਣਾ ਅਤੇ ਫਿਰ ਮੰਡ ਪਸ਼ੂ ਚਾਰਨ ਚਲੇ ਜਾਣਾ। ਇਹ ਉਸਦਾ ਨਿੱਤ ਦਾ ਕਰਮ ਸੀ। ਕਮਾਲ ਇਹ ਸੀ ਕਿ ਉਹ ਮੰਡ ਨੂੰ ਜਾਂਦਿਆਂ ਰਾਹ ਵਿਚੋਂ ਪਾਲ ਸਿੰਘ ਦੇ ਡੇਰੇ ਤੋਂ ਚਾਟੀ ਲੱਸੀ ਦੀ ਪੀ ਜਾਂਦਾ ਸੀ ਅਤੇ ਫਿਰ ਸ਼ਾਮ ਨੂੰ ਆਉਣ ਲੱਗਾ ਵੀ ਲੱਸੀ ਜ਼ਰੂਰ ਪੀਂਦਾ ਸੀ। ਡੇਰੇ ਵਾਲੇ ਪਾਲ ਸਿੰਘ ਕੋਲ ਬਹੁਤ ਮੱਝਾਂ ਸਨ ਅਤੇ ਉਹ ਦੁੱਧ ਰਿੜਕਦੇ ਸਨ। ਉਨ੍ਹਾਂ ਨੂੰ ਪਤਾ ਸੀ ਕਿ ਬੱਗਾ ਸਿੰਘ ਹੁਰਾਂ ਨੇ ਮੰਡ ਪਸ਼ੂ/ਬੱਕਰੀਆਂ ਚਾਰਨ ਜਾਣਾ ਹੈ। ਉਸ ਲਈ ਲੂਣ ਪਾ ਕੇ ਲੱਸੀ ਤਿਆਰ ਹੁੰਦੀ ਸੀ। ਤੇ ਇਹੀ ਉਸਦੀ ਨਿੱਤ ਦੀ ਖੁਰਾਕ ਹੁੰਦੀ ਸੀ।

ਤਾਇਆ ਬੱਗਾ ਸਿੰਘ ਬਹੁਤ ਸਬਰ-ਸੰਤੋਖੀ ਸੀ। ਬਹੁਤ ਹੀ ਸਾਦੀ ਖੁਰਾਕ ਜਾਂ ਲੱਸੀ ਪੀ ਕੇ ਰੱਜ ਮਾਨਣਾ। ਇਸਦਾ ਸਭ ਤੋਂ ਵੱਡਾ ਹਾਸਲ ਇਹ ਸੀ ਕਿ ਉਹ ਆਖਰੀ ਦਮ ਤੱਕ ਬਹੁਤ ਤੰਦਰੁਸਤ ਰਿਹਾ। ਦਰਅਸਲ ਉਸਦੀ ਤੰਦਰੁਸਤੀ ਦਾ ਰਾਜ਼ ਸੀ ਕਿਰਤ ਨੂੰ ਪਿਆਰ ਕਰਨਾ, ਕੰਮ ਵਿਚ ਰੁੱਝੇ ਰਹਿਣਾ ਅਤੇ ਆਪਣੀ ਮੌਜ-ਮਸਤੀ ਵਿਚ ਆਪਣੇ ਜੀਵਨ ਨੂੰ ਆਪਣੇ ਹੀ ਅੰਦਾਜ਼ ਵਿਚ ਜਿਊਣਾ।

ਤਾਇਆ ਬੱਗਾ ਸੂੰਹ ਪਰਿਵਾਰਕ ਝਮੇਲਿਆਂ ਤੋਂ ਦੂਰ ਹੀ ਰਹਿੰਦਾ ਸੀ। ਬਹੁਤ ਘੱਟ ਦਖ਼ਲ-ਅੰਦਾਜ਼ੀ ਕਰਦਾ। ਉਸਨੂੰ ਅਹਿਸਾਸ ਸੀ ਕਿ ਪਰਿਵਾਰਕ ਜ਼ਿੰਮੇਵਾਰੀਆਂ ਹੁਣ ਪੁੱਤ ਸਾਂਭਣ ਅਤੇ ਉਹ ਆਪਣੀ ਬੇਫਿਕਰੀ ਵਾਲੀ ਜ਼ਿੰਦਗੀ ਦਾ ਆਨੰਦ ਮਾਣਦਾ ਸੀ।

ਤਾਏ ਬੱਗਾ ਸਿੰਘ ਦੀ ਇਹ ਵੀ ਖ਼ਾਸੀਅਤ ਸੀ ਕਿ ਉਹ ਬਹੁਤ ਘੱਟ ਗੁਰਦੁਆਰੇ ਜਾਂਦੇ। ਕਿਸੇ ਅੰਗ ਸਾਕ ਦੇ ਤਾਂ ਕਦੇ ਜਾਂਦਾ ਨਹੀਂ ਦੇਖਿਆ। ਉਹ ਤਾਂ ਸ਼ਾਇਦ ਆਪਣੇ ਸਹੁਰੀਂ ਵੀ ਕਦੇ ਹੀ ਜਾਂਦਾ ਸੀ ਭਾਵੇਂ ਕਿ ਉਸਦੇ ਸਹੁਰੇ ਦੋ ਕੁ ਮੀਲ ਦੀ ਵਾਟ 'ਤੇ ਸਨ। ਦਰਅਸਲ ਉਹ ਆਪਣੀ ਕਿਸਮ ਦਾ ਆਪ ਹੀ ਇਕੱਲਾ ਸ਼ਖਸ ਸੀ ਜਿਸਨੂੰ ਦੁਨੀਆਂ ਜਾਂ ਦੁਨੀਆਂਦਾਰੀ ਦੀ ਕੋਈ ਪ੍ਰਵਾਹ ਨਹੀਂ ਸੀ।

ਤਾਏ ਬੱਗੇ ਦੇ ਦੋਵੇਂ ਛੋਟੇ ਭਰਾ ਵਿਦੇਸ਼ਾਂ ਵਿਚ ਬਹੁਤ ਵਧੀਆ ਸਥਾਪਤ ਸਨ। ਇਕ ਭਰਾ ਸਿੰਘਾਪੁਰ ਰਹਿੰਦਾ ਸੀ ਪਰ ਉਹ ਤਾਂ ਕਦੇ-ਕਦਾਈਂ ਹੀ ਪਿੰਡ ਗੇੜਾ ਮਾਰਦਾ। ਦੂਸਰਾ ਸਾਬਕਾ ਫੌਜੀ ਹੋਣ ਕਾਰਨ ਅੰਗਰੇਜ਼ਾਂ ਵਲੋਂ ਵਾਊਚਰ ਮਿਲਣ ਕਰਕੇ ਇੰਗਲੈਂਡ ਚਲਾ ਗਿਆ ਅਤੇ ਉਸਦਾ ਸਾਰਾ ਪਰਿਵਾਰ ਵੀ ਉਥੇ ਹੀ ਸੈਟ ਹੋ ਗਿਆ। ਉਹ ਸਾਲ ਬਾਅਦ ਪੰਜਾਬ ਗੇੜਾ ਮਾਰਦਾ। ਪਰ ਤਾਏ ਬੱਗਾ ਸਿੰਘ ਨੂੰ ਮੈਂ ਕਦੇ ਨਹੀਂ ਦੇਖਿਆ ਕਿ ਉਸਨੇ ਆਪਣੇ ਭਰਾ ਦੀ ਵਲੈਤੋਂ ਲਿਆਂਦੀ ਕੋਈ ਕਮੀਜ਼ ਜਾਂ ਕੋਟੀ ਆਦਿ ਪਹਿਨੀ ਹੋਵੇ। ਉਹ ਆਪਣੇ ਭਰਾਵਾਂ ਨੂੰ ਪਿਆਰ ਕਰਦਾ ਸੀ ਪਰ ਈਰਖ਼ਾ ਨਹੀਂ ਸੀ ਕਰਦਾ ਕਿ ਉਸਦੇ ਭਰਾ ਤਾਂ ਵਿਦੇਸ਼ਾਂ ਵਿਚ ਰਹਿੰਦੇ ਅਮੀਰ ਲੋਕ ਹਨ ਅਤੇ ਉਹ ਬਹੁਤ ਹੀ ਸਧਾਰਨ ਕਿਸਾਨ ਵਾਂਗ ਹੀ ਜੀਵਨ ਬਸਰ ਕਰ ਰਿਹਾ ਹੈ। ਦਰਅਸਲ ਭਰਾ ਤਾਂ ਭਰਾ ਹੀ ਹੁੰਦਾ ਅਤੇ ਉਨ੍ਹਾਂ ਦੇ ਮਨਾਂ ਵਿਚ ਸ਼ਰੀਕੇਬਾਜ਼ੀ ਜ਼ਰੂਰ ਪੈਦਾ ਹੋ ਜਾਂਦੀ। ਪਤਾ ਨਹੀਂ ਕਿਉਂ ਦੋਹਾਂ ਭਰਾਵਾਂ ਨੇ ਆਪਣੇ ਵੱਡੇ ਭਰਾ ਦੇ ਪਰਿਵਾਰ ਦੇ ਕਿਸੇ ਵੀ ਜੀਅ ਦਾ ਕੁਝ ਨਹੀਂ ਸੀ ਸੰਵਾਰਿਆ। ਹਾਂ! ਇੰਗਲੈਂਡ ਰਹਿੰਦੇ ਭਰਾ ਕੋਲ ਉਸਦਾ ਭਤੀਜਾ ਵਿਜ਼ਟਰ ਬਣ ਕੇ ਗਿਆ ਸੀ। ਕੁਝ ਸਮਾਂ ਗੈਰ-ਕਾਨੂੰਨੀ ਤੌਰ 'ਤੇ ਕੰਮ ਕਰਦਾ ਰਿਹਾ ਅਤੇ ਕੁਝ ਕਮਾਈ ਵੀ ਕੀਤੀ। ਪਰ ਉਸਦੇ ਇੰਗਲੈਂਡ ਜਾਣ ਵਿਚ ਭਰਾ ਦਾ ਨਹੀਂ ਸਗੋਂ ਭਰਜਾਈ ਦਾ ਵੱਡਾ ਹੱਥ ਸੀ ਕਿਉਂਕਿ ਤਾਏ ਬੱਗਾ ਸਿੰਘ ਦੇ ਉਸ ਲੜਕੇ ਨਾਲ ਇੰਗਲੈਂਡ ਵਾਲੀ ਭਰਜਾਈ ਦੀ ਭਤੀਜੀ ਵਿਆਹੀ ਹੋਈ ਸੀ।

ਘਰ ਬਿਲਕੁਲ ਨਾਲੋ-ਨਾਲ ਹੁੰਦਿਆਂ ਤਾਏ ਬੱਗੇ ਨੂੰ ਬਹੁਤ ਵਾਰ ਨੇੜਿਉਂ ਦੇਖਣ, ਪਰ ਬਹੁਤ ਘੱਟ ਗੱਲਾਂ ਕਰਨ ਦਾ ਮੌਕਾ ਮਿਲਦਾ। ਉਹ ਬਹੁਤ ਘੱਟ ਬੋਲਦਾ। ਸਿਰਫ਼ ਨੱਪੀਆਂ-ਤੋਲੀਆਂ ਕਿਉਂਕਿ ਉਹ ਮਨ-ਮੌਜੀ ਸੀ। ਮੇਰੇ ਸੌਲਾਂ ਜਮਾਤਾਂ ਪਾਸ ਕਰਨ 'ਤੇ ਬੜਾ ਖੁਸ਼ ਹੋਇਆ। ਮੇਰੀ ਮਾਂ ਨੂੰ ਕਹਿਣ ਲੱਗਾ, 'ਪੀਤੂ ਮੁੰਡਾ ਤੇਰਾ ਵਧੀਆ ਪੜ੍ਹ ਗਿਆ। ਤੈਨੂੰ ਵਧਾਈਆਂ ਹੋਣ। ਰੱਬ ਹੋਰ ਤਰੱਕੀਆਂ ਬਖ਼ਸ਼ੇ ਅਤੇ ਚੰਗੀ ਨੌਕਰੀ ਜਲਦੀ ਮਿਲ ਜਾਵੇ। ਪਰ ਬਖਸ਼ੀ ਨੂੰ ਕਹੀਂ ਮੇਰੇ ਪੋਤਿਆਂ ਨੂੰ ਕੁਝ ਮੱਤ ਦੇਵੇ ਕਿ ਉਹ ਵੀ ਪੜ੍ਹ ਜਾਣ।'

ਮੈਨੂੰ ਯਾਦ ਹੈ ਕਿ ਕੇਰਾਂ ਮੈਂ ਅਤੇ ਮੇਰੇ ਵਰਗੇ ਕੁਝ ਜਵਾਕ ਤਾਇਆ ਬੱਗਾ ਸਿੰਘ ਨਾਲ ਬਾਬਾ ਬਕਾਲਾ ਵਿਖੇ ਰੱਖੜ ਪੁੰਨਿਆ ਦੇ ਮੇਲੇ 'ਤੇ ਤੁਰ ਕੇ ਗਏ ਸੀ। ਸਾਰੇ ਰਾਹ ਸਾਥੋਂ ਅੱਗੇ ਹੀ ਰਹੇ ਅਤੇ ਅਸੀਂ ਉਸ ਨਾਲ ਦੌੜ ਕੇ ਰਲਦੇ ਸਾਂ। ਅਸੀਂ ਸਵੇਰੇ ਗਏ ਅਤੇ ਸ਼ਾਮ ਨੂੰ ਵਾਪਸ ਵੀ ਆ ਗਏ ਭਾਵੇਂ ਕਿ ਬਾਬਾ ਬਕਾਲਾ ਸਾਡੇ ਪਿੰਡ ਤੋਂ 12 ਮੀਲ ਦੂਰ ਸੀ। ਦਰਅਸਲ ਉਸ ਸਮੇਂ ਸੜਕਾਂ ਦੀ ਬਜਾਏ ਪਿੰਡਾਂ ਦੇ ਲੋਕ ਸਿੱਧੇ ਰਾਹਾਂ ਰਾਹੀਂ ਹੀ ਤੁਰ ਕੇ ਬਾਬੇ ਬਕਾਲੇ ਜਾਂਦੇ ਸਨ।

ਤਾਇਆ ਬੱਗਾ ਸਿੰਘ ਮਨ ਦਾ ਸਾਫ਼। ਪੱਤੀ ਵਿਚ ਕਿਸੇ ਨਾਲ ਕਦੇ ਵੀ ਕੋਈ ਉਚੀ-ਨੀਵੀਂ ਨਹੀਂ ਕੀਤੀ ਅਤੇ ਨਾ ਹੀ ਕਿਸੇ ਨਾ ਕੋਈ ਦੁਸ਼ਮਣੀ। ਆਪਣੇ ਭਰਾਵਾਂ ਦੀ ਜ਼ਮੀਨ ਬਹੁਤ ਚਿਰ ਠੇਕੇ 'ਤੇ ਵਾਹੁੰਦੇ ਰਹੇ। ਭਤੀਜਾ ਇੰਗਲੈਂਡ ਤੋਂ ਆਇਆ। ਜ਼ਮੀਨ ਛੁਡਵਾ ਲਈ ਤਾਂ ਵੀ ਮਨ ਵਿਚ ਕੋਈ ਹਿਰਖ਼ ਨਾ ਹੋਇਆ। ਰੱਬ ਦੀ ਰਜ਼ਾ ਵਿਚ ਰਹਿਣ ਵਾਲਾ ਤਾਇਆ ਬੱਗਾ ਸਿੰਘ ਰੁੱਖੀ-ਮਿੱਸੀ ਖਾ ਕੇ ਠੰਢਾ ਪਾਣੀ ਪੀ ਕੇ ਗੁਜ਼ਾਰਾ ਕਰਨ ਵਾਲ ਰੱਬ ਦਾ ਸੱਚਾ ਭਗਤ ਸੀ। ਉਸਨੂੰ ਦੇਖ ਕੇ ਇੰਝ ਲੱਗਦਾ ਕਿ ਆਪਣੇ ਸਮੁੱਚੇ ਜੀਵਨ ਨੂੰ ਸਚਿਆਰੇ ਰੂਪ ਨਾਲ ਮਿਹਨਤ ਮੁਸ਼ੱਕਤ ਕਰਦਿਆਂ, ਰੱਬ ਦੇ ਭਾਣੇ ਵਿਚ ਰਹਿ ਕੇ ਜੀਵਨ ਨੂੰ ਪੂਰਨ ਰੂਪ ਵਿਚ ਜੀਵਿਆ ਜਾ ਸਕਦਾ। ਨਾ-ਸ਼ੁਕਰੇ ਲੋਕ ਉਹ ਹੁੰਦੇ ਜਿਨ੍ਹਾਂ ਦਾ ਹਾਬੜਿਆਪਣ ਹਰ ਚੀਜ਼ 'ਤੇ ਕਬਜ਼ਾ ਕਰਨ ਲਈ ਅਹੁਲਦਾ। ਉਹ ਸਾਰੀ ਉਮਰ ਹੀ ਉਸੇ ਘਰ ਵਿਚ ਰਿਹਾ ਅਤੇ ਸੀਮਤ ਸਾਧਨਾਂ ਨਾਲ ਸ਼ੁਕਰਗੁਜ਼ਾਰੀ ਦੀ ਜ਼ਿੰਦਗੀ ਜੀਵੀ।

ਤਾਇਆ ਬੱਗਾ ਸੂੰਹ ਆਪਣੀ ਉਮਰ ਦੇ ਆਖਰੀ ਪੜਾਅ ਵਿਚ ਬੱਕਰੀਆਂ ਚਾਰਨ ਲੱਗ ਗਿਆ ਕਿਉਂਕਿ ਮੰਡ ਤਾਂ ਲੋਕਾਂ ਨੇ ਵਾਹ ਲਿਆ। ਚਰਾਂਦਾਂ ਖਤਮ ਹੋ ਗਈਆਂ ਅਤੇ ਪਸ਼ੂ ਚਾਰਨ ਦਾ ਕੋਈ ਸਬੱਬ ਨਾ ਰਿਹਾ। ਉਹ ਧੁੱਸੀ ਬੰਨ੍ਹ ਦੇ ਆਲੇ-ਦੁਆਲੇ ਸਾਰਾ ਦਿਨ ਬੱਕਰੀਆਂ ਚਾਰਦਾ ਰਹਿੰਦਾ ਅਤੇ ਸ਼ਾਮ ਨੂੰ ਪਰਤ ਆਉਂਦਾ। ਵਾਹੀ ਦਾ ਜ਼ਿਆਦਾਤਰ ਕੰਮ ਉਸਦੇ ਪੁੱਤਾਂ ਨੇ ਸੰਭਾਲ ਲਿਆ ਸੀ।

ਕੁਝ ਸਮੇਂ ਬਾਅਦ ਪਿੰਡ ਗਿਆ ਤਾਂ ਪਤਾ ਲੱਗਾ ਕਿ ਤਾਇਆ ਬੱਗਾ ਸਿੰਘ ਪੂਰੇ ਹੋ ਗਏ। ਲੱਗਾ ਕਿ ਸਾਡੀ ਨਿੱਕੀ ਜਹੀ ਬੀਹੀ ਵਿਚ ਧੀਮੀ ਤੋਰ ਤੁਰਨ ਵਾਲਾ ਇਕ ਸਾਈਂ ਲੋਕ ਜੀਵਨ ਯਾਤਰਾ ਪੂਰੀ ਕਰਕੇ ਤੁਰ ਗਿਆ ਹੋਵੇ ਜਿਸਦੀ ਕਰਮ-ਕੀਰਤੀ ਵਿਚੋਂ ਬਹੁਤ ਕੁਝ ਸਿਖਿਆ ਸੀ। ਉਸਨੇ ਦਰਸਾ ਦਿਤਾ ਕਿ ਵੱਡੇ ਮਹਿਲ-ਮੁਨਾਰਿਆਂ, ਵੱਡੀਆਂ ਜਗੀਰਾਂ ਅਤੇ ਆਪਣੇ ਸਕੇ ਭਰਾਵਾਂ ਦੇ ਵਿੱਤੀ ਸਹਿਯੋਗ ਤੋਂ ਬਿਨਾਂ ਵੀ ਇਕ ਸੰਤ-ਮਹਾਤਮਾ ਵਾਲੀ ਜ਼ਿੰਦਗੀ ਜੀਵੀ ਜਾ ਸਕਦੀ। ਜ਼ਿੰਦਗੀ ਜਿਹੜੀ ਹਰ ਇਕ ਲਈ ਮਿਸਾਲ ਵੀ ਸੀ ਕਿ ਸਧਾਰਨ ਜੀਵਨ ਸ਼ੈਲੀ ਹੀ ਸਾਡੇ ਸੁਖਨ-ਸੰਤੋਖ ਦਾ ਸਭ ਤੋਂ ਵੱਡਾ ਹਾਸਲ ਹੁੰਦਾ। ਜਾਇਦਾਦਾਂ ਕਦੇ ਵੀ ਤੁਹਾਨੂੰ ਉਹ ਸੁੱਖ ਨਹੀਂ ਦੇ ਸਕਦੀਆਂ ਜੋ ਤੁਹਾਡੇ ਸਧਾਰਨ ਖ਼ਿਆਲਾਂ ਅਤੇ ਆਮ ਲੋਕਾਂ ਵਰਗੀ ਸਧਾਰਨਤਾ ਤੁਹਾਨੂੰ ਅਸਧਾਰਨ ਬਣਾ ਦਿੰਦੀ ਹੈ। ਅਫਸੋਸ ਕਿ ਤਾਏ ਬੱਗਾ ਸੂੰਹ ਵਰਗੇ ਭਗਤ ਲੋਕ ਹੁਣ ਪਿੰਡਾਂ ਵਿਚੋਂ ਅਲੋਪ ਹੀ ਹੋ ਗਏ। ਸਦਾ ਲਈ ਤੁਰ ਗਏ ਭਲੇ ਲੋਕਾਂ ਦੀ ਅਹਿਮੀਅਤ ਨੂੰ ਬਹੁਤ ਘੱਟ ਲੋਕ ਪਛਾਣਦੇ ਹਨ। ਸ਼ਾਇਦ ਉਸਦਾ ਘੁੱਗ ਵੱਸਦਾ ਪਰਿਵਾਰ ਉਸ ਦੀਆਂ ਅਸੀਸਾਂ ਦਾ ਕਰਜ਼ਦਾਰ ਹੈ ਜਿਸਨੇ ਬਹੁਤ ਸਾਰੀਆਂ ਰਹਿਮਤਾਂ ਆਪਣੇ ਪਰਿਵਾਰ ਦੇ ਨਾਮ ਕੀਤੀਆਂ ਹਨ।

ਸਾਦਗੀ, ਸਮਰਪਣ ਅਤੇ ਸੰਤਮਈ ਸੁਭਾਅ ਵਾਲੇ ਤਾਏ ਬੱਗਾ ਸਿੰਘ ਨੂੰ ਯਾਦ ਕਰਦਿਆਂ ਉਸਦੀ ਤਸਵੀਰ, ਤੁਸੱਵਰ ਅਤੇ ਤਦਬੀਰਾਂ ਨੇ ਮੇਰੀਆਂ ਤਰਜੀਹਾਂ ਵਿਚ ਵੀ ਮਜੀਠੀ ਰੰਗ ਭਰਿਆ। ਇਹੀ ਉਸਨੂੰ ਸੁੱਚੀ ਅਤੇ ਸੱਚੀ ਅਕੀਦਤ ਹੈ।

# ਸੱਚੀ ਮੁਹੱਬਤ ਤੋਂ ਉੱਪਰ ਇਸ ਜਹਾਨ ਵਿਚ ਹੋਰ ਕੋਈ ਸ਼ੈਅ ਨਹੀਂ !

## ਜ਼ਿੰਦਗੀ ਨਾਮਾ



ਹਰਪ੍ਰੀਤ ਸਿੰਘ ਜਵੰਦਾ

***ਹਰਪ੍ਰੀਤ ਜਵੰਦਾ ਸੱਚਮੁੱਚ ਨਿੱਕੀ ਕਹਾਣੀ ਦਾ ਬਾਦਸ਼ਾਹ ਹੈ। ਆਪਣੇ ਆਲੇ-ਦੁਆਲੇ ਤੋਂ ਬੜੇ ਸੂਖਮ ਜਿਹੇ ਵਿਸ਼ੇ ਲੈ ਕੇ ਕਹਾਣੀ ਲਿਖਦਾ ਹੈ, ਜਿਸ ਵਿਚ ਕੋਈ ਸਾਰਥਕ ਸੁਨੇਹਾ ਵੀ ਹੁੰਦਾ ਹੈ। ਕਹਾਣੀ ਜਾਂ ਅਸਲੀ ਬਿਰਤਾਂਤ ਨੂੰ ਇੰਨੇ ਘੱਟ ਸ਼ਬਦਾਂ ਵਿਚ ਸਮੇਟਣਾ ਆਪਣੇ-ਆਪ ਵਿਚ ਲਾਜਵਾਬ ਹੈ। ਅਸੀਂ ਹਰਪ੍ਰੀਤ ਜਵੰਦਾ ਦਾ 'ਜ਼ਿੰਦਗੀ ਨਾਮਾ' ਕਾਲਮ ਸ਼ੁਰੂ ਕੀਤਾ ਹੈ। ਉਮੀਦ ਹੈ ਪਾਠਕਾਂ ਨੂੰ ਪਸੰਦ ਆ ਰਿਹਾ ਹੋਵੇਗਾ।***

ਪੰਜਾਬੀ ਦੇ ਇੱਕ ਲੈਕਚਰਰ ਸਾਹਿਬਾ ਅਕਸਰ ਹੀ ਆਖਿਆ ਕਰਦੇ ਸੱਚੀ ਮੁਹੱਬਤ ਤੋਂ ਉੱਪਰ ਇਸ ਜਹਾਨ ਵਿਚ ਹੋਰ ਕੋਈ ਸ਼ੈ ਨਹੀਂ!

ਮੈਨੂੰ ਬਹੁਤੀ ਪੱਲੇ ਨਾ ਪੈਂਦੀ...ਪਰ ਫਾਈਨਲ ਵਿਚ ਸਬੱਬੀਂ ਅਤੇ ਅਚਨਚੇਤ ਹੀ ਕੁਝ ਇੰਝ ਦਾ ਹੋ ਗਿਆ ਕੇ ਇਹ ਆਪਮੁਹਾਰੇ ਹੀ ਪ੍ਰਭਾਸ਼ਿਤ ਹੋਣ ਲੱਗੀ...!

ਉਸਦਾ ਨਿਰੋਲ ਪੇਂਡੂ ਪਹਿਰਾਵਾ...ਕੁਦਰਤੀ ਚਾਲ-ਢਾਲ...ਨੀਵੀਆਂ ਨਜ਼ਰਾਂ...ਹੱਸਦਾ ਚੇਹਰਾ...ਸੋਹਣੀ ਦਸਤਾਰ...ਜਿਹੜੀ ਅਕਸਰ ਕੇਸਰੀ ਰੰਗ ਦੀ ਹੁੰਦੀ...ਅੱਖਾਂ ਦਾ ਵਿਸ਼ਾਲ ਉਘਾੜ ਭਾਵੇਂ ਸਾਰੀ ਕਾਇਨਾਤ ਅੰਦਰ ਸਮੋਅ ਜਾਵੇ...ਹੇਠਲੇ ਬੁੱਲ ਦੀ ਕਿਨਾਰੀ ਤੋਂ ਸ਼ੁਰੂ ਹੋ ਕੇ ਧੁਰ ਥੱਲੇ ਤੀਕਰ ਜਾ ਦਾਹੜੇ ਦੇ ਸਮੁੰਦਰ ਵਿਚ ਜਾ ਰਲਦੀ ਇੱਕ ਤਿੱਖੀ ਕਾਲੀ ਲਿਟ...!

ਉਹ ਜਿਥੇ ਵੀ ਬੈਠਾ ਹੁੰਦਾ ਉਸਦੇ ਕੋਲੋਂ ਦੀ ਲੰਘਣ ਨੂੰ ਜੀ ਕਰਦਾ...ਅੱਖਾਂ ਵਿਚ ਅੱਖਾਂ ਪਾ ਕੇ ਵੇਖਣ ਦੇ ਜ਼ਮਾਨੇ ਤੇ ਨਹੀਂ ਸਨ ਤਾਂ ਵੀ ਬਹਾਨੇ ਜਿਹੇ ਨਾਲ ਦਿਨ ਵਿਚ ਇੱਕ ਵੇਰ ਇੱਕ ਕਾਹਲ ਭਰੀ ਪੰਛੀ ਝਾਤ ਜ਼ਰੂਰ ਮਾਰ ਲੈਂਦੀ...!

ਪਤਾ ਉਸ ਨੂੰ ਵੀ ਸੀ ਪਰ ਜ਼ਾਹਿਰ ਕਦੇ ਨਾ ਕਰਦਾ...ਜਾਂ ਆਖੋ ਅੱਖੀਆਂ ਨਾ ਮਿਲਾਉਂਦਾ...ਕਦੇ ਸਾਹਮਣੇ ਤੋਂ ਤੁਰਿਆ ਆਉਂਦਾ ਸਾਰਾ ਗਰੁੱਪ ਮੈਨੂੰ ਅੱਗੋਂ ਆਉਂਦੀ ਨੂੰ ਵੇਖ ਨੀਵੀਆਂ ਪਾ ਚੁੱਪ ਕਰ ਜਾਂਦਾ...ਤੇ ਫੇਰ ਅੱਗੇ ਜਾ ਕੇ ਹਾਸਿਆਂ ਦੇ ਕਿੰਨੇ ਸਾਰੇ ਫੁਹਾਰੇ ਫੁੱਟ ਪੈਂਦੇ...ਪਰਤ ਕੇ ਵੇਖਦੀ ਤਾਂ ਉਹ ਸਭ ਤੋਂ ਪਹਿਲੋਂ ਹੱਸਣ ਵਾਲੇ ਦੇ ਦਵਾਲੇ ਹੋਇਆ ਹੁੰਦਾ...!

ਅਕਸਰ ਸੋਚਦੀ ਪਤਾ ਨਹੀਂ ਕੀ ਚੀਜ਼ ਸੀ ਉਸਦੀ ਮਿਕਨਾਤੀਸੀ ਸ਼ਖਸੀਅਤ ਵਿਚ...ਜਿਸ ਨੇ ਮੈਨੂੰ ਖਿੱਚ ਵੀ ਲਿਆ ਸੀ ਤੇ ਕੀਲ ਵੀ...ਸੱਪ ਬੀਨ ਦਾ ਰਿਸ਼ਤਾ...!

ਸ਼ਰੀਫ਼ੀ ਦਾ ਇਕ ਪੈਮਾਨਾ ਜਿਹੜਾ ਮੇਰੇ ਦਾਦੇ ਹੁਰਾਂ ਅਕਸਰ ਹੀ ਮੇਰੇ ਹੋਣ ਵਾਲੇ ਸਾਥੀ ਬਾਰੇ ਸਿਰਜਿਆ ਸੀ...ਉਹ ਉਸ 'ਤੇ ਐਨ ਪੂਰਾ ਉੱਤਰਦਾ ਪ੍ਰਤੀਤ ਹੁੰਦਾ...!



ਨਿੱਕੇ ਹੁੰਦੀ ਤੋਂ ਮੇਰੇ ਬਾਰੇ ਇੱਕ ਅਣਕਿਆਸੀ ਜਿਹੀ ਮਿੱਥ ਪੱਕ ਗਈ ਸੀ...ਕੀਮਤੀ ਅਤੇ ਸੋਹਣੀ ਸ਼ੈ ਮੈਥੋਂ ਅਕਸਰ ਈ ਗਵਾਚ ਜਾਇਆ ਕਰਦੀ...ਫੇਰ ਇੱਕ ਦਿਨ ਉਹ ਵੀ ਗਵਾਚ ਗਿਆ...ਪਰ ਨਹੀਂ ਸਾਂ ਜਾਣਦੀ ਗਵਾਚਿਆ ਕਿਥੇ...ਇੱਕ ਦਿਨ ਸੰਗ ਸ਼ਰਮ ਪਾਸੇ ਰੱਖ ਖੁਸਰ-ਫੁਸਰ ਕਰਦੀ ਉਸਦੇ ਸੰਗੀਆਂ ਦੀ ਢਾਣੀ ਵਿਚ ਜਾ ਵੜੀ...ਪੁੱਛਿਆ ਉਹ ਕਿਥੇ ਹੈ?

ਸਾਰਿਆਂ ਨੀਵੀਂ ਪਾ ਲਈ...ਫੇਰ ਇੱਕ ਬੋਲਿਆ ਜੀ ਉਸਨੂੰ ਮੁਕਾ ਦਿੱਤਾ...ਫੜ ਕੇ...ਖਰੜ ਲਾਗੇ ਦੌਣ ਕਲਾਂ ਪਿੰਡ ਲਾਗੇ ਨਾਕੇ 'ਤੇ ਬੱਸੋਂ ਲਾਹ ਲਿਆ...ਚੰਡੀਗੜ੍ਹ ਜਾ ਰਿਹਾ ਸੀ ਕਿਸੇ ਕੰਮ...!

ਮੈਂ ਸੁੰਨ ਹੋ ਗਈ...ਸੋਚਣ ਲੱਗੀ ਇੰਝ ਕਿਓਂ ਕੀਤਾ...ਕਿਸਨੇ ਕੀਤਾ...ਕਿਸ ਜੁਰਮ ਲਈ ਕੀਤਾ...ਅਤੇ ਮੁਕਾਉਣ ਤੋਂ ਪਹਿਲਾ ਕਿੰਨਾ ਕੁ ਤਸ਼ੱਦਤ ਢਾਹਿਆ ਹੋਣਾ...ਅਨੇਕਾਂ ਸਵਾਲ ਕਿੰਤੂ ਪ੍ਰੰਤੂ ਇੰਝ ਉਂਝ ਅਤੇ ਪਛਤਾਵੇ...ਸਦੀਵੀਂ ਮੇਰੇ ਵੱਲ ਸਵਾਲ ਬਣ ਤੱਕਦੇ ਰਹਿੰਦੇ!

ਕੁਝ ਵਰ੍ਹਿਆਂ ਬਾਅਦ ਸੈਕੰਡਰੀ ਸਕੂਲ ਪੜ੍ਹਾਉਣ ਲੱਗ ਪਈ...ਕੇਰਾਂ ਛੇਵੀਂ ਜਮਾਤ ਕਾਫੀ ਹਿਲਜੁਲ ਜਿਹੀ ਲੱਗੀ...ਪੁੱਛਿਆ ਤਾਂ ਇੱਕ ਮੁੰਡੇ ਵੱਲ ਇਸ਼ਾਰੇ ਕਰ ਦੱਸਣ ਲੱਗੇ ਜੀ ਇਸਦੇ ਬਸਤੇ ਵਿਚ ਤੁਹਾਡੀ ਫੋਟੋ ਏ!

ਮੈਂ ਹੈਰਾਨ ਪ੍ਰੇਸ਼ਾਨ ਹੋ ਗਈ...ਮੇਰੀ ਫੋਟੋ...ਉਹ ਵੀ ਇਸਦੇ ਬਸਤੇ ਵਿਚ...ਉਹ ਕਿੱਦਾਂ?

ਉਸਨੂੰ ਕੋਲ ਸੱਦਿਆ...ਸਾਫ ਮੁੱਕਰ ਗਿਆ...ਬਸਤਾ ਫਰੋਲਿਆ ਤਾਂ ਇੱਕ ਗਰੁੱਪ ਫੋਟੋ ਵਿਚ ਮੈਂ ਹੀ ਸਾਂ...ਮੇਰੀ ਫੋਟੋ ਦਵਾਲੇ ਡਿਜ਼ਾਈਨ ਬਣਾ ਇੱਕ ਗੋਲ ਚੱਕਰ ਜਿਹਾ ਲਾਇਆ ਹੋਇਆ ਸੀ...ਮੈਨੂੰ ਸਭ ਯਾਦ ਆ ਗਿਆ...ਥੋੜੇ ਸਾਲ ਪਹਿਲੋਂ ਬੇਰਿੰਗ ਕਾਲਜ ਦੇ ਸਾਲਾਨਾ ਇਨਾਮ ਵੰਡ ਸਮਾਰੋਹ ਵੇਲੇ ਗਿੱਧੇ ਦੀ ਟੀਮ ਦੇ ਨਾਲ ਖਿੱਚੀ ਸੀ!

ਪੁੱਛਿਆ ਇਹ ਤੇਰੇ ਕੋਲ ਕਿੱਦਾਂ ਆਈ?

ਆਖਣ ਲੱਗਾ ਜੀ ਚਾਚੇ ਦਾ ਸਮਾਨ ਫਰੋਲਦਿਆਂ ਉਸਦੀ ਕਿਤਾਬ ਵਿਚੋਂ ਲੱਭੀ ਏ...ਨਵਨੀਤ ਸਿੰਘ ਮੇਰਾ ਚਾਚਾ ਸੀ...ਹੁਣ ਉਹ ਹੈਨੀ...ਸ਼ਹੀਦ ਹੋ ਗਿਆ!

ਸੁੰਨ ਤੇ ਭਾਵੇਂ ਦੂਜੀ ਵਾਰੀ ਹੋਈ ਸਾਂ ਪਰ ਜਨਤਕ ਤੌਰ 'ਤੇ ਰੋਈ ਪਹਿਲੀ ਵੇਰ...ਹਾਏ ਰੱਬਾ...ਜਿਸ ਨੂੰ ਅੱਜ ਤੀਕਰ ਇੱਕ ਪਾਸੜ ਸਮਝਦੀ ਰਹੀ ਉਹ ਤੇ ਚੰਦਰੀ ਦੋ ਮੂਹੀਂ ਨਿੱਕਲੀ...ਨਾਲ ਕਿੰਨੇ ਵਰ੍ਹੇ ਪਹਿਲੋਂ ਮੁਹੱਬਤ ਬਾਰੇ ਆਖੀ ਜਾਂਦੀ ਉਹ ਗੱਲ ਵੀ ਝੂਠੀ ਪੈ ਗਈ ਸੀ...ਰੂਹਾਂ ਜਿਸਮਾਂ ਦੀ ਮੁਹੱਬਤ ਤੋਂ ਵੀ ਉੱਚੀ ਹੁੰਦੀ ਏ ਇੱਕ ਹੋਰ ਸ਼ੈ...ਜਿਸਨੂੰ ਕੌਮੀ ਸੰਘਰਸ਼ ਦੇ ਨਾਮ ਨਾਲ ਜਾਣਿਆ ਜਾਂਦਾ...ਉਹ ਕੌਮੀ ਸੰਘਰਸ਼ ਜਿਸ ਖਾਤਿਰ ਕਿੰਨਾ ਕੁਝ ਤਿਆਗ ਦੇਣਾ ਪੈਂਦਾ...ਘਰ ਬਾਹਰ ਸੁੱਖ ਅਰਾਮ ਪਰਿਵਾਰ ਸਗੇ ਸਬੰਧੀ ਅਤੇ ਉਹ ਭਾਵਨਾਵਾਂ...ਜਿਹੜੀਆਂ ਵਿਰਲੇ ਟਾਵੇਂ ਹੀ ਵੱਸ ਵਿਚ ਰੱਖ ਸਕਦੇ!

# ਫ਼ਿਲਮ ਲੋਕ

## ਦਿਲ ਨੂੰ ਛੂਹ ਲੈਣ ਵਾਲੀ ਆਵਾਜ਼ ਦੀ ਮਲਿਕਾ ਸੀ

## ਗੀਤਾ ਦੱਤ



''ਮੇਰਾ ਸੁੰਦਰ ਸਪਨਾ ਟੂਟ ਗਿਆ'',''ਤਦਬੀਰ ਸੇ ਬਿਗੜੀ ਹੂਈ ਤਕਦੀਰ ਬਨਾ ਲੇ'', ''ਹਮ ਆਪ ਕੀ ਆਖੋਂ ਸੇ ਇਸ ਦਿਲ ਕੋ ਚੁਰਾ ਲੇਂ ਤੋ',''ਵਕਤ ਨੇ ਕੀਏ ਕਿਆ ਹਸੀਂ ਸਿਤਮ'', ''ਜਾਤਾ ਕਹਾਂ ਹੈ ਦੀਵਾਨੇ'', ''ਮੇਰਾ ਨਾਮ ਚਿਨ ਚਿਨ ਚੂੰ'' ਅਤੇ 'ਪੀਆ ਐਸੋ ਜੀਆ ਮੇਂ ਸਮਾਏ ਗਇਓ ਰੇ' ਆਦਿ ਜਿਹੇ ਅਨੇਕਾਂ ਯਾਦਗਾਰੀ ਗੀਤਾਂ ਨੂੰ ਆਪਣੀ ਮਨਮੋਹਕ ਆਵਾਜ਼ ਨਾਲ ਅਮਰ ਕਰ ਦੇਣ ਵਾਲੀ ਗਾਇਕਾ ਅਤੇ ਅਦਾਕਾਰਾ ਗੀਤਾ ਦੱਤ ਦਾ ਜਨਮ 23 ਨਵੰਬਰ, 1930 ਨੂੰ ਬੰਗਾਲ ਦੇ ਫ਼ਰੀਦਪੁਰ ਨਾਮਕ ਸ਼ਹਿਰ ਵਿਚ ਹੋਇਆ ਸੀ ਜੋ ਬਾਅਦ ਵਿਚ ਬੰਗਲਾਦੇਸ਼ ਦੀ ਸਰਹੱਦ ਅੰਦਰ ਚਲਾ ਗਿਆ ਸੀ। ਗੀਤਾ ਅਜੇ ਕੇਵਲ ਦਸਾਂ ਕੁ ਵਰ੍ਹਿਆਂ ਦੀ ਸੀ ਜਦੋਂ ਉਸਦਾ ਪਰਿਵਾਰ ਬੰਗਾਲ ਤੋਂ ਪਹਿਲਾਂ ਕਲਕੱਤਾ,




ਫਿਰ ਅਸਾਮ ਤੇ ਅਖ਼ੀਰ ਮੁੰਬਈ ਵਿਖੇ ਚਲਾ ਗਿਆ।

ਗੀਤਾ ਦੀ ਇਹ ਖ਼ੁਸ਼ਕਿਸਮਤੀ ਸੀ ਕਿ ਮੁੰਬਈ ਵਿਖੇ ਉਸਨੂੰ ਕੇ.ਹਨੂਮੰਤ ਪ੍ਰਸਾਦ ਨਾਮਕ ਸੰਗੀਤ ਉਸਤਾਦ ਮਿਲ ਗਿਆ ਜਿਸਨੇ ਉਸਦੀ ਗਾਇਕੀ ਨੂੰ ਕੇਵਲ ਸੁਆਰਿਆ ਤੇ ਨਿਖਾਰਿਆ ਹੀ ਨਹੀਂ ਸਗੋਂ ਉਸਨੂੰ ਫ਼ਿਲਮਾ ਵਿੱਚ ਗੀਤ ਗਾਉਣ ਦਾ ਮੌਕਾ ਵੀ ਪ੍ਰਦਾਨ ਕੀਤਾ। ਗੀਤਾ ਨੇ ਸੋਲ੍ਹਾਂ ਸਾਲ ਦੀ ਉਮਰ ਵਿੱਚ ਫ਼ਿਲਮ 'ਭਗਤ ਪ੍ਰਹਿਲਾਦ' ਲਈ ਪਹਿਲੀ ਵਾਰ ਗੀਤ ਰਿਕਾਰਡ ਕਰਵਾਇਆ ਸੀ। ਇਸ ਤੋਂ ਠੀਕ ਸੱਤ ਸਾਲ ਬਾਅਦ ਫ਼ਿਲਮ 'ਬਾਜ਼ੀ' ਲਈ ਗੀਤ ਰਿਕਾਰਡ ਕਰਵਾਉਂਦੇ ਸਮੇਂ ਉਸਦੀ ਮੁਲਾਕਾਤ ਅਦਾਕਾਰ-ਨਿਰਦੇਸ਼ਕ ਗੁਰੂ ਦੱਤ ਨਾਲ ਹੋਈ ਜੋ ਪਹਿਲਾਂ ਪਿਆਰ ਤੇ ਫਿਰ ਸ਼ਾਦੀ ਵਿੱਚ ਤਬਦੀਲ ਹੋ ਗਈ। 26 ਮਈ, 1953 ਨੂੰ ਦੋਵਾਂ ਨੇ ਸ਼ਾਦੀ ਕਰਵਾ ਲਈ ਤੇ ਇਸ ਉਪਰੰਤ ਉਸਨੇ ਤਿੰਨ ਬੱਚਿਆਂ ਨੂੰ ਜਨਮ ਦਿੱਤਾ ਜਿਨ੍ਹਾਂ ਦੇ ਨਾਮ ਤਰੁਣ ਦੱਤ,ਅਰੁਣ ਦੱਤ ਅਤੇ ਨੀਨਾ ਦੱਤ ਸਨ।

ਗੀਤਾ ਦੱਤ ਦੀ ਆਵਾਜ਼ ਵਿਚ ਇਕ ਵਿਸ਼ੇਸ਼ ਪ੍ਰਕਾਰ ਦਾ ਰਸ ਤੇ ਖਿੱਚ ਸੀ ਜੋ ਸਰੋਤੇ ਦੇ ਦਿਲ ਨੂੰ ਕੀਲ ਲੈਂਦੇ ਸਨ। ਉਸ ਵੱਲੋਂ ਗਾਏ ''ਘੂੰਘਟ ਕੇ ਪਟ ਖੋਲ੍ਹ'' ਅਤੇ ''ਠੰਡੀ ਹਵਾ ਕਾਲੀ ਘਟਾ'' ਆਦਿ ਜਿਹੇ ਗੀਤ ਅੱਜ ਵੀ ਸੰਗੀਤ ਪ੍ਰੇਮੀਆਂ ਦੇ ਚੇਤਿਆਂ ਵਿਚ ਵੱਸੇ ਹੋਏ ਹਨ। 'ਚੌਦਵੀਂ ਕਾ ਚਾਂਦ' ਨਾਮਕ ਫ਼ਿਲਮ ਦਾ ਨਿਰਦੇਸ਼ਨ ਕਰਦੇ ਸਮੇਂ ਗੁਰੂ ਦੱਤ ਅਤੇ ਅਦਾਕਾਰਾ ਵਹੀਦਾ ਰਹਿਮਾਨ ਦਰਮਿਆਨ ਮੁਹੱਬਤ ਦੇ ਕਿੱਸੇ ਜਦੋਂ ਸਰ੍ਹੇਆਮ ਹੋਏ ਤਾਂ ਗੀਤਾ ਦਾ ਦਿਲ ਟੁੱਟ ਗਿਆ ਤੇ ਉਸਨੇ ਸ਼ਰਾਬ ਦਾ ਸਹਾਰਾ ਲੈਣਾ ਸ਼ੁਰੂ ਕਰ ਦਿੱਤਾ। ਉਸਦੇ ਅਜਿਹਾ ਕਰਨ ਨਾਲ ਉਸਦੇ ਗਾਇਕੀ ਤੇ ਅਦਾਕਾਰੀ ਦੇ ਕੈਰੀਅਰ ਨੂੰ ਭਾਰੀ ਨੁਕਸਾਨ ਪੁੱਜਾ। ਸੰਨ 1964 ਵਿਚ ਜਦੋਂ ਗੁਰੂਦੱਤ ਦੇ ਅਚਨਚੇਤ ਦੇਹਾਂਤ ਹੋ ਗਿਆ ਤਾ ਗੀਤਾ ਮਾਨਸਿਕ ਅਤੇ ਆਰਥਿਕ ਤੌਰ 'ਤੇ ਬੁਰੀ ਤਰ੍ਹਾਂ ਟੁੱਟ ਗਈ। ਉਸਨੇ ਆਪਣੇ ਆਪ ਨੂੰ ਸੰਭਾਲ ਕੇ ਮੁੜ ਗਾਇਕੀ ਦਾ ਸਫ਼ਰ ਸ਼ੁਰੂ ਕੀਤਾ ਤੇ ਵੱਖ-ਵੱਖ ਸਟੇਜ ਸ਼ੋਅ ਵੀ ਕਰਨ ਲੱਗ ਪਈ। ਇਸ ਦੌਰਾਨ ਉਸਨੇ ਦੋ ਬੰਗਾਲੀ ਫ਼ਿਲਮਾਂ 'ਵਧੂ ਬਾਰਾਨ' ਅਤੇ 'ਅਨੁਭਵ' ਵਿੱਚ ਅਦਾਕਾਰੀ ਵੀ ਕੀਤੀ। ਅਖ਼ੀਰ 20 ਜੁਲਾਈ,1972 ਨੂੰ ਕੇਵਲ 42 ਸਾਲ ਦੀ ਉਮਰ ਵਿਚ ਉਸਦਾ ਦੇਹਾਂਤ ਹੋ ਗਿਆ ਸੀ। ਇਸ ਮਹਾਨ ਗਾਇਕਾ ਤੇ ਅਦਾਕਾਰਾ ਦੀ ਯਾਦ ਨੂੰ ਸਮਰਪਿਤ ਕਰਕੇ ਭਾਰਤ ਦੇ ਡਾਕ ਵਿਭਾਗ ਵੱਲੋਂ ਸੰਨ 2013 ਅਤੇ 2016 ਯਾਦਗਾਰੀ ਡਾਕ ਟਿਕਟ ਵੀ ਜਾਰੀ ਕੀਤੇ ਗਏ ਸਨ ।

ਪ੍ਰੋ.ਪਰਮਜੀਤ ਸਿੰਘ ਨਿੱਕੇ ਘੁੰਮਣ

## ਅਨੰਦ ਅਤੇ ਅਰਥ ਭਰਪੂਰ ਗੀਤਾਂ ਦਾ ਰਚੇਤਾ – ਅਨੰਦ ਬਖ਼ਸ਼ੀ



ਅਜੋਕਾ ਬਾਲੀਵੁੱਡ ਸੰਗੀਤ ਵੀਹਵੀਂ ਸਦੀ ਦੇ ਛੇਵੇਂ ਦਹਾਕੇ ਤੋਂ ਲੈ ਕੇ ਨੌਂਵੇਂ ਦਹਾਕੇ ਤੱਕ ਆਪਣਾ ਸਿਖਰ ਹੰਢਾਉਣ ਤੋਂ ਬਾਅਦ ਹੁਣ ਹੰਭ ਗਿਆ ਜਾਪਦਾ ਹੈ। ਅਜੋਕੇ ਬਾਲੀਵੁੱਡ ਸੰਗੀਤ ਵਿੱਚ ਪੁਰਾਣੇ ਵੇਲਿਆਂ ਵਾਲੀ ਸਾਰਥਿਕਤਾ, ਸੰਗੀਤਕਤਾ, ਸੁਰੀਲਾਪਨ ਤੇ ਸੰਗੀਤ ਦੀ ਸੁੱਚਤਾ ਪ੍ਰਤੀ ਸਮਰਪਣ ਲਗਭਗ ਖ਼ਤਮ ਹੋ ਗਿਆ ਜਾਪਦਾ ਹੈ। ਜੇਕਰ ਇਹ ਗੱਲ ਸੱਚ ਨਾ ਹੁੰਦੀ ਤਾਂ ਫਿਰ ਅੱਜ ਵੀ ਸੰਗੀਤ ਪ੍ਰੇਮੀ ਬੀਤੇ ਜ਼ਮਾਨੇ ਦੇ ਸੰਗੀਤਕਾਰਾਂ ਨੌਸ਼ਾਦ, ਸ਼ੰਕਰ-ਜੈ ਕਿਸ਼ਨ, ਲਕਸ਼ਮੀਕਾਂਤ-ਪਿਆਰੇ ਲਾਲ, ਕਲਿਆਣ ਜੀ-ਅਨੰਦ ਜੀ, ਮਦਨ ਮੋਹਨ, ਰੌਸ਼ਨ, ਐਸ.ਡੀ.ਬਰਮਨ, ਆਰ.ਡੀ. ਬਰਮਨ ਅਤੇ ਸੀ.ਰਾਮਚੰਦਰ ਤੇ ਕਲਮ ਦੇ ਧਨੀ ਮੰਨੇ ਜਾਂਦੇ ਗੀਤਕਾਰਾਂ ਸਾਹਿਰ ਲੁਧਿਆਣਵੀ,ਪ੍ਰਦੀਪ,ਹਸਰਤ ਜੈਪੁਰੀ,ਮਜਰੂਹ ਸੁਲਤਾਨਪੁਰੀ, ਰਜਿੰਦਰ ਕ੍ਰਿਸ਼ਨ ਅਤੇ ਅਨੰਦ ਬਖ਼ਸ਼ੀ ਆਦਿ ਦੀਆਂ ਅਮਰ ਰਚਨਾਵਾਂ ਸੁਣ ਕੇ ਝੂਮਦੇ ਨਾ ਹੁੰਦੇ। ਅਨੰਦ ਬਖ਼ਸ਼ੀ, ਬਾਲੀਵੁੱਡ ਦਾ ਉਹ ਸੁੱਘੜ ਸਿਆਣਾ ਗੀਤਕਾਰ ਸੀ ਜਿਸਨੇ ਵੀਹਵੀਂ ਸਦੀ ਦੇ ਛੇਵੇਂ ਦਹਾਕੇ ਤੋਂ ਲੈ ਕੇ ਆਖ਼ਰੀ ਦਹਾਕੇ ਤੱਕ ਆਏ ਹਰੇਕ ਦੌਰ ਦੀ ਨਬਜ਼ ਫ਼ੜ੍ਹੀ ਸੀ ਤੇ ਆਪਣੇ ਮਨਮੋਹਕ ਤੇ ਅਰਥ ਭਰਪੂਰ ਗੀਤਾਂ ਦੇ ਮੋਤੀਆਂ ਨਾਲ ਬਾਲੀਵੁੱਡ ਨੂੰ ਮਾਲਾਮਾਲ ਕਰ ਦਿੱਤਾ ਸੀ।

ਬਖ਼ਸ਼ੀ ਅਨੰਦ ਪ੍ਰਕਾਸ਼ ਵੈਦ ਉਰਫ਼ ਅਨੰਦ ਬਖ਼ਸ਼ੀ ਦਾ ਜਨਮ 21 ਜੁਲਾਈ,1930 ਨੂੰ ਮਾਤਾ ਸੁਮਿੱਤਰਾ ਦੇਵੀ ਦੀ ਕੁੱਖੋਂ ਪਾਕਿਸਤਾਨ ਦੇ ਰਾਵਲਪਿੰਡੀ ਇਲਾਕੇ ਵਿੱਚ ਹੋਇਆ ਸੀ। ਅਨੰਦ ਅਜੇ ਪੰਜ ਕੁ ਵਰ੍ਹਿਆਂ ਦਾ ਸੀ ਜਦੋਂ ਉਸਦੀ ਮਾਂ ਚੱਲ ਵੱਸੀ ਸੀ। ਸੰਨ ਸੰਤਾਲੀ ਵਿੱਚ ਹੋਏ ਮੁਲਕ ਦੇ ਬਟਵਾਰੇ ਮਗਰੋਂ ਬਖ਼ਸ਼ੀ ਦਾ ਪਰਿਵਾਰ ਪੂਨਾ ਤੇ ਮੇਰਠ ਵਿਖੇ ਕੁਝ ਚਿਰ ਵੱਸਣ ਤੋਂ ਬਾਅਦ ਅਖ਼ੀਰ ਦਿੱਲੀ ਵਿਖੇ ਆ ਵੱਸਿਆ ਸੀ। ਚੜ੍ਹਦੀ ਉਮਰੇ ਕਾਲਜ ਦੀ ਪੜ੍ਹਾਈ ਦੌਰਾਨ ਅਨੰਦ ਬਖ਼ਸ਼ੀ ਨੂੰ ਸ਼ਾਇਰੀ ਕਰਨ ਦਾ ਸ਼ੌਕ ਪੈ ਗਿਆ ਜੋ ਬਾਅਦ ਵਿੱਚ ਉਸਦੇ ਖ਼ੁਦ ਲਈ ਲਈ ਤੇ ਸਮੁੱਚੇ ਬਾਲੀਵੁੱਡ ਲਈ ਬੜਾ ਹੀ ਲਾਹੇਵੰਦ ਸਾਬਿਤ ਹੋਇਆ। ਇਕ ਦਿਨ ਉਸਨੂੰ ਭਾਰਤੀ ਫ਼ੌਜ ਵਿੱਚ ਨੌਕਰੀ ਮਿਲ ਗਈ ਤੇ ਉਹ ਮੁਲਕ ਦੀਆਂ ਸਰਹੱਦਾਂ ਦੀ ਰਾਖੀ ਲਈ ਘਰੋਂ ਨਿਕਲ ਪਿਆ।

ਭਾਰਤੀ ਜਲ ਸੈਨਾ ਵਿਚ ਕਈ ਵਰ੍ਹੇ ਨੌਕਰੀ ਕਰਨ ਦੇ ਦੌਰਾਨ ਤੇ ਉਪਰੰਤ ਅਨੰਦ ਬਖ਼ਸ਼ੀ ਨੇ ਗੀਤਾਂ ਤੇ ਕਵਿਤਾਵਾਂ ਦੀ ਰਚਨਾ ਜਾਰੀ ਰੱਖੀ ਤੇ ਅਖ਼ੀਰ ਗੀਤਕਾਰ ਬਣਨ ਦੇ ਮਕਸਦ ਨਾਲ ਬਾਲੀਵੁੱਡ ਵਿੱਚ ਆ ਪੈਰ ਧਰਿਆ। ਸੰਨ 1957 ਵਿੱਚ 'ਸ਼ੇਰੇ ਬਗ਼ਦਾਦ' ਸਣੇ ਇੱਕਾ-ਦੁੱਕਾ ਫ਼ਿਲਮਾਂ ਵਿੱਚ ਗੀਤ ਲਿਖਣ ਦਾ ਮੌਕਾ ਉਸਨੂੰ ਮਿਲ ਤਾਂ ਗਿਆ ਪਰ ਮਾੜੀ ਮੋਟੀ ਪਛਾਣ ਕੇਵਲ ਸੰਨ 1958 ਵਿੱਚ ਆਈ ਫ਼ਿਲਮ 'ਭਲਾ ਆਦਮੀ ' ਲਈ ਲਿਖੇ ਇਕ ਗੀਤ ਨਾਲ ਹੀ ਮਿਲੀ ਸੀ। ''ਧਰਤੀ ਕੇ ਲਾਲ, ਨਾ ਕਰ ਮਲਾਲ'' ਦੇ ਬੋਲਾਂ ਵਾਲਾ ਇਹ ਗੀਤ ਅਨੰਦ ਬਖ਼ਸ਼ੀ ਦੀ ਹੀ ਆਵਾਜ਼ ਵਿੱਚ ਰਿਕਾਰਡ ਹੋਇਆ ਸੀ ਤੇ ਅਦਾਕਾਰ ਭਗਵਾਨ ਦਾਦਾ 'ਤੇ ਫ਼ਿਲਮਾਇਆ ਗਿਆ ਸੀ। ਸੰਗੀਤਕਾਰ ਨਿਸਾਰ ਬਜ਼ਮੀ ਦੇ ਸੰਗੀਤ ਨਿਰਦੇਸ਼ਨ ਵਿੱਚ ਰਿਕਾਰਡ ਹੋਏ ਇਸ ਫ਼ਿਲਮ ਦੇ ਚਾਰ ਗੀਤਾਂ ਲਈ ਅਨੰਦ ਬਖ਼ਸੀ ਨੂੰ ਕੁੱਲ ਇਕ ਸੌ ਪੰਜਾਹ ਰੁਪਏ ਦਾ ਮਿਹਨਤਾਨਾ ਮਿਲਿਆ ਸੀ। ਸੰਨ 1962 ਵਿੱਚ ਆਈ ਨਿਰਮਾਤਾ ਰਾਜ ਕਪੂਰ ਅਤੇ ਸੰਗੀਤ ਨਿਰਦੇਸ਼ਕ ਮਲਿਆਣ ਜੀ-ਅਨੰਦ ਜੀ ਦੀ ਫ਼ਿਲਮ 'ਮਹਿੰਦੀ ਲਗੇ ਮੇਰੇ ਹਾਥ' ਵਿੱਚ ਉਸਦੇ ਰਚੇ ਗੀਤਾਂ ਨੇ ਉਸਦਾ ਨਾਂ ਲੋਕਾਂ ਦੇ ਬੁੱਲਾਂ 'ਤੇ ਲੈ ਆਂਦਾ ਸੀ ਤੇ ਫਿਰ ਸੰਨ 1965 ਵਿੱਚ 'ਜਬ ਜਬ ਫੂਲ ਖਿਲੇ' ਅਤੇ 'ਹਿਮਾਲਿਆ ਕੀ ਗੋਦ ਮੇਂ ' ਨਾਮਕ ਫ਼ਿਲਮਾਂ ਲਈ ਲਿਖੇ ਉਸਦੇ ਗੀਤਾਂ ਨੇ ਤਾਂ ਜ਼ਮਾਨੇ ਭਰ ਵਿੱਚ ਧੁੰਮਾਂ ਪਾ ਦਿੱਤੀਆਂ ਸਨ। ਇਨ੍ਹਾ ਫ਼ਿਲਮਾਂ ਤੋਂ ਛੇਤੀ ਬਾਅਦ ਆਈ ਫ਼ਿਲਮ 'ਮਿਲਨ' ਲਈ ਬਖ਼ਸੀ ਦੇ ਗੀਤ ਤਾਂ ਅਮਰ ਗੀਤਾਂ ਦਾ ਦਰਜਾ ਹਾਸਿਲ ਕਰ ਗਏ ਸਨ। ਗੀਤਕਾਰੀ ਦੇ ਆਪਣੇ ਸਮੁੱਚੇ ਸਫ਼ਰ ਵਿਚ ਅਨੰਦ ਬਖ਼ਸ਼ੀ ਨੇ ਤਿੰਨ ਸੌ ਤੋਂ ਵੱਧ ਫ਼ਿਲਮਾਂ ਲਈ ਛੇ ਹਜ਼ਾਰ ਦੇ ਕਰੀਬ ਗੀਤ ਰਚੇ ਸਨ ਜਿਨ੍ਹਾ ਵਿੱਚੋਂ ਅਧਿਕਤਰ ਗੀਤ ਸੁਪਰਹਿਟ ਤੇ ਯਾਦਗਾਰੀ ਰਹੇ ਸਨ।

''ਕੋਈ ਹਸੀਨਾ ਜਬ ਰੂਠ ਜਾਤੀ ਹੈ ''ਜਿਹੇ ਹਜ਼ਾਰਾਂ ਦਿਲਕਸ਼ ਗੀਤਾਂ ਦੇ ਰਚੇਤਾ ਜਨਾਬ ਅਨੰਦ ਬਖ਼ਸ਼ੀ ਦਾ ਨਾਂ ਚਾਲੀ ਵਾਰ ' ਫ਼ਿਲਮ ਫ਼ੇਅਰ ਐਵਾਰਡ' ਲਈ ਨਾਮਜ਼ਦ ਕੀਤਾ ਗਿਆ ਸੀ ਤੇ ਚਾਰ ਵਾਰ ਉਹ ਇਹ ਉੱਚ-ਕੋਟੀ ਦਾ ਐਵਾਰਡ ਹਾਸਿਲ ਕਰਨ ਵਿਚ ਸਫ਼ਲ ਵੀ ਰਿਹਾ ਸੀ।

ਸੰਨ 1958 ਵਿੱਚ ਫ਼ਿਲਮ 'ਭਲਾ ਆਦਮੀ' ਲਈ ਆਪਣੀ ਆਵਾਜ਼ ਵਿਚ ਗੀਤ ਰਿਕਾਰਡ ਕਰਵਾਉਣ ਵਾਲੇ ਅਨੰਦ ਬਖ਼ਸੀ ਨੇ ਸੰਨ 1972 ਵਿੱਚ ਬਣੀ ਫ਼ਿਲਮ 'ਮੋਮ ਕੀ ਗੁੜੀਆ' ਲਈ ''ਬਾਗ਼ੋਂ ਮੇਂ ਬਹਾਰ ਆਈ,ਹੋਂਟੋਂ ਪੇ ਪੁਕਾਰ ਲਾਈ'' ਨਾਮਕ ਗੀਤ ਲਤਾ ਮੰਗੇਸ਼ਕਰ ਨਾਲ ਬਤੌਰ ਗਾਇਕ ਰਿਕਾਰਡ ਕਰਵਾਇਆ ਸੀ ਤੇ ਇਸੇ ਫ਼ਿਲਮ ਵਿਚ ਉਸਦਾ ਗਾਇਆ ਇੱਕ ਸੋਲੋ ਗੀਤ ''ਮੈਂ ਢੂੰਡ ਰਹਾ ਥਾ ਸਪਨੋਂ ਮੇਂ'' ਵੀ ਸ਼ਾਮਿਲ ਕੀਤਾ ਗਿਆ ਸੀ। ਇਨ੍ਹਾ ਦੋਵਾਂ ਗੀਤਾਂ ਨੂੰ ਸੰਗੀਤਕਾਰ ਜੋੜੀ ਲਕਸ਼ਮੀਕਾਂਤ-ਪਿਆਰੇ ਲਾਲ



ਨੇ ਸੰਗੀਤਬੰਧ ਕੀਤਾ ਸੀ। ਉਸਨੇ 'ਸ਼ੋਅਲੇ' ਫ਼ਿਲਮ ਲਈ ਕਿਸ਼ੋਰ ਕੁਮਾਰ ਅਤੇ ਮੰਨਾ ਡੇ ਨਾਲ ਮਿਲ ਕੇ ਇਕ ਕੱਵਾਲੀ ਵੀ ਗਾਈ ਸੀ ਜੋ ਕਿ ਕਿਸੇ ਕਾਰਨ ਕਰਕੇ ਫ਼ਿਲਮ ਦੇ ਨਿਰਮਾਤਾ ਜੀ.ਪੀ.ਸਿੱਪੀ ਨੇ ਫ਼ਿਲਮ ਵਿੱਚ ਸਾਮਿਲ ਹੀ ਨਹੀਂ ਕੀਤੀ ਸੀ। ਇਸ ਤੋਂ ਇਲਾਵਾ 'ਚਰਸ','ਮਹਾਂਚੋਰ' ਅਤੇ ਬਾਲਿਕਾ ਵਧੂ' ਆਦਿ ਫ਼ਿਲਮਾਂ ਲਈ ਵੀ ਉਸਦੇ ਰਚੇ ਤੇ ਗਾਏ ਗੀਤਾਂ ਨੂੰ ਸ਼ਾਮਿਲ ਕੀਤਾ ਗਿਆ ਸੀ।

ਲਕਸ਼ਮੀਕਾਂਤ-ਪਿਆਰੇ ਲਾਲ ਦੀ ਜੋੜੀ ਦੇ ਸੰਗੀਤ ਵਿੱਚ ਤਿੰਨ ਸੌ ਅਤੇ ਆਰ.ਡੀ.ਬਰਮਨ ਦੇ ਸੰਗੀਤ ਵਿਚ ਸੌ ਤੋਂ ਵੱਧ ਗੀਤ ਰਚਣ ਵਾਲੇ ਮਹਾਨ ਗੀਤਕਾਰ ਅਨੰਦ ਬਖ਼ਸੀ ਦੀ ਆਖ਼ਰੀ ਰਿਲੀਜ਼ ਫ਼ਿਲਮ 'ਮਹਿਬੂਬਾ' ਸੀ ਜੋ ਕਿ ਉਸਦੇ ਦੇਹਾਂਤ ਤੋਂ ਬਾਅਦ ਰਿਲੀਜ਼ ਹੋਈ ਸੀ। ਉਸਦੇ ਰਚੇ ਗੀਤਾਂ ਨਾਲ ਸਜੀਆਂ ਬਲਾਕਬਸਟਰ ਫ਼ਿਲਮਾਂ ਵਿਚ ' ਬੌਬੀ','ਅਮਰ ਪ੍ਰੇਮ','ਜੀਨੇ ਕੀ ਰਾਹ','ਸੀਤਾ ਔਰ ਗੀਤਾ','ਸ਼ੋਅਲੇ','ਆਇਆ ਸਾਵਨ ਝੂਮ ਕੇ','ਨਗੀਨਾ','ਦਿਲਵਾਲੇ ਦੁਲਹਨੀਆਂ ਲੇ ਜਾਏਂਗੇ','ਗ਼ਦਰ-ਏਕ ਪ੍ਰੇਮ ਕਥਾ','ਤਾਲ', 'ਮੁਹੱਬਤੇਂ','ਪਰਦੇਸ','ਹੀਰ ਰਾਂਝਾ','ਦੁਸ਼ਮਨ' ਅਤੇ 'ਮੇਰਾ ਗਾਂਵ ਮੇਰਾ ਦੇਸ਼' ਆਦਿ ਦੇ ਨਾਂ ਪ੍ਰਮੁੱਖ ਹਨ। ਗਾਇਕ ਸ਼ੈਲੇਂਦਰ ਸਿੰਘ, ਕੁਮਾਰ ਸਾਨੂ ਅਤੇ ਕਵਿਤਾ ਕ੍ਰਿਸ਼ਨਾ ਮੂਰਤੀ ਦੇ ਕੈਰੀਅਰ ਦਾ ਪਲੇਠਾ ਗੀਤ ਰਚਣ ਵਾਲੇ ਇਸ ਗੀਤਕਾਰ ਦਾ 30 ਮਾਰਚ, 2002 ਨੂੰ ਦੇਹਾਂਤ ਹੋ ਗਿਆ ਸੀ। ਅਨੰਦ ਬਖ਼ਸ਼ੀ ਦੀ ਇਹ ਵਿਸ਼ੇਸ਼ਤਾ ਰਹੀ ਕਿ ਉਸਨੇ ਸ਼ਾਸਤਰੀ ਸੰਗੀਤ ਦੇ ਬੇਤਾਜ ਬਾਦਸ਼ਾਹ ਆਖੇ ਜਾਂਦੇ ਸੰਗੀਤਕਾਰ ਨੌਸ਼ਾਦ ਦੇ ਸੰਗੀਤ ਨਿਰਦੇਸ਼ਨ ਵਿਚ ਵੀ ਗੀਤ ਲਿਖੇ ਤੇ ਆਧੁਨਿਕ ਸੰਗੀਤ ਦੇ ਮਾਹਿਰਾਂ ਜਨਾਬ ਏ.ਆਰ.ਰਹਿਮਾਨ ਅਤੇ ਜਨਾਬ ਨੁਸਰਤ ਫ਼ਤਿਹ ਅਲੀ ਖ਼ਾਂ ਦੇ ਸੰਗੀਤ ਵਿਚ ਵੀ ਸੁਰੀਲੇ ਗੀਤਾਂ ਦੇ ਤੋਹਫ਼ੇ ਸੰਗੀਤ ਪ੍ਰੇਮੀਆਂ ਦੀ ਝੋਲ੍ਹੀ ਪਾਏ ਸਨ।

## ਪਿੱਛੇ ਰਹਿ ਗਿਆ ਚਿੱਠੀਆਂ ਵਾਲਾ ਜ਼ਮਾਨਾ ਕ੍ਰਿਤੀ ਸੈਨਨ

ਸਮੇਂ ਦੇ ਨਾਲ ਪਿਆਰ, ਉਸ ਦੇ ਇਜ਼ਹਾਰ ਅਤੇ ਪਿਆਰ ਨੂੰ ਨਿਭਾਉਣ ' ਦੇ ਤਰੀਕੇ ਬਦਲ ਚੁੱਕੇ ਹਨ। ਚਿੱਠੀਆਂ ਨਾਲ ਪਿਆਰ ਪ੍ਰਗਟਾਉਣ ਵਾਲਾ ਜ਼ਮਾਨਾ ਪਿੱਛੇ ਰਹਿ ਚੁੱਕਾ ਹੈ ਅਤੇ ਹੁਣ ਜ਼ਿਆਦਾਤਰ ਨੌਜਵਾਨ ਡੇਟਿੰਗ ਐਪਸ ਰਾਹੀਂ ਰਿਲੇਸ਼ਨਸ਼ਿਪ ਵਿਚ ਜਾ ਰਹੇ ਹਨ। ਹਾਲਾਂਕਿ, ਅਭਿਨੇਤਰੀ ਕ੍ਰਿਤੀ ਸੈਨਨ ਦਾ ਹਾਲੇ ਵੀ ਭਰੋਸਾ ਪੁਰਾਣੇ ਦੌਰ ਵਾਲੇ ਪਿਆਰ ਵਿਚ ਹੀ ਹੈ।

ਉਨ੍ਹਾਂ ਨੂੰ ਲੱਗਦਾ ਹੈ ਕਿ ਅੱਜ ਦੀ ਪੀੜ੍ਹੀ ਪਿਆਰ ਵਿਚ ਪੈਣ ਤੇ ਦਿਲ ਟੁੱਟਣ ਤੋਂ ਡਰਦੀ ਹੈ ਜਦਕਿ ਇਸ ਤੋਂ ਡਰਨ ਦੀ ਕੋਈ ਲੋੜ ਨਹੀਂ ਹੁੰਦੀ ਹੈ। ਜੋ ਤੁਹਾਡਾ ਹੈ, ਉਹ ਤੁਹਾਡੇ ਕੋਲ ਹੀ ਰਹੇਗਾ ਅਤੇ ਜੋ ਤੁਹਾਡਾ ਨਹੀਂ ਹੈ, ਉਹ - ਫਿਰ ਜਿੱਥੇ ਮਰਜ਼ੀ ਚਲਾ ਜਾਵੇ ਕਿਉਂਕਿ ਉਹ ਤੁਹਾਡੇ ਲਈ ਬਣਿਆ ਹੀ ਨਹੀਂ ਸੀ। ਇਸ ਲਈ ਦਿਲ ਟੁੱਟਣ ਤੋਂ ਡਰਨਾ ਨਹੀਂ ਚਾਹੀਦਾ, ਸਗੋਂ ਤੁਸੀਂ ਇਸ ਨਾਲ ਹੋਰ ਮਜ਼ਬੂਤ ਹੁੰਦੇ ਹੋ ਅਤੇ ਤੁਹਾਡੀ ਸਮਝ ਵਧੇਰੇ ਪਰਪੱਕ ਹੁੰਦੀ ਹੈ।

ਸਮੇਂ ਦੇ ਨਾਲ ਪਿਆਰ ਤੇ ਰਿਲੇਸ਼ਨਸ਼ਿਪ ਵਿਚ ਬਦਲਾਅ 'ਤੇ ਕ੍ਰਿਤੀ ਕਹਿੰਦੀ ਹੈ ਕਿ ਜੇਕਰ ਮੈਂ ਮਜ਼ਬੂਤੀ ਨਾਲ ਆਪਣੀ ਗੱਲ ਕਹਿਣੀ ਹੋਵੇ ਤਾਂ ਮੈਂ ਇਹੀ ਕਹਾਂਗੀ ਕਿ ਅੱਜ ਦੀ ਪੀੜ੍ਹੀ ਪਿਆਰ ਵਿਚ ਪੈਣ ਤੋਂ ਕਾਫੀ ਡਰਦੀ ਹੈ। ਇਹ ਲੋਕ ਕਿਸੇ ਨਾਲ ਪ੍ਰਤੀਬੱਧਤਾ ਨਹੀਂ ਰੱਖਣਾ ਚਾਹੁੰਦੇ ਹਨ। ਲੋਕ ਬਹੁਤ ਛੇਤੀ ਇਕ ਨੂੰ ਛੱਡ ਕੇ ਦੂਜੇ ਨਾਲ ਅੱਗੇ ਵੱਧ ਜਾਂਦੇ ਹਨ। ਹੋ ਸਕਦਾ ਹੈ ਕਿ ਉਨ੍ਹਾਂ ਨੂੰ ਇਹੀ ਸਹੀ ਲੱਗਦਾ ਹੋਵੇ ਪਰ ਪੁਰਾਣੇ ਜ਼ਮਾਨੇ ਵਿਚ ਅਜਿਹਾ ਨਹੀਂ ਸੀ। ਰਿਸ਼ਤਿਆਂ ਦੀ ਤੰਦ ਹੁਣ ਦੇ ਮੁਕਾਬਲੇ ਵਧੇਰੇ ਮਜ਼ਬੂਤ ਸੀ। ਇਕ-ਦੂਜੇ ਦੇ ਪ੍ਰਤੀ ਸਮਝ ਰਾਤੋ-ਰਾਤ ਨਹੀਂ ਆ ਜਾਂਦੀ ਹੈ। ਲੜਾਈਆਂ-ਝਗੜੇ ਸਭ ਕੁਝ ਹੁੰਦਾ ਸੀ ਪਰ ਸਮਾਂ ਪਾ ਕੇ ਇਕ-ਦੂਜੇ ਬਾਰੇ ਪਤਾ ਲੱਗ ਜਾਂਦਾ ਸੀ ਅਤੇ ਫਿਰ ਰਿਸ਼ਤਾ ਪੂਰੀ ਉਮਰ ਲਈ ਚੱਲਦਾ ਸੀ। ਹੁਣ ਤਾਂ ਛੋਟੀਆਂ-ਮੋਟੀਆਂ ਲੜਾਈਆਂ ਹੋਣ 'ਤੇ ਹੀ ਰਿਸ਼ਤੇ ਟੁੱਟ ਜਾਂਦੇ ਹਨ। ਇਕ-ਦੂਜੇ ਨੂੰ ਸਮਝਣ ਦੀ ਕੋਸ਼ਿਸ਼ ਹੀ ਨਹੀਂ ਕੀਤੀ ਜਾਂਦੀ।




UNITED STATES
MICHIGAN
CANTON TOWNSHIP
Gurmat Smagam
2026
DARBAR
SRI GURU GRANTH SAHIB JI
48055 Michigan Ave,
Canton Township, MI 48188
14 AUGUST
FRIDAY
6.45 TO 8.15 PM
Baba Banta Singh Ji
(13th Generation Descendant of Baba Bidhi Chand Ji)
CONTACT ::
+91 84270-88882
Gurdwara +1 (734) 231-1871